

ਮਜਾਜਣਾਂ
ਮੇਰੇ ਪਿੰਡ ਦੀਆਂ
ਬਲਵਿੰਦਰ ਸਿੰਘ
ਫ਼ਤਹਿਪੁਰੀ

ਮਜਾਜਣਾਂ ਮੇਰੇ ਪਿੰਡ ਦੀਆਂ

ਲੇਖਕ ਦੀਆਂ ਹੋਰ ਰਚਨਾਵਾਂ

ਕਾਵਿ-ਸੰਗ੍ਰਹਿ :
- ਲੁੱਟੇ ਗਏ

ਨਿਬੰਧ :
- ਖਰੀਆਂ ਖਰੀਆਂ
- ਸੱਚੀਆਂ ਸੱਚੀਆਂ
- ਮੇਰਾ ਕੁਫ਼ਰਿਸਤਾਨ
- ਮੇਰੇ ਵਤਨ ਦੇ ਲੋਕੋ

ਰੇਖਾ ਚਿਤਰ :
- ਮੇਰੇ ਪਿੰਡ ਦਾ ਸ਼ੁਗਲਸਤਾਨ
- ਮੇਰੇ ਪਿੰਡ ਦੇ ਫ਼ੱਦਰ ਪੁਰਸ਼
- ਮੇਰੇ ਪਿੰਡ ਦੇ ਗੁਰੂ ਘੰਟਾਲ

ਮਜਾਜਣਾਂ
ਮੇਰੇ ਪਿੰਡ ਦੀਆਂ

ਬਲਵਿੰਦਰ ਸਿੰਘ
ਫ਼ਤਹਿਪੁਰੀ

ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ

ਮਿਲਣ ਦਾ ਪਤਾ :
ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ, ਜਲੰਧਰ-144 008

Majajna Mere Pind Dian (Punjabi)
by
Balwinder Singh Fatehpuri

Published By :
Kulwant Singh Suri
Lok Sahitya Prakashan
186, Green Avenue, Amritsar-143 001
Punjab (India)
Ph : 0183-2504784

ISBN : 81-7168-047-X

ਸੰਸਕਰਣ : 2009

ਮੁੱਲ : 275/- ਰੁਪੱਏ

ਮਿਲਣ ਦਾ ਪਤਾ :
ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ
ਫ਼ੋਨ : 0181-2280045, 2284325
e-mail : newbookco@hotmail.com

ਛਾਪਕ :
ਪ੍ਰਿੰਟਵੈੱਲ, ਅੰਮ੍ਰਿਤਸਰ

ਸਮਰਪਣ

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ
ਉਨ੍ਹਾਂ ਪਰਵਾਨਿਆਂ ਨੂੰ
ਜਿਨ੍ਹਾਂ ਨੇ ਇਸ ਵਚਿੱਤਰ ਵਿਰਾਸਤ ਦੇ
ਨਿਕਦਰਿਆਂ ਨੂੰ ਸਰੇ ਬਾਜ਼ਾਰ ਭੰਡਿਆ ਤੇ ਨਕਾਰਿਆ ਹੈ।
ਉਨ੍ਹਾਂ ਨੂੰ ਵੀ ਜੋ ਪੰਜਾਂ ਦਰਿਆਵਾਂ ਦੀ
ਇਸ ਸੋਨ ਧਰਤ ਦੀ ਅਦੁੱਤੀ ਸਭਿਅਤਾ ਨੂੰ
ਪੁਨਰ ਸੁਰਜੀਤ ਕਰਨ ਲਈ
ਵਿਆਕੁਲ ਹਨ।

ਤਰਤੀਬ

ਜੀਵਨ ਬਿਉਰਾ

ਨਾਂ	:	ਬਲਵਿੰਦਰ ਸਿੰਘ ਫਤਹਿਪੁਰੀ
ਦਾਦਾ	:	ਸ: ਗੁਰਦਿੱਤ ਸਿੰਘ ਠੇਕੇਦਾਰ
ਦਾਦੀ	:	ਸ੍ਰੀਮਤੀ ਚੰਦ ਕੌਰ
ਪਿਤਾ	:	ਸ: ਬਿਸ਼ਨ ਸਿੰਘ ਆੜ੍ਹਤੀ
ਮਾਤਾ	:	ਸ੍ਰੀਮਤੀ ਨਰਾਇਣ ਕੌਰ
ਜਨਮ ਅਸਥਾਨ	:	ਸਾਂਗਲਾ ਹਿੱਲਾ, ਬਾਰ, ਸ਼ੇਖੂਪੁਰਾ (ਪਾਕਿਸਤਾਨ)
ਜਨਮ ਤਰੀਕ	:	2 ਨਵੰਬਰ 1944
ਪਿਤਾ ਦਾ ਦੇਹਾਂਤ	:	7 ਅਪਰੈਲ 1982
ਵਿਦਿਆ	:	**ਦਸਵੀਂ**—ਖਾਲਸਾ ਹਾਈ ਸਕੂਲ, ਨਵਾਂ ਪਿੰਡ **ਬੀ.ਏ.**—ਡੀ.ਏ.ਵੀ. ਕਾਲਜ, ਅੰਮ੍ਰਿਤਸਰ **ਐੱਮ.ਏ.** (ਅੰਗਰੇਜ਼ੀ, ਫ਼ਿਲਾਸਫ਼ੀ, ਪੰਜਾਬੀ, ਇਤਿਹਾਸ)
ਕਿੱਤਾ	:	ਅਧਿਆਪਨ
ਕਾਰਜ ਖੇਤਰ	:	ਮੁੱਖ ਅਧਿਆਪਕ ਸ੍ਰੀ ਨਨਕਾਣਾ ਸਾਹਿਬ, ਐੱਸ.ਬੀ.ਐੱਸ. ਹਾਈ ਸਕੂਲ ਫਤਹਿਪੁਰ ਰਾਜਪੂਤਾਂ (ਅੰਮ੍ਰਿਤਸਰ)
ਜੀਵਨ ਸਾਥੀ	:	ਸ੍ਰੀਮਤੀ ਰਤਨਜੀਤ ਕੌਰ ਥਿੰਦ (ਮੁੱਖ ਅਧਿਆਪਿਕਾ, ਪਦ ਮੁਕਤ)
ਗ੍ਰਹਿਸਥ ਪ੍ਰਵੇਸ਼	:	14 ਦਸੰਬਰ 1969
ਵੇਲਾਂ	:	ਡਾ. ਅਮਰਦੀਪ ਸਿੰਘ ਥਿੰਦ, ਪੀ.ਸੀ.ਐੱਸ. (ਅ) ਤਹਿਸੀਲਦਾਰ-I ਡਾ. ਗਗਨਦੀਪ ਸਿੰਘ ਥਿੰਦ, ਐੱਮ.ਐੱਸ.ਐੱਮ.ਸੀ.ਐੱਚ (S)

ਕੁਝ ਮਜਾਜਣਾਂ ਬਾਰੇ

ਪਿੰਡ ਦਾ ਮਰਦ ਹੋਵੇ ਜਾਂ ਤੀਵੀਂ, ਹੱਟਾ ਕੱਟਾ ਹੋਵੇ ਜਾਂ ਮਰੀਅਲ, ਚੌਧਰੀ ਹੋਵੇ ਜਾਂ ਕੰਗਾਲ, ਜੱਟ ਹੋਵੇ ਜਾਂ ਮੁਜਾਰਾ ਮਜ਼ਦੂਰ—ਆਕੜ ਹਰੇਕ ਵਿਚ ਹੁੰਦੀ ਹੈ। ਹਰੇਕ ਨੂੰ ਆਪਣੀ ਜਾਤ ਦਾ ਗੁਮਾਨ ਤੇ ਘੁਮੰਡ ਹੁੰਦਾ ਹੈ। ਪੇਂਡੂ ਤੀਵੀਆਂ ਨੂੰ ਪੁਰਸ਼ਾਂ ਵਾਂਗ ਆਪਣੇ ਪਿੰਡ, ਖ਼ਾਨਦਾਨ ਤੇ ਪੇਕਿਆਂ ਦਾ ਮਾਣ ਹੁੰਦਾ ਹੈ। ਇਸ ਮਾਣ-ਤਾਣ ਨਾਲ ਉਹ ਘੱਟ ਹੀ ਸਮਝੌਤਾ ਕਰਦੀਆਂ ਹਨ। ਉਨ੍ਹਾਂ ਵਿਚ ਮਾਈ ਭਾਗੋ ਵਾਲੀ ਬਿਰਤੀ ਵੀ ਹੁੰਦੀ ਹੈ ਤੇ ਮਹਾਰਾਣੀ ਜਿੰਦਾਂ ਵਰਗੀ ਵੀ। ਲੋੜ ਪੈਣ 'ਤੇ ਉਹ ਚੰਡੀ ਦਾ ਰੂਪ ਵੀ ਧਾਰਨ ਕਰ ਸਕਦੀਆਂ ਹਨ। ਕਿਸੇ ਗੰਭੀਰ ਸੰਕਟ ਨੂੰ ਵੇਖਦਿਆਂ, ਉਹ ਆਪਣੀ ਅਣਖ ਤੇ ਆਬਰੂ ਨੂੰ ਸਲਾਮਤ ਰੱਖਣ ਲਈ ਖੂਹ ਵਿਚ ਛਾਲ ਵੀ ਮਾਰ ਸਕਦੀਆਂ ਹਨ, ਮੌਹਰਾ ਵੀ ਖਾ ਸਕਦੀਆਂ ਹਨ। ਉਨ੍ਹਾਂ ਵਿਚ ਇਕ ਖ਼ਾਸ ਕਿਸਮ ਦਾ ਹਠੀਲਾਪਣ ਹੁੰਦਾ ਹੈ—'ਆਕੜ ਕੇ ਮਰ ਜਾਣਾ, ਦਲੀਆ ਨਹੀਂ ਖਾਣਾ'। ਜੇਕਰ ਦੁਸ਼ਮਣ ਜਾਂ ਕੋਈ ਦੋਖੀ ਉਸ ਨੂੰ ਅਬਲਾ ਸਮਝ ਕੇ ਵੰਗਾਰੇ ਤਾਂ ਉਹ ਵਰ੍ਹਦੀਆਂ ਵਿਚ ਖਲੋ ਕੇ ਇਹ ਕਹਿਣਾ ਵੀ ਜਾਣਦੀ ਹੈ—'ਮੈਂ ਸ਼ੀਹਣੀ ਪੰਜ ਦਰਿਆਵਾਂ ਦੀ ਮੈਨੂੰ ਕੱਲੀ ਨਾ ਜਾਣੀ'। ਮੂੰਹ-ਮੱਥੇ ਲਗਦੀਆਂ ਪੇਂਡੂ ਪੰਜਾਬੀ ਕੁੜੀਆਂ ਦੀ ਮਜਾਜ ਤਾਂ ਸੱਤਾਂ ਕੋਹੜਿਆਂ ਜਿੰਨੀ ਹੁੰਦੀ ਹੈ। ਕੋਈ ਗੱਲ ਕਹਿ ਕੇ ਤਾਂ ਵੇਖੇ—ਬੂਰੇ ਨੂੰ ਉਹਦੇ ਘਰ ਛੱਡਣ ਤਕ ਜਾਂਦੀਆਂ ਹਨ। "ਤੁਹਾਡੀ ਅਸੀ ਤੈਸੀ !"

ਦੂਜੇ ਪਾਸੇ ਉਨ੍ਹਾਂ ਜਿੰਨੀ ਮੋਮਦਿਲੀ ਵੀ ਲੱਭਿਆਂ ਨਹੀਂ ਲੱਭਦੀ। ਪਿਆਰ ਮੋਹ ਨਾਲ ਉਹ ਦੂਜੇ ਦੇ ਵਿਚ ਵੜਨ ਤਕ ਜਾਂਦੀਆਂ ਹਨ। ਮੁੱਖ ਤੌਰ 'ਤੇ ਉਨ੍ਹਾਂ ਦਾ ਸੁਭਾਅ ਜਜ਼ਬਾਤੀ ਤੇ ਪ੍ਰੀਤਾਂ ਭਰਿਆ ਹੁੰਦਾ ਹੈ। ਕਿਸੇ ਨੂੰ ਦਿਲ ਦੇ ਬੈਠਣ ਤਾਂ ਮਰਦੀਆਂ ਮਰ ਜਾਂਦੀਆਂ ਨੇ, ਪਰ ਪਿੱਠ ਨਹੀਂ ਦਿੰਦੀਆਂ। ਉਹ ਭਾਵੇਂ ਕਿਸੇ ਵੀ ਧਰਮ ਜਾਤ ਜਾਂ ਆਰਥਿਕ ਵਰਗ ਨਾਲ ਸੰਬੰਧਤ ਹੋਣ, ਭਾਵਕਤਾ ਪਰਛਾਵੇਂ ਵਾਂਗ ਉਨ੍ਹਾਂ ਦਾ ਪਿੱਛਾ ਕਰਦੀ ਹੈ। ਮੌਜ ਵਿਚ ਹੋਵੇ ਤਾਂ ਹਾਥੀ ਵੀ ਲੰਘਣ ਦੇਵੇ ਪਰ ਜੇਕਰ ਕਿਧਰੇ ਅੜ ਖੜੋਵੇ ਤਾਂ ਇਕ ਸੂਈ ਦਾ ਲੰਘਣਾ ਵੀ ਮੁਹਾਲ ਹੋ ਜਾਂਦਾ ਹੈ। ਉਹ ਆਪਣਿਆਂ ਲਈ ਝਨਾਂ ਵੀ ਤਰ ਸਕਦੀ ਹੈ, ਬੱਕੀ 'ਤੇ ਬਹਿ ਕੇ ਘਰ-ਘਾਟ ਵੀ ਛੱਡ ਸਕਦੀ ਹੈ ਅਤੇ ਬਲੋਚਾਂ ਦਾ ਪਿੱਛਾ ਵੀ ਕਰ ਸਕਦੀ ਹੈ।

ਮਜਾਜਣਾਂ ਵਿਚ ਮੈਂ ਕੁਝ ਅਜਿਹੀਆਂ ਕਿਸਮ ਦੀਆਂ ਔਰਤਾਂ ਦਾ ਜ਼ਿਕਰ ਕੀਤਾ ਹੈ ਜਿਹੜੀਆਂ ਜ਼ਿੰਦਗੀ ਦੇ ਸੰਘਰਸ਼ ਵਿਚ ਅਡੋਲ ਰਹਿੰਦੀਆਂ ਹਨ। ਬਿਪਤਾ ਜਾਂ ਸੰਕਟਮਈ

ਘੜੀ ਦੌਰਾਨ ਉਹ ਹੌਸਲਾ ਨਹੀਂ ਹਾਰਦੀਆਂ ਸਗੋਂ ਮਰਦਾਂ ਨਾਲੋਂ ਵਧ ਕੇ ਪੈਰ ਬੰਨ੍ਹ ਕੇ ਜੂਝਦੀਆਂ ਹਨ। ਮੈਦਾਨ ਨਹੀਂ ਛੱਡਦੀਆਂ। ਪਿਆਰੋ ਦੇ ਪਤੀ ਨੂੰ ਪਿੰਡ ਦੇ ਲੋਕ ਮੀਣੀ ਘੁੱਗੀ ਆਖਦੇ ਹਨ ਪਰ ਉਸਦਾ ਕਿਰਦਾਰ ਪਿੰਡ ਦੇ ਮਰਦਾਂ ਲਈ ਮਿਸਾਲੀ ਹੈ। ਉਹ ਪਤੀ ਦੀਆਂ ਕਮਜ਼ੋਰੀਆਂ ਨੂੰ ਬੜੀ ਦਲੇਰੀ ਨਾਲ ਢੱਕ ਲੈਂਦੀ ਹੈ ਅਤੇ ਸ਼ਰੀਕਾਂ ਅੱਗੇ ਆਪਣਾ ਸਿਰ ਨੀਵਾਂ ਨਹੀਂ ਹੋਣ ਦਿੰਦੀ। ਏਸੇ ਤਰ੍ਹਾਂ ਰੇਖਾ ਰਾਣੀ, ਸਰਪੰਚਣੀ ਦਿਆਲ ਕੌਰ ਤੇ ਪਾਸ਼ੋ ਪਰਜਾਪਤਣੀ ਆਪਣੇ-ਆਪਣੇ ਪਰਿਵਾਰਾਂ ਦੀ ਕੰਡ ਨਹੀਂ ਲੱਗਣ ਦਿੰਦੀਆਂ। ਧੀਰੋ, ਪਿਆਰੋ, ਫੌਜਣ, ਨਸੀਬੋ ਤੇ ਬੀਰੋ ਅਣਖੀਲੀਆਂ ਤੇ ਉਲੱਥ ਹਨ। ਇਸੇ ਤਰ੍ਹਾਂ ਮੈਡਮ ਨਿਹਾਲੋ, ਮਿਤਰੋ ਤੇ ਕਾਮਰੇਡ ਬਾਜੋ ਪੂਰੀ ਮੜਕ ਨਾਲ ਸਮਾਜ ਵਿਚ ਮਰਦਾਂ ਦੇ ਨਾਲ ਵਿਚਰਦੀਆਂ ਹਨ। ਉਹ ਆਪਣੇ ਫ਼ਰਜ਼ਾਂ ਨੂੰ ਨਿਭਾਉਂਦੀਆਂ ਹੋਈਆਂ ਆਪਣੇ ਹੱਕਾਂ ਲਈ ਜੂਝਦੀਆਂ ਹਨ ਜਿਹੜੇ ਮਰਦਾਂ ਨੇ ਉਨ੍ਹਾਂ ਕੋਲੋਂ ਸਦੀਆਂ ਦੇ ਖੋਹੇ ਹੋਏ ਹਨ। ਮਰਦ ਪ੍ਰਧਾਨ ਸਮਾਜ ਵਿਚ ਪਾਸ਼ੋ, ਸੁਖ ਸਿਮਰਨ, ਦੀਪੋ, ਰਾਮੋ ਲੂੰਬੜੀ ਤੇ ਸ਼ਮਿੰਦਰ ਵਾਂਗ ਆਪਣੀਆਂ ਮਨ-ਆਈਆਂ ਕਰਦੀਆਂ ਹਨ ਅਤੇ ਵਿਗੜੇ-ਤਿਗੜੇ ਚੋਬਰਾਂ ਨੂੰ ਜੁੱਤੀ ਵਿਖਾਉਂਦੀਆਂ ਹਨ।

ਇਹ ਮਜਾਜਣਾਂ ਦੇ ਵੱਖ-ਵੱਖ ਰੂਪ ਹਨ। ਪੇਂਡੂ ਸਮਾਜ ਦੀ ਰੁੱਖੀ ਤੇ ਬੋਝਲ ਜ਼ਿੰਦਗੀ ਵਿਚ ਇਹ ਰੌਚਕਤਾ ਭਰਦੀਆਂ ਹਨ। ਕਮਜ਼ੋਰ ਔਰਤਾਂ ਲਈ ਇਹ ਪ੍ਰੇਰਨਾ ਦਾ ਸਰੋਤ ਹਨ। ਜਦੋਂ ਇਨ੍ਹਾਂ ਵਿਚੋਂ ਕਿਸੇ ਦਾ ਪਤੀ ਕਮਜ਼ੋਰ ਜਾਂ ਨਿਗੱਲਾ ਹੋਵੇ ਤਾਂ ਇਹ ਔਰਤਾਂ ਵੇਲੇ ਨੂੰ ਸੰਭਾਲਦੀਆਂ ਹੋਈਆਂ, ਘਰ ਨੂੰ ਸਾਬਤ ਰੱਖਣ ਲਈ ਥੰਮ੍ਹ ਵਾਂਗ ਖਲੋ ਜਾਂਦੀਆਂ ਹਨ। ਇਨ੍ਹਾਂ ਔਰਤਾਂ ਦੀ ਹੋਂਦ ਭਾਵੇਂ ਸੀਮਤ ਦਾਇਰੇ ਤਕ ਮਹਿਦੂਦ ਹੈ ਪਰ ਇਨ੍ਹਾਂ ਵਿਚ ਮਾਨਵਤਾ ਦੀ ਧੜਕਣ ਚਾਰੇ ਕੂਟਾਂ ਵਿਚ ਪ੍ਰਸਿੱਧ ਸ਼ਹਿਰੀ ਔਰਤਾਂ ਨਾਲੋਂ ਕਿਤੇ ਜ਼ਿਆਦਾ ਤੇ ਤੀਬਰ ਹੈ। ਆਪਣੇ ਲੋਕਾਂ ਤੇ ਸਾਕਾਂ ਸੰਬੰਧੀਆਂ ਦੀ ਸਿਮਰਤੀ ਵਿਚ ਇਨ੍ਹਾਂ ਮਜਾਜਣਾਂ ਦੀ ਯਾਦ ਪੀੜ੍ਹੀ ਦਰ ਪੀੜ੍ਹੀ ਜੀਵਤ ਰਹੇਗੀ। ਇਨ੍ਹਾਂ ਮਾਨਵਵਾਦੀ ਖਾਮੀਆਂਤੇ ਖ਼ੂਬੀਆਂ ਨਾਲ ਭਰਪੂਰ ਪੇਂਡੂ ਔਰਤਾਂ ਦਾ ਚਿਤਰਣ ਮੈਂ ਉਨ੍ਹਾਂ ਦੀ ਠੇਠ ਮਝੈਲ ਭਾਸ਼ਾ ਵਿਚ ਕਰ ਰਿਹਾ ਹਾਂ।

-ਲੇਖਕ

ਨਸੀਬੋ

'ਤੈਨੂੰ ਪੀਣਗੇ ਨਸੀਬਾਂ ਵਾਲੇ ਨੀ ਨਸ਼ੇ ਦੀਏ ਬੰਦ ਬੋਤਲੇ'

ਨਸੀਬੋ ਸਾਡੇ ਲਾਗਲੇ ਪਿੰਡ ਨੰਗਲ ਦੇ ਜਗਤ ਸਿੰਘ ਰਾਜੇ ਦੀ ਧੀ ਸੀ। ਉਹ ਜਦੋਂ ਸਕੂਲ ਪੜ੍ਹਦੀ ਸੀ ਤਾਂ ਉਸਦੇ ਹੁਸਨ ਦੀ ਚਰਚਾ ਹੋਣੀ ਸ਼ੁਰੂ ਹੋ ਗਈ ਸੀ। ਉਸਦਾ ਰੰਗ ਮਾਲਟੇ ਵਰਗਾ, ਅੱਖਾਂ ਮੋਟੀਆਂ ਤੇ ਸ਼ਰਬਤੀ, ਦੰਦ ਮੋਤੀਆਂ ਵਰਗੇ ਅਤੇ ਕੱਦ ਸਰੂ ਵਰਗਾ ਲੰਮਾ ਸੀ। ਪਿੰਡਾਂ ਵਿਚ ਨੈਣ ਦੀ ਅੱਖ ਤੇ ਤੋਰ ਦੀਆਂ ਤਸ਼ਬੀਹਾਂ ਦੇਂਦੇ ਹਨ ਪਰ ਨਸੀਬੋ ਇਨ੍ਹਾਂ ਸਭ ਖ਼ੂਬੀਆਂ ਦੀ ਨੁਮਾਇੰਦਗੀ ਕਰਦੀ ਸੀ। ਜਿਹੜਾ ਉਸ ਨੂੰ ਇਕ ਵਾਰ ਵੇਖ ਲੈਂਦਾ, ਬਸ ਵੇਖਦਾ ਹੀ ਰਹਿ ਜਾਂਦਾ ਤੇ ਬਾਰ-ਬਾਰ ਵੇਖਣ ਲਈ ਕੋਸ਼ਿਸ਼ਾਂ ਕਰਦਾ ਰਹਿੰਦਾ। ਕਈ ਮਾਸਟਰ ਵੇਖਣ ਦੇ ਬਹਾਨੇ ਉਹਨੂੰ ਟਿਊਸ਼ਨ ਪੜ੍ਹਾਉਣ ਲਈ ਬੁਲਾਉਂਦੇ ਅਤੇ ਫ਼ੀਸ ਸਭ ਦੇ ਸਾਹਮਣੇ ਲੈ ਕੇ ਚੋਰੀ-ਛਿਪੀਂ ਉਸ ਨੂੰ ਵਾਪਸ ਕਰ ਦੇਂਦੇ। ਕਈ ਮੁੰਡੇ ਉਸ ਨੂੰ ਭੈਣ ਜੀ ਭੈਣ ਜੀ ਕਹਿੰਦੇ ਨਹੀਂ ਸਨ ਥੱਕਦੇ। ਪਰ ਵਿਚੋਂ ਵਿਚ ਉਹ ਉਸ ਨੂੰ ਆਪਣੀ ਬਣਾਉਣਾ ਚਾਹੁੰਦੇ ਸਨ। ਉਸਦੇ ਚਿਹਰੇ ਦਾ ਜਲਾਲ ਅਜਿਹਾ ਸੀ ਕਿ ਬਹੁਤੇ ਉਸਦੀ ਝਾਲ ਨਹੀਂ ਝੱਲ ਸਕਦੇ ਸਨ। ਉਸ ਨੂੰ ਲੁਕ-ਲੁਕ ਵੇਖਦੇ ਰਹਿੰਦੇ ਸਨ।

ਇਕ ਵਾਰ ਜਦੋਂ ਉਹ ਨੌਵੀਂ ਜਮਾਤ ਵਿਚ ਪੜ੍ਹਦੀ ਸੀ ਤਾਂ ਇਕ ਜਮਾਤੀ ਮੁੰਡੇ ਨੇ ਉਸ ਨੂੰ ਇਕ ਭੱਦਾ ਜਿਹਾ ਮਜ਼ਾਕ ਕੀਤਾ। ਨਸੀਬੋ ਨੇ ਚੱਪਲਾਂ ਨਾਲ ਉਸਦੀ ਸੇਵਾ ਕੀਤੀ। ਆਮ ਤੌਰ 'ਤੇ ਮੁੰਡੇ ਉਸਦੇ ਮੂੰਹ 'ਤੇ ਕੋਈ ਨਿੰਦਿਆ ਚੁਗਲੀ ਜਾਂ ਉਪਮਾ ਕਰਨ ਤੋਂ ਤ੍ਰਬਕਦੇ ਸਨ। ਉਸਦੀ ਤੱਕਣੀ ਵਿਚ ਬੜਾ ਰੋਹਬ ਸੀ ਜਿਸ ਕਰਕੇ ਕੋਈ ਮਾਝਾ ਗਾਮਾ ਉਸਦੇ ਨੇੜੇ ਨਹੀਂ ਸੀ ਫੜਕ ਸਕਦਾ। ਸਾਡੇ ਪਿੰਡ ਦੇ ਸ਼ਾਹਾਂ ਦਾ ਮੁੰਡਾ ਜੋਗੀ ਨਸੀਬੋ ਨਾਲ ਦਸਵੀਂ ਵਿਚ ਪੜ੍ਹਦਾ ਸੀ। ਪਹਿਲਾਂ ਉਹ ਸ਼ਹਿਰ ਕਿਸੇ ਸਕੂਲ ਵਿਚ ਪੜ੍ਹਦਾ ਸੀ ਅਤੇ ਨਸੀਬੋ ਦੀ ਸੋਭਾ ਸੁਣ ਕੇ ਉਹ ਖਾਲਸਾ ਸਕੂਲ ਵਿਚ ਦਾਖ਼ਲ ਹੋ ਗਿਆ ਸੀ। ਆਉਂਦਿਆਂ ਹੀ ਉਸਦਾ ਪੇਚਾ ਨਸੀਬੋ ਨਾਲ ਪੈ ਗਿਆ। ਉਹ ਮੁੰਡਿਆਂ ਵਿਚ ਸਭ ਤੋਂ ਲੰਮਾ ਤੇ ਸੋਹਣਾ ਸੀ। ਬਾਕੀ ਮੁੰਡੇ ਨਸੀਬੋ ਵੱਲ ਖਿੱਚੇ ਆਉਂਦੇ ਸਨ ਪਰ ਨਸੀਬੋ ਜੋਗੀ ਵੱਲ ਖਿੱਚੀ ਗਈ ਸੀ। ਬਾਕੀ ਮੁੰਡੇ ਨਸੀਬੋ ਨਾਲ ਗੱਲਬਾਤ ਕਰਨ ਦਾ ਬਹਾਨਾ ਲੱਭਦੇ ਰਹਿੰਦੇ ਸਨ ਪਰ ਇਧਰ ਨਸੀਬੋ ਜੋਗੀ ਨਾਲ ਬੋਲ ਸਾਂਝੇ ਕਰਨ ਦੇ ਬਹਾਨੇ ਲੱਭਦੀ ਰਹਿੰਦੀ ਸੀ। ਦਸਵੀਂ ਪਾਸ ਕਰਨ ਤੋਂ ਪਹਿਲਾਂ ਦੋਵਾਂ ਨੇ ਇਕ ਦਿਨ ਦਰਬਾਰ ਸਾਹਿਬ ਜਾ ਕੇ, ਇਕ ਦੂਜੇ ਦੇ ਨਾਲ ਜਨਮ-ਜਨਮ ਦੇ ਸਾਥੀ ਬਣਨ ਦੀਆਂ ਸੁਗੰਧਾਂ ਖਾ ਲਈਆਂ ਸਨ।

ਛੇਤੀ ਹੀ ਸਾਰੇ ਸਕੂਲ ਵਿਚ ਜੋਗੀ ਨਸੀਬੋ ਦੇ ਸੰਬੰਧਾਂ ਦੀ ਚਰਚਾ ਹੋਣ ਲੱਗੀ। ਇਹ ਗੱਲ ਮੁੱਖਅਧਿਆਪਕ ਦੇ ਕੰਨਾਂ ਤਕ ਵੀ ਪਹੁੰਚ ਗਈ। ਉਸਨੇ ਦੋਹਾਂ ਨੂੰ ਵੱਖਰਾ-ਵੱਖਰਾ ਦਫ਼ਤਰ ਬੁਲਾ ਕੇ ਝਾੜ ਪਾਈ ਅਤੇ ਅੱਗੋਂ ਤੋਂ ਸਕੂਲ ਦੇ ਅਹਾਤੇ ਵਿਚ ਮਿਲਣ ਦੀ ਸਖ਼ਤ ਮਨਾਹੀ ਕਰ ਦਿੱਤੀ ਪਰ ਹੁਣ ਤਕ ਤਾਂ ਉਹ ਇਕ ਦੂਜੇ ਨੂੰ ਬਿਨ ਮਿਲਿਆਂ ਹੀ ਮਿਲ ਲੈਂਦੇ ਸਨ। ਨਜ਼ਰਾਂ ਦੇ ਜਾਮਾਂ ਨਾਲ ਹੀ ਉਹ ਗੁਜ਼ਾਰਾ ਕਰ ਲੈਂਦੇ। ਜੇਕਰ ਬਹੁਤ ਜ਼ਰੂਰੀ ਕੰਮ ਹੁੰਦਾ ਤਾਂ ਉਹ ਇਕ ਜਮਾਤਣ ਦੇ ਘਰ ਜਾ ਕੇ ਨਸੀਬੋ ਨੂੰ ਮਿਲ ਲੈਂਦਾ ਸੀ। ਨਸੀਬੋ ਦੇ ਮਰਦ ਅਧਿਆਪਕ ਉਸਦੀ ਮਦਦ ਕਰਕੇ ਉਸਦੀ ਸੰਗਤ ਮਾਨਣਾ ਚਾਹੁੰਦੇ ਸਨ। ਮੁੱਖ ਅਧਿਆਪਕ ਤੋਂ ਡਰਦੇ ਉਹ ਉਸ ਨੂੰ ਸ਼ਰੇਆਮ ਮਿਲਣ ਤੋਂ ਕਤਰਾਉਂਦੇ ਸਨ। ਕਈ ਅਧਿਆਪਕ ਉਸਦੇ ਘਰ ਚਲੇ ਜਾਂਦੇ ਅਤੇ ਨਸੀਬੋ ਦੀ ਅਗਲੇਰੀ ਪੜ੍ਹਾਈ ਦੀ ਚਰਚਾ ਕਰਦੇ। ਕਈ ਉਸਦਾ ਰਿਸ਼ਤਾ ਆਪਣੇ ਕਿਸੇ ਰਿਸ਼ਤੇਦਾਰ ਨਾਲ ਕਰਾਉਣ ਦੀ ਸਿਫ਼ਾਰਸ਼ ਕਰਦੇ। ਨਸੀਬੋ ਦੇ ਹੁਸੀਨ ਹੋਣ ਕਰਕੇ ਹੀ ਨੌਜਵਾਨ ਲੜਕੇ ਨਸੀਬੋ ਦੇ ਭਰਾ ਅਤੇ ਬਾਪ ਦੀ ਬੜੀ ਗੁੱਡੀ ਬੰਨ੍ਹਦੇ ਅਤੇ ਉਨ੍ਹਾਂ ਨਾਲ ਗੱਪ-ਸ਼ੱਪ ਕਰਕੇ ਆਪਣਾ ਝੱਸ ਪੂਰਾ ਕਰ ਲੈਂਦੇ।

ਦਸਵੀਂ ਪਾਸ ਕਰਨ ਉਪਰੰਤ ਨਸੀਬੋ ਦੇ ਬਾਪ ਨੇ ਉਸਦਾ ਤੁਰੰਤ ਵਿਆਹ ਕਰਨ ਬਾਰੇ ਸੋਚਿਆ। ਪਰ ਨਸੀਬੋ ਹੋਰ ਪੜ੍ਹਨਾ ਚਾਹੁੰਦੀ ਸੀ। ਪਰ ਜਗਤੇ ਦੀ ਬਰਾਦਰੀ ਵਿਚ ਕੁੜੀਆਂ ਨੂੰ ਸ਼ਹਿਰ ਪੜ੍ਹਾਉਣ ਦਾ ਰਿਵਾਜ ਨਹੀਂ ਸੀ। ਉਧਰ ਜੋਗੀ ਉਚੇਰੀ ਪੜ੍ਹਾਈ ਲਈ ਖਾਲਸਾ ਕਾਲਜ ਦਾਖ਼ਲ ਹੋ ਗਿਆ। ਉਸਨੇ ਨਸੀਬੋ ਨੂੰ ਵੀ ਪੜ੍ਹਾਈ ਜਾਰੀ ਰੱਖਣ ਲਈ ਪ੍ਰੇਰਿਆ ਪਰ ਜਗਤਾ ਨਾ ਮੰਨਿਆ। ਉਸਦੇ ਹੱਥ ਮਜਬੂਤ ਕਰਨ ਲਈ ਉਸ ਕੋਲ ਕੋਈ ਹੁਨਰ ਹੋਣਾ ਲਾਜ਼ਮੀ ਸੀ। ਇਸ ਲਈ ਮਾਂ ਦੇ ਕਹਿਣ 'ਤੇ ਉਸਦੇ ਬਾਪ ਨੇ ਉਸ ਨੂੰ ਸ਼ਹਿਰ ਦੇ ਇਕ ਸਿਲਾਈ ਕੇਂਦਰ ਵਿਚ ਭਰਤੀ ਕਰਵਾ ਦਿੱਤਾ। ਦੋਹਾਂ ਦੇ ਮਿਲਣ ਦਾ ਰਸਤਾ ਖੁੱਲ੍ਹ ਗਿਆ। ਉਹ ਦੋਵੇਂ ਕਿਸੇ ਨਾ ਕਿਸੇ ਬਹਾਨੇ ਇਕ ਦੂਜੇ ਨੂੰ ਜੋਗੀ ਦੇ ਕਮਰੇ ਵਿਚ ਮਿਲ ਪੈਂਦੇ। ਜੋਗੀ ਦੇ ਸ਼ਹਿਰ ਰਹਿਣ ਲਈ ਇਹ ਕਮਰਾ ਕਿਰਾਏ 'ਤੇ ਲਿਆ ਹੋਇਆ ਸੀ। ਕਦੀ-ਕਦੀ ਉਹ ਦਰਬਾਰ ਸਾਹਿਬ ਵੀ ਇਕ-ਦੂਜੇ ਨੂੰ ਸ਼ਰੇਆਮ ਮਿਲ ਲੈਂਦੇ। ਉਸਦੇ ਚਾਹੁਣ ਵਾਲਿਆਂ ਦੀ ਘਾਟ ਨਹੀਂ ਸੀ। ਉਹ ਨਸੀਬੋ ਦੇ ਮਗਰ-ਮਗਰ ਉਸਦਾ ਖੁਰਾ ਨਾਪਦੇ ਫਿਰਦੇ ਸਨ। ਇਸ ਲਈ ਉਨ੍ਹਾਂ ਨੂੰ ਇਕੱਠਿਆਂ ਦਰਬਾਰ ਸਾਹਿਬ ਵੇਖ ਕੇ, ਕਿਸੇ ਨੇ ਜਗਤੇ ਰਾਜੇ ਕੋਲ ਉਨ੍ਹਾਂ ਦੀ ਸ਼ਿਕਾਇਤ ਕੀਤੀ। ਜਗਤੇ ਨੇ ਉਸ ਨੂੰ ਗੱਲਾਂ-ਬਾਤਾਂ ਨਾਲ ਬਹੁਤ ਝਾੜਿਆ ਵਰਜਿਆ ਪਰ ਉਹ ਨਾ ਮਿਲਣ ਦੀਆਂ ਝੂਠੀਆਂ ਸੁਗੰਧਾਂ ਖਾ ਕੇ ਫਿਰ ਜੋਗੀ ਨੂੰ ਜਾ ਮਿਲਦੀ। ਜੋਗੀ ਦੇ ਕਮਰੇ ਵਿਚ ਜੋਗੀ ਨਸੀਬੋ ਨਾਲ ਖੁੱਲਾਂ ਲੈਣ ਲੱਗ ਪਿਆ ਸੀ। ਭਾਵੇਂ ਨਸੀਬੋ ਉਸ ਨੂੰ ਅਜਿਹੀਆਂ ਖੁੱਲ੍ਹਾਂ ਲੈਣ ਤੋਂ ਰੋਕਦੀ ਸੀ ਪਰ ਜੋਗੀ ਨਸੀਬੋ ਨੂੰ ਇਕੱਲਿਆਂ ਵੇਖ ਕੇ ਚਾਂਭਲ ਉਠਦਾ ਸੀ।

ਨਸੀਬੋ ਦਾ ਇਕ ਸਾਲ ਦਾ ਕੋਰਸ ਪਤਾ ਨਹੀਂ ਕਿਹੜੇ ਵੇਲੇ ਖ਼ਤਮ ਹੋਣ ਨੇੜੇ ਆ ਗਿਆ। ਦੋਵੇਂ ਕਈ ਵਾਰ ਪੜ੍ਹਨ ਜਾਣ ਤੋਂ ਬਿਨਾਂ ਸਿੱਧੇ ਕਮਰੇ ਵਿਚ ਹੀ ਚਲੇ ਜਾਂਦੇ। ਉਹ ਬਹੁਤ ਕਾਹਲੇ ਵਗ ਰਹੇ ਸਨ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਕੁਝ ਦਿਨ ਬਾਅਦ ਨਸੀਬੋ ਨੇ ਘਰ

ਚਲੇ ਜਾਣਾ ਸੀ। ਉਹ ਦਿਨ ਵੀ ਆ ਗਿਆ। ਉਸਦੇ ਬਾਪ ਨੇ ਨਸੀਬੋ ਨੂੰ ਇਕ ਬਰਾਦਰੀ ਦੇ ਸਿਪਾਹੀ ਮੁੰਡੇ ਨਾਲ ਮੰਗ ਦਿੱਤਾ ਅਤੇ ਵਿਆਹ ਦੀ ਤਰੀਕ ਵੀ ਮਿਥ ਲਈ। ਨਸੀਬੋ ਨੇ ਪਹਿਲੀ ਵਾਰ ਆਪਣੀ ਮਾਂ ਨੂੰ ਜੋਗੀ ਨਾਲ ਆਪਣੇ ਸੰਬੰਧਾਂ ਬਾਰੇ ਦੱਸਿਆ ਅਤੇ ਉਸ ਨਾਲ ਹੀ ਵਿਆਹ ਕਰਾਉਣ ਦਾ ਇਰਾਦਾ ਦੱਸਿਆ। ਮਾਂ ਨੇ ਉਸ ਨੂੰ ਬਹੁਤ ਝਿੜਕਿਆ। ਪਰ ਜਦੋਂ ਉਸਦੇ ਬਾਪ ਨੂੰ ਇਸ ਦੀ ਖ਼ਬਰ ਮਿਲੀ ਤਾਂ ਉਸਨੇ ਨਸੀਬੋ ਦੀ ਇਕ ਨਾ ਸੁਣੀ ਅਤੇ ਉਸ ਨੂੰ ਅੰਦਰ ਵਾੜ ਕੇ ਬਹੁਤ ਝੰਬਿਆ ਪਰ ਉਹ ਫਿਰ ਵੀ ਜੋਗੀ ਨਾਲ ਵਿਆਹ ਕਰਾਉਣ ਬਾਰੇ ਬਜ਼ਿਦ ਸੀ। ਉਸਦੇ ਬਾਪ ਨੇ ਉਸ ਨੂੰ ਆਖਿਆ—ਸ਼ੁਦੈਣੇ ਇਹ ਜੱਟ ਸਾਨੂੰ ਬਹੁਤ ਨੀਵੀਂ ਜਾਤ ਸਮਝਦੇ ਨੇ। ਅਸੀਂ ਤਾਂ ਏਨ੍ਹਾਂ ਦੇ ਕੰਮੀ ਆਂ। ਏਹ ਤੈਨੂੰ ਕਿਵੇਂ ਆਪਣੀ ਨੂੰਹ ਮੰਨਣਗੇ ? ਜੱਟਾਂ ਦੀਆਂ ਕੁੜੀਆਂ ਮਰ ਗਈਆਂ ਨੇ ? ਏਹ ਤੈਨੂੰ ਖੱਜਲ ਖ਼ਰਾਬ ਕਰ ਸਕਦੇ ਨੇ, ਆਪਣੀ ਨੂੰਹ ਨਹੀਂ ਬਣਾ ਸਕਦੇ। ਤੂੰ ਨਹੀਂ ਏਨ੍ਹਾਂ ਨੂੰ ਸਮਝਦੀ। ਪਰ ਨਸੀਬੋ ਨੂੰ ਇਹ ਗੱਲਾਂ ਕਹਾਣੀਆਂ ਪ੍ਰਤੀਤ ਹੁੰਦੀਆਂ ਸਨ। ਉਹ ਜੋਗੀ ਤੋਂ ਬਿਨਾਂ ਹਰਗਿਜ਼ ਨਹੀਂ ਸੀ ਰਹਿ ਸਕਦੀ।

ਉਧਰ ਜੋਗੀ ਨੇ ਜਦੋਂ ਆਪਣੇ ਬੁੱਢੇ ਨਾਲ ਇਸ ਰਿਸ਼ਤੇ ਦੀ ਗੱਲ ਛੇੜੀ ਤਾਂ ਉਸਦੇ ਬਾਪ ਨੇ ਉਸ ਨੂੰ ਨਸੀਹਤਾਂ ਦੇਂਦੇ ਹੋਏ ਆਖਿਆ—ਕਮਲਿਆ ! ਸਿਆਣਾ ਬੰਦਾ ਆਪਣੀ ਜਾਤ ਤੋਂ ਬਾਹਰ ਨਹੀਂ ਜਾਂਦਾ। ਜੇ ਜਾਣਾ ਵੀ ਹੋਵੇ ਤਾ ਆਪਣੇ ਤੋਂ ਉੱਚੀ ਜਾਤ ਵੱਲ ਜਾਈਦਾ ਏ। ਟੁੱਟੀਆਂ-ਭੱਜੀਆਂ ਜਾਤਾਂ ਨਾਲ ਨਾਤੇ ਜੋੜਨ ਨਾਲ ਬੰਦਾ ਕਿਸੇ ਥਾਂ ਦਾ ਨਹੀਂ ਰਹਿੰਦਾ। ਰਾਜੇ ਤਾਂ ਸਾਡੇ ਕੰਮੀ ਨੇ। ਕੰਮੀਆਂ ਦੀ ਕੁੜੀ ਸਾਡੀ ਨੂੰਹ ਬਣੇ, ਏਹ ਕਿਸੇ ਨੂੰ ਮੰਜ਼ੂਰ ਨਹੀਂ ਹੋਵੇਗਾ। ਸਾਰੀ ਉਮਰ ਸ਼ਰੀਕਾਂ ਦੇ ਮਿਹਣੇ ਈ ਖਾਂਦਾ ਰਵ੍ਹੇਂਗਾ। ਜੇਕਰ ਅੰਗਾਂ ਸਾਕਾਂ ਨਾਲ ਵਰਤਣਾ ਈ ਤਾਂ ਏਦਾਂ ਸੁਪਨੇ ਵਿਚ ਵੀ ਨਾ ਸੋਚੀਂ। ਤੇਰੀ ਜ਼ਮੀਨ ਜਾਇਦਾਦ ਫੂਕਿਆਂ ਨਹੀਂ ਮੁੱਕਦੀ। ਏਹ ਕੰਮ ਤਾਂ ਉਹ ਕਰਨ ਜਿਨ੍ਹਾਂ ਦਾ ਕੋਈ ਘਰ ਘਾਟ ਨਹੀਂ। ਤੇਰਾ ਤਾਂ ਸੁਖ ਨਾਲ ਸਭ ਕੁਝ ਈ ਏ। ਜੋਗੀ ਦੇ ਤਾਏ ਦੀ ਕੋਈ ਔਲਾਦ ਨਹੀਂ ਸੀ। ਉਸਦੀ ਨਾਵਲਦ ਢੇਰੀ ਵੀ ਉਸਦੇ ਲੇਖੇ ਲੱਗਣੀ ਸੀ। ਇਸ ਲਈ ਉਸਦੇ ਤਾਏ ਨੇ ਵੀ ਉਸ ਨੂੰ ਜਾਤ-ਕੁਜਾਤ ਨਾਲ ਸ਼ਾਦੀ ਕਰਨ ਤੋਂ ਰੋਕਿਆ ਪਰ ਜੋਗੀ ਆਪਣੀ ਗੱਲ 'ਤੇ ਅੜਿਆ ਰਿਹਾ। ਇਕ ਦਿਨ ਉਸਦੇ ਬਾਪ ਤੇ ਤਾਏ ਨੇ ਉਸ ਨੂੰ ਕੋਲ ਬੁਲਾ ਕੇ ਦਬਕਾ ਮਾਰਿਆ ਕਿ ਜੇਕਰ ਉਸਨੇ ਰਾਜਿਆਂ ਦੀ ਛੋਕਰੀ ਨਾਲ ਵਿਆਹ ਕਰਾਉਣ ਦੀ ਹਮਾਕਤ ਕੀਤੀ ਤਾਂ ਉਹ ਉਸ ਨੂੰ ਬੇਦਖ਼ਲ ਕਰ ਦੇਣਗੇ। ਜੋਗੀ ਘਰਦਿਆਂ ਦੀਆਂ ਨਸੀਹਤਾਂ ਤੇ ਦਬਕਿਆਂ ਨਾਲ ਨਿੱਸਲ ਹੋ ਗਿਆ ਤੇ ਉਸਨੇ ਨਸੀਬੋ ਨਾਲ ਕੇਵਲ ਸਰੀਰਕ ਸੰਬੰਧ ਕਾਇਮ ਰੱਖਣ ਬਾਰੇ ਸੋਚਿਆ ਪਰ ਵਿਆਹ ਕਰਾਉਣ ਦਾ ਇਰਾਦਾ ਲਗਪਗ ਤਿਆਗ ਦਿੱਤਾ।

ਆਪਣੇ ਇਕ ਸਾਂਝੇ ਮਿੱਤਰ ਦੀ ਮਦਦ ਨਾਲ ਉਹ ਦੋਵੇਂ ਦਰਬਾਰ ਸਾਹਿਬ ਮਿਲੇ। ਦੋਹਾਂ ਨੇ ਆਪੋ-ਆਪਣੇ ਪਰਿਵਾਰਾਂ ਦੀ ਸਥਿਤੀ ਬਾਰੇ ਚਰਚਾ ਕੀਤੀ। ਨਸੀਬੋ ਦੇ ਬੱਚਾ ਹੋਣ ਵਾਲਾ ਸੀ। ਉਸਨੇ ਇਸਦਾ ਭੇਦ ਜੋਗੀ ਕੋਲ ਖੋਲ੍ਹਿਆ। ਜੋਗੀ ਨੇ ਉਸ ਨੂੰ ਇਸਦੀ ਸਫ਼ਾਈ ਕਰਾਉਣ ਦੀ ਸਲਾਹ ਦਿੱਤੀ। ਪਰ ਨਸੀਬੋ ਆਪਣੇ ਬੱਚੇ ਨੂੰ ਇਸ ਤਰ੍ਹਾਂ ਖ਼ਤਮ ਨਹੀਂ ਸੀ ਕਰਨਾ ਚਾਹੁੰਦੀ।

ਜੋਗੀ ਦੀ ਸਲਾਹ ਤੋਂ ਉਹ ਬਹੁਤ ਖ਼ਫ਼ਾ ਹੋਈ ਤੇ ਉਸ ਨੂੰ ਤਾਹਣੇ-ਮਿਹਣੇ ਦੇਣ ਲੱਗੀ। ਉਸਨੇ ਜੋਗੀ ਨੂੰ ਬੇਵਫ਼ਾ ਤੇ ਫਰੇਬੀ ਤਕ ਕਹਿ ਦਿੱਤਾ। ਪਰ ਜੋਗੀ ਦਾ ਵਿਚਾਰ ਸੀ ਕਿ ਹਾਲੇ ਉਨ੍ਹਾਂ ਨੂੰ ਵਿਆਹ ਦੀ ਕਾਹਲ ਨਹੀਂ ਕਰਨੀ ਚਾਹੀਦੀ। ਅਜੇ ਤਾਂ ਉਸਨੇ ਅੱਗੇ ਪੜ੍ਹਨਾ ਏ। ਪਰ ਨਸੀਬੋ ਨੇ ਉਸ ਨੂੰ ਜਾਂਚ ਲਿਆ ਸੀ। ਉਹ ਕੇਵਲ ਉਸਦੇ ਹੁਸਨ ਦਾ ਭੁੱਖਾ ਸੀ, ਉਸਦੀ ਆਤਮਾ ਨਾਲ ਉਸਦਾ ਦੂਰ ਦਾ ਵੀ ਵਾਸਤਾ ਨਹੀਂ ਸੀ। ਜੋਗੀ ਭਾਵੇਂ ਉਸ ਨੂੰ ਵਿਸਾਰਨ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਉਹ ਜੋਗੀ ਦੀ ਇਹ ਨਿਸ਼ਾਨੀ ਨੂੰ ਹਮੇਸ਼ਾ ਆਪਣੇ ਸੀਨੇ ਨਾਲ ਲਗਾ ਕੇ ਰੱਖਣਾ ਚਾਹੁੰਦੀ ਸੀ। ਉਸਨੇ ਜੋਗੀ ਨੂੰ ਦਰਬਾਰ ਸਾਹਿਬ ਖਾਧੀ ਸੁਗੰਧ ਬਾਰੇ ਯਾਦ ਕਰਵਾਇਆ। ਪਰ ਜੋਗੀ ਠੇਠਰਾਂ ਵਾਂਗ ਊਂਦੀ ਪਾ ਕੇ ਬੈਠਾ ਹੋਇਆ ਸੀ। ਉਸਨੇ ਕਿਹਾ ਕਿ ਉਹ ਆਪਣੇ ਕੌਲ-ਇਕਰਾਰਾਂ ਉਪਰ ਪਹਿਰਾ ਦੇਵੇਗੀ ਤੇ ਮਰਨ ਤਕ ਉਸਦੀ ਪਾਬੰਦ ਰਹੇਗੀ। ਭਾਵੇਂ ਉਹ ਉਸਦਾ ਸਾਥ ਦੇਵੇ, ਚਾਹੇ ਨਾ। ਜਦੋਂ ਜੋਗੀ ਨੇ ਕੋਈ ਹੂੰ-ਹਾਂ ਨਾ ਕੀਤੀ ਤਾਂ ਉਹ ਖਿਝ ਕੇ ਉੱਠ ਪਈ ਤੇ ਉਥੋਂ ਤੁਰ ਪਈ। ਜੋਗੀ ਨੇ ਉਸ ਨੂੰ ਨਾ ਮੋੜਿਆ ਤੇ ਨਾ ਹੀ ਮਨਾਇਆ। ਉਹ ਸ਼ਾਇਦ ਉਸ ਤੋਂ ਪੱਲਾ ਹੀ ਛੁਡਾਉਣਾ ਚਾਹੁੰਦਾ ਸੀ। ਅੰਬ ਚੂਪਿਆ ਤੇ ਗਿਟਕ ਵਗਾਹ ਕੇ ਮਾਰੀ।

ਉਸ ਦਿਨ ਨਸੀਬੋ ਘਰ ਵਾਪਸ ਨਹੀਂ ਗਈ। ਉਹ ਆਪਣੀ ਇਕ ਸਹੇਲੀ ਦੇ ਘਰ ਪਹੁੰਚ ਗਈ। ਉਥੇ ਮਹੀਨਾ ਕੁ ਰਹੀ। ਜਦੋਂ ਸਹੇਲੀ ਦੇ ਸਹੁਰਿਆਂ ਉਸਦੇ ਇਸ ਤਰ੍ਹਾਂ ਰਹਿਣ 'ਤੇ ਕਿੰਤੂ-ਪ੍ਰੰਤੂ ਕੀਤਾ ਤਾਂ ਉਹ ਇਕ ਦਿਨ ਸਹੇਲੀ ਨੂੰ ਛੱਡ ਕੇ ਇਕ ਬਾਬੇ ਦੇ ਡੇਰੇ ਪਹੁੰਚ ਗਈ। ਇਸ ਡੇਰੇ ਵਿਚ ਉਸਦੀ ਮਾਂ ਸੁੱਖਣਾ ਸੁੱਖਣ ਆਉਂਦੀ ਹੁੰਦੀ ਸੀ। ਉਸਨੇ ਵੱਡੇ ਬਾਬੇ ਨਾਲ ਸਾਰੀ ਗੱਲ ਖੋਲ੍ਹੀ ਤੇ ਉਹ ਉਸ ਨੂੰ ਆਪਣੇ ਡੇਰੇ ਵਿਚ ਪਨਾਹ ਦੇਣ ਲਈ ਅਤੇ ਉਸਦਾ ਭੇਦ ਰੱਖਣ ਲਈ ਰਾਜ਼ੀ ਹੋ ਗਿਆ। ਨਸੀਬੋ ਉਥੇ ਪਾਠ ਕਰਦੀ ਰਹਿੰਦੀ ਤੇ ਬਾਹਰ ਕੇਵਲ ਹਨੇਰੇ ਸਵੇਰੇ ਹੀ ਨਿਕਲਦੀ। ਵੱਡੇ ਬਾਬੇ ਨੇ ਉਸ ਨੂੰ ਪਨਾਹ ਦੇਣ ਦਾ ਮੁੱਲ ਵਸੂਲ ਕਰਨਾ ਸ਼ੁਰੂ ਕਰ ਦਿੱਤਾ। ਉਹ ਬਾਬੇ ਦੀਆਂ ਵਧੀਕੀਆਂ ਸਹਾਰਦੀ ਪਰ ਬਾਬੇ ਦੇ ਜਾਣ ਬਾਅਦ ਰੋਂਦੀ ਰਹਿੰਦੀ। ਲੋਹੜੀ ਵਾਲੇ ਦਿਨ ਉਸਦੇ ਘਰ ਇਕ ਲੜਕਾ ਪੈਦਾ ਹੋਇਆ। ਬਾਬੇ ਨੇ ਉਸਦੀ ਸੇਵਾ ਲਈ ਇਕ ਬਜ਼ੁਰਗ ਬੀਬੀ ਲਗਾ ਦਿੱਤੀ। ਜਦੋਂ ਉਸਦਾ ਲੜਕਾ ਇਕ ਵਰ੍ਹੇ ਦਾ ਹੋ ਗਿਆ ਤਾਂ ਉਹ ਬਾਬੇ ਦੀਆਂ ਖਰਮਸਤੀਆਂ ਕਾਰਨ ਇਕ ਦਿਨ ਚੁੱਪ-ਚਾਪ ਡੇਰੇ 'ਚੋਂ ਨਿਕਲ ਗਈ।

ਉਧਰ ਜਦੋਂ ਉਸ ਦਿਨ ਨਸੀਬੋ ਰਾਤ ਘਰ ਨਾ ਪਹੁੰਚੀ ਤਾਂ ਘਰ ਵਿਚ ਕੁਰਲਾਹਟ ਮੱਚ ਗਿਆ। ਅਗਲੇ ਦਿਨ ਖੱਬੇ-ਸੱਜੇ ਰਿਸ਼ਤੇਦਾਰਾਂ, ਸ਼ਰੀਕਾਂ ਪਾਸ ਪਤਾ ਕੀਤੀ ਪਰ ਉਸਦੀ ਕੋਈ ਉੱਘ-ਸੁੱਘ ਨਾ ਨਿਕਲੀ। ਉਸਦਾ ਬਾਪ ਅਖ਼ੀਰ ਜੋਗੀ ਦੇ ਪਿੰਡ ਜਾ ਕੇ ਉਸਦੇ ਬਾਪ ਨੂੰ ਮਿਲਿਆ ਤੇ ਨਸੀਬੋ ਦੀ ਵਿਥਿਆ ਸੁਣਾਈ। ਜੋਗੀ ਉਸ ਵਕਤ ਘਰ ਹੀ ਸੀ। ਉਸਦੇ ਬਾਪ ਨੇ ਉਸ ਨਾਲ ਹਮਦਰਦੀ ਜਤਾਈ ਤੇ ਨਸੀਬੋ ਨੂੰ ਲੱਭਣ ਬਾਰੇ ਸਹਿਯੋਗ ਦੇਣ ਦੀ ਪੇਸ਼ਕਸ਼ ਕੀਤੀ। ਅਖ਼ੀਰ ਉਸਦੇ ਗੁੰਮ ਹੋਣ ਦੀ ਪੁਲਿਸ ਕੋਲ ਦਰਖ਼ਾਸਤ ਦਿੱਤੀ ਗਈ। ਉਸਦੇ ਵਿਆਹ ਨੂੰ ਇਕੋ ਹਫ਼ਤਾ ਬਾਕੀ ਸੀ। ਸਭ ਤਿਆਰੀਆਂ ਵਿਚੇ ਧਰੀਆਂ ਰਹਿ ਗਈਆਂ।

ਜੋਗੀ ਦੇ ਬਾਪ ਨੇ ਇਸ ਸੰਭਾਵੀ ਖ਼ਤਰੇ ਤੋਂ ਸੁਚੇਤ ਹੋ ਕੇ ਜੋਗੀ ਨੂੰ ਮੰਗਣ ਅਤੇ ਵਿਆਹੁਣ ਦੀ ਕੀਤੀ। ਜੋਗੀ ਨੇ ਪੰਜਾਲੀ ਵਿਚ ਸਿਰ ਦੇ ਦਿੱਤਾ। ਉਹ ਆਪਣਾ ਘਰ ਵਸਾ ਕੇ ਬੈਠ ਗਿਆ। ਅਗਲੇਰੀ ਪੜ੍ਹਾਈ ਛੱਡ ਕੇ ਆਪਣੀ ਜ਼ਮੀਨ ਜਾਇਦਾਦ ਦੀ ਸੰਭਾਲ ਕਰਨ ਲੱਗਾ। ਉਹ ਨਸੀਬੋ ਦੀ ਸੂਹ ਕੱਢਣ ਦੀ ਕੋਸ਼ਿਸ਼ ਕਰਦਾ ਪਰ ਉਸ ਬਾਰੇ ਉਸ ਨੂੰ ਕੁਝ ਪਤਾ ਨਾ ਲੱਗਦਾ। ਇਕ ਦਿਨ ਉਸ ਨੂੰ ਨਸੀਬੋ ਦੇ ਇਕ ਰਿਸ਼ਤੇਦਾਰ ਪਾਸੋਂ ਪਤਾ ਲੱਗਾ ਕਿ ਉਹ ਨਹਿਰ ਵਿਚ ਛਾਲ ਮਾਰ ਕੇ ਮਰ ਗਈ ਹੈ। ਉਸਦੇ ਘਰਦਿਆਂ ਵੀ ਇਸ ਖ਼ਬਰ ਨੂੰ ਸੱਚੀ ਸਮਝ ਕੇ, ਆਪਣੀ ਕਿਸਮਤ ਨਾਲ ਸਮਝੌਤਾ ਕਰ ਲਿਆ। ਉਸਦਾ ਬਾਪ ਪਛਤਾਉਣ ਲੱਗਾ। ਉਹ ਜੇਕਰ ਨਸੀਬੋ ਦੀ ਗੱਲ ਮੰਨ ਲੈਂਦਾ ਤਾਂ ਉਸਨੇ ਮੌਜ ਬਹਾਰਾਂ ਵਿਚ ਖੇਡਦੀ ਹੋਣਾ ਸੀ। ਪਰ ਹੁਣ ਇਹ ਸੋਚਣ ਦੀ ਕੋਈ ਤੁਕ ਨਹੀਂ ਸੀ।

ਨਸੀਬੋ ਨੇ ਬਾਬੇ ਦੀਆਂ ਕਮੀਨੀਆਂ ਹਰਕਤਾਂ ਤੋਂ ਤੰਗ ਆ ਕੇ ਪਟਿਆਲੇ ਦੇ ਯਤੀਮਖ਼ਾਨੇ ਵਿਚ ਪਨਾਹ ਲੈ ਲਈ ਸੀ। ਉਹ ਉਥੇ ਸੇਵਾਦਾਰਨੀ ਤੇ ਬਾਅਦ ਵਿਚ ਬਤੌਰ ਕਲਰਕ ਦੀ ਡਿਊਟੀ ਨਿਭਾਉਣ ਲੱਗੀ। ਜਦੋਂ ਉਸਦਾ ਬੇਟਾ ਜੋਗਾ ਚਾਰ ਕੁ ਸਾਲ ਦਾ ਹੋਇਆ ਤਾਂ ਉਸਨੇ ਯਤੀਮਖਾਨੇ ਦੇ ਸਕੂਲ ਵਿਚ ਹੀ ਪੜ੍ਹਨੇ ਪਾ ਦਿੱਤਾ। ਉਸਨੇ ਉਥੋਂ ਹੀ ਦਸਵੀਂ ਪਾਸ ਕਰ ਲਈ। ਉਹ ਬਾਪ ਵਾਂਗ ਸੋਹਣਾ ਜਵਾਨ ਨਿਕਲਿਆ। ਲੜਕੇ ਨਾਲ ਹੁਣ ਨਸੀਬੋ ਨੇ ਜੋਗੀ ਬਾਰੇ ਗੱਲਾਂ-ਬਾਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਨਸੀਬੋ ਵਾਂਗ, ਜੋਗੇ ਵਿਚ ਵੀ ਜੋਗੀ ਬਾਰੇ ਨਫ਼ਰਤ ਤੇ ਕੁੜੱਤਣ ਵਧਣੀ ਸ਼ੁਰੂ ਹੋ ਗਈ। ਭਾਵੇਂ ਨਸੀਬੋ ਜੋਗੀ ਨਾਲ ਸਖ਼ਤ ਨਰਾਜ਼ ਸੀ ਪਰ ਉਹ ਉਸ ਨਾਲ ਪੂਰੀ ਤਰ੍ਹਾਂ ਨਫ਼ਰਤ ਨਹੀਂ ਸੀ ਕਰਦੀ। ਉਹ ਆਪਣੇ ਦੁੱਖਾਂ ਦਾ ਸਬੱਬ ਆਪਣੀ ਕਿਸਮਤ ਵੀ ਸਮਝਦੀ ਸੀ। ਉਹ ਨਹੀਂ ਸੀ ਚਾਹੁੰਦੀ ਕਿ ਉਹ ਦੁਬਾਰਾ ਜੋਗੀ ਦੀ ਜ਼ਿੰਦਗੀ ਵਿਚ ਆ ਕੇ ਉਸ ਦੀ ਪਰਿਵਾਰਕ ਜ਼ਿੰਦਗੀ ਨੂੰ ਖਵਾਰ ਕਰੇ। ਉਸਨੇ ਆਪਣੀ ਕਿਸਮਤ ਨਾਲ ਭਰੋਸਾ ਕਰ ਲਿਆ ਸੀ।

ਪਰ ਜੋਗਾ ਆਪਣੇ ਬਾਪ ਨੂੰ ਆਪਣੇ ਦੁੱਖਾਂ ਦਾ ਕਰਤਾ ਸਮਝਦਾ ਸੀ। ਉਸਦਾ ਖ਼ੂਨ ਖੌਲਦਾ ਰਹਿੰਦਾ ਸੀ। ਉਸ ਨੂੰ ਪਤਾ ਲੱਗਾ ਸੀ ਕਿ ਉਸਦਾ ਬਾਪ ਲੱਖਾਂ ਕਰੋੜਾਂ ਵਿਚ ਖੇਡ ਰਿਹਾ ਹੈ। ਉਹ ਉਸ ਨੂੰ ਸੋਧਣ ਲਈ ਪੁਲਿਸ ਵਿਚ ਭਰਤੀ ਹੋ ਗਿਆ। ਉਹ ਆਪਣੀ ਮਾਂ ਨੂੰ ਦੱਸੇ ਬਗ਼ੈਰ ਹੀ ਇਕ ਦਿਨ ਆਪਣੇ ਬਾਪ ਦੇ ਪਿੰਡ ਪਹੁੰਚਿਆ ਅਤੇ ਪੁੱਛਦਾ-ਪਛਾਉਂਦਾ ਉਸਦੇ ਘਰ ਪਹੁੰਚਿਆ। ਉਸਨੇ ਜੋਗਿੰਦਰ ਸਿੰਘ ਨੂੰ ਮਿਲਣ ਲਈ ਆਖਿਆ। ਉਹ ਸਬੱਬੀ ਘਰ ਹੀ ਸੀ। ਜੋਗਾ ਉਸਦੀ ਬੈਠਕ 'ਚ ਜਾ ਬੈਠਾ। ਉਸਨੇ ਹੌਲੀ-ਹੌਲੀ ਆਪਣੀ ਜਾਣ-ਪਛਾਣ ਆਪਣੇ ਬਾਪ ਨਾਲ ਕਰਾਈ। ਉਸਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਸਨੂੰ ਪਸੀਨਾ ਆ ਰਿਹਾ ਸੀ। ਉਸਨੇ ਜਦੋਂ ਜੋਗੇ ਵੱਲ ਵੇਖਿਆ ਤਾਂ ਉਸਨੂੰ ਕਾਫ਼ੀ ਕੁਝ ਆਪਣਾ ਆਪ ਨਜ਼ਰ ਆਇਆ। ਉਸਨੂੰ ਨਸੀਬੋ ਦੇ ਜੀਵਤ ਹੋਣ ਦੀ ਖ਼ਬਰ ਸੁਣ ਕੇ ਘਬਰਾਹਟ ਹੋਣ ਲੱਗੀ। ਜੋਗੇ ਨੇ ਆਪਣੀ ਮਾਂ ਦੀ ਸਾਰੀ ਵਿਥਿਆ ਖੋਲ੍ਹ ਕੇ ਸੁਣਾਈ ਤੇ ਆਪਣੇ ਬਾਪ ਨੂੰ ਫਿਟਕਾਰਾਂ ਤੇ ਲਾਹਨਤਾਂ ਪਾਈਆਂ। ਗੱਲ ਵਧਦੀ ਵੇਖ ਕੇ ਜੋਗੀ ਨੇ ਜੋਗੇ ਨੂੰ ਹਵੇਲੀਓਂ

ਬਾਹਰ ਦਫ਼ਾ ਹੋਣ ਲਈ ਆਖਿਆ। ਜੋਗੀ ਨੇ ਇਸ ਵਿਥਿਆ ਨੂੰ ਮਨਘੜਤ ਅਤੇ ਸ਼ਰਾਰਤ ਸਮਝ ਕੇ ਉਸਦੀ ਜਾਇਦਾਦ ਹੜੱਪਣ ਦਾ ਸ਼ੋਸ਼ਾ ਦੱਸਿਆ। ਉਸ ਜਾਣ ਲੱਗਿਆਂ ਜੋਗੇ ਨੂੰ ਆਖਿਆ—ਵੇਖ ਸਰਦਾਰਾ! ਜੇਕਰ ਤੂੰ ਅੱਜ ਤਕ ਸਾਨੂੰ ਦੋਹਾਂ ਨੂੰ ਬਲਦੀ ਦੇ ਬੁੱਥੇ ਸੁੱਟ ਕੇ ਆਪ ਐਸ਼ਾਂ ਕਰਦਾ ਫਿਰਦਾ ਰਿਹਾ ਏਂ, ਹੁਣ ਤੂੰ ਏਦਾਂ ਨਹੀਂ ਕਰ ਸਕੇਂਗਾ। ਜੇਕਰ ਤੂੰ ਸਾਨੂੰ ਜੀਊਣ ਨਹੀਂ ਦਿੱਤਾ ਤਾਂ ਅਸੀਂ ਵੀ ਤੇਰਾ ਜੀਣਾ ਹਰਾਮ ਕਰ ਸਕਦੇ ਆਂ। ਤੇਰਾ ਪਿਛਲਾ ਹਿਸਾਬ-ਕਿਤਾਬ ਮੈਂ ਚੁਕਾਉਣ ਆਇਆ ਵਾਂ।

ਉਸਨੇ ਇਹ ਵਾਰਤਾਲਾਪ ਜਾ ਕੇ ਆਪਣੀ ਮਾਂ ਨਸੀਬੋ ਨੂੰ ਸੁਣਾਈ। ਨਸੀਬੋ ਪਿਉ-ਪੁੱਤਰ ਦੀ ਇਹ ਝੜਪ ਸੁਣ ਕੇ ਹੋਰ ਦੁਖੀ ਹੋਈ। ਉਸਨੇ ਜੋਗੇ ਨੂੰ ਝਿੜਕਿਆ ਕਿ ਉਹ ਆਪਣੇ ਬਾਪ ਕੋਲ ਕਿਉਂ ਗਿਆ ਏ? ਉਹਨੇ ਤਾਂ ਉਸ ਨੂੰ ਉਥੇ ਜਾਣ ਤੋਂ ਮਨ੍ਹਾ ਕੀਤਾ ਸੀ। ਆਪਣੇ ਪੁੱਤਰ ਦੇ ਚਿਹਰੇ ਉਪਰ ਛਾਏ ਹੋਏ ਪ੍ਰਭਾਵਾਂ ਨੂੰ ਪੜ੍ਹਿਆ। ਉਹ ਕ੍ਰੋਧ ਨਾਲ ਲਾਲ-ਪੀਲਾ ਹੋਇਆ ਪਿਆ ਸੀ। ਬਦਲੇ ਅਤੇ ਨਫ਼ਰਤ ਦੀ ਜਵਾਲਾ ਉਸ ਅੰਦਰ ਪੁੱਠੇ ਉਬਾਲੇ ਖਾ ਰਹੀ ਸੀ। ਉਧਰ ਜੋਗੇ ਦੇ ਜਾਣ ਬਾਅਦ ਜੋਗੀ ਕਿੰਨਾ ਚਿਰ ਬੈਠਕ ਵਿਚ ਹੀ ਬੈਠਾ ਝੂਰਦਾ ਰਿਹਾ। ਉਹ ਅੰਦਰੋਂ-ਬਾਹਰੋਂ ਹਿੱਲ ਗਿਆ ਸੀ। ਉਸ ਨੂੰ ਨਸੀਬੋ ਨਾਲ ਕੀਤੀਆਂ ਵਧੀਕੀਆਂ ਮੁੜ-ਮੁੜ ਯਾਦ ਆ ਰਹੀਆਂ ਸਨ। ਉਹ ਕਿੰਨਾ ਚਿਰ ਜੋਗੇ ਨੂੰ ਜਾਂਦਾ ਪਿੱਛੋਂ ਵੇਖਦਾ ਰਿਹਾ। ਕਦੀ-ਕਦੀ ਉਸਦਾ ਦਿਲ ਕਰਦਾ ਕਿ ਉਹ ਨਸੀਬੋ ਕੋਲ ਜਾ ਕੇ ਆਪਣੇ ਗੁਨਾਹਾਂ ਦੀ ਮੁਆਫ਼ੀ ਮੰਗ ਲਵੇ। ਪਰ ਉਸਦਾ ਹੀਆ ਨਹੀਂ ਸੀ ਪੈ ਰਿਹਾ। ਦੁਬਿਧਾ ਵਿਚ ਕਈ ਦਿਨ ਲੰਘ ਗਏ।

ਇਕ ਦਿਨ ਜੋਗਾ ਰਾਤ ਨੂੰ ਆਪਣੀ ਡਿਊਟੀ ਤੋਂ ਘਰ ਵਾਪਸ ਆਇਆ। ਉਸਨੇ ਕੱਪੜੇ ਵਿਚ ਇਕ ਲਪੇਟੀ ਚੀਜ਼ ਲਿਆ ਕੇ ਆਪਣੀ ਮਾਂ ਅੱਗੇ ਰੱਖੀ। ਮਾਂ ਨੇ ਜਦੋਂ ਕੱਪੜਾ ਹਟਾਇਆ ਤਾਂ ਉਹ ਤ੍ਰਭਕ ਕੇ ਪਿੱਛੇ ਹਟ ਗਈ। ਇਹ ਇਕ ਵੱਢੀ ਹੋਈ ਮਨੁੱਖੀ ਬਾਂਹ ਸੀ ਜਿਸ ਉਪਰ 'ਨਸੀਬ' ਲਿਖਿਆ ਹੋਇਆ ਸੀ। ਇਹ ਜੋਗੀ ਦੀ ਬਾਂਹ ਸੀ ਜਿਸ ਨੂੰ ਅੱਜ ਉਸਨੇ ਮਾਰ ਮੁਕਾਇਆ ਸੀ। ਉਸਨੇ ਮਰੇ ਹੋਏ ਬਾਪ ਦੀ ਸੱਜੀ ਬਾਂਹ ਵੱਢ ਕੇ ਆਪਣੀ ਮਾਂ ਨੂੰ ਵਿਖਾਉਣ ਲਈ ਘਰ ਲੈ ਆਂਦੀ ਸੀ। ਜਦੋਂ ਨਸੀਬੋ ਨੇ ਵੱਢੀ ਹੋਈ ਬਾਂਹ 'ਤੇ ਲਿਖਿਆ ਜੋਗੀ ਪੜ੍ਹਿਆ ਤਾਂ ਦੁਹੱਥੜਾਂ ਮਾਰ ਕੇ ਪਿੱਟਣ ਲੱਗ ਪਈ। ਉਸ ਨੂੰ ਗਹਿਰਾ ਸਦਮਾ ਲੱਗਾ ਸੀ। ਉਹ ਗ਼ੁੱਸੇ ਨਾਲ ਪਾਗਲ ਹੋ ਗਈ ਤੇ ਜੋਗੇ ਨੂੰ ਅਵਾ-ਤਵਾ ਬੋਲਣ ਲੱਗੀ। ਉਸਨੇ ਉਸਦਾ ਸੁਹਾਗ ਉਜਾੜਿਆ ਸੀ। ਆਪਣੇ ਆਪ ਨੂੰ ਤਤੜੀ ਨੇ ਫਿਰ ਉਸੇ ਜਿੱਲਣ ਵਿਚ ਸੁੱਟ ਲਿਆ ਸੀ ਜਿਸ ਵਿਚੋਂ ਉਸਨੇ ਆਪਣੀ ਜਵਾਨੀ ਦੀ ਬਾਜੀ ਲਾ ਕੇ ਜੋਗੇ ਨੂੰ ਕੱਢਣ ਦੀ ਕੋਸ਼ਿਸ਼ ਕੀਤੀ ਸੀ। ਉਸਨੇ ਭਰੀ ਪੀਤੀ ਨੇ ਕਿਹਾ—'ਜਾਹ ਵੇ ਜੋਗਿਆ, ਤੇਰਾ ਬੇੜਾ ਤਰ ਜਾਏ। ਹੁਣ ਰਹੇਂਗਾ ਜੇਲ੍ਹ ਜੋਗਾ ਈ।'

'ਮਾਂ ਮੈਂ ਤੈਨੂੰ ਉਸ ਦੁਸ਼ਟ ਤੋਂ ਮੁਕਤ ਕਰਾ ਲਿਆ ਏ। ਚੱਲ ਆਪਾਂ ਏਥੋਂ ਚਲੀਏ। ਕੋਈ ਜੰਮਿਆ ਨਹੀਂ ਸਾਨੂੰ ਫੜਨ ਵਾਲਾ।' ਇਹ ਕਹਿ ਕੇ ਜੋਗਾ ਮਾਂ ਨੂੰ ਨਾਲ ਲੈ ਕੇ ਘਰੋਂ ਨਿਕਲ ਤੁਰਿਆ। 'ਪਿੰਡ ਜਾਵੇ ਢੱਠੇ ਖੂਹ ਵਿਚ'।

ਸੁਖ ਸਿਮਰਨ ਕੌਰ

ਸਾਡੇ ਪਿੰਡ ਇਕੋ-ਇਕ ਖਤਰੀਆਂ ਦਾ ਘਰ ਸੀ। ਉਨ੍ਹਾਂ ਦੇ ਘਰ ਵਿਚ ਵਿਆਹ ਤੋਂ ਕਈ ਸਾਲ ਬਾਅਦ ਇਕ ਕੁੜੀ ਹੋਈ। ਉਸਦੇ ਪਿਤਾ ਨੇ ਉਸਦਾ ਨਾਂ ਸੁਖ ਸਿਮਰਨ ਕੌਰ, ਗੁਰੂ ਮਹਾਰਾਜ ਦੀ ਓਟ ਲੈ ਕੇ ਰੱਖਿਆ ਸੀ। ਭਾਈ ਜੀ ਨੇ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ ਉਥੱਲਿਆ ਤਾਂ 'ਸ' ਪਹਿਲਾਂ ਆਇਆ। ਪੰਨਾ ਜੁੜਿਆ ਹੋਣ ਕਰਕੇ ਦੁਬਾਰਾ ਉਥੱਲਿਆ ਗਿਆ ਤਾਂ ਫਿਰ 'ਸ' ਨਿਕਲਿਆ। ਇਸ ਲਈ ਸਾਰਿਆਂ ਜੀਆਂ ਨੇ ਮਿਲ ਕੇ ਆਪਣੀ ਪਲੇਠੀ ਦੀ ਥੀ ਦਾ ਨਾਮ ਸੁਖ ਸਿਮਰਨ ਕੌਰ ਰੱਖਿਆ ਸੀ। ਸਿਮਰਨ ਦਾ ਪਿਤਾ ਗੁਰੂ ਘਰ ਦਾ ਪਿਆਰਾ ਸੀ। ਉਹ ਡਾਕਖਾਨੇ ਵਿਚ ਨੌਕਰੀ ਕਰਦਾ ਸੀ ਤੇ ਨਿਤਨੇਮ ਗੁਰਦੁਆਰੇ ਸ਼ਹੀਦਾਂ ਜਾਂਦਾ ਸੀ। ਆਮ ਤੌਰ 'ਤੇ ਸਿਮਰਨ ਵੀ ਨਾਲ ਹੁੰਦੀ ਸੀ। ਉਸਦੇ ਚਾਰ ਭੈਣ-ਭਰਾ ਹੋਰ ਸਨ ਪਰ ਉਹ ਬਹੁਤਾ ਮਾਤਾ ਦੇ ਇਰਦ-ਗਿਰਦ ਹੀ ਰਹਿੰਦੇ ਜੋ ਕਦੀ-ਕਦਾਈਂ ਹੀ ਗੁਰੂ ਘਰ ਜਾਂਦੇ ਸਨ।

ਸਿਮਰਨ ਉਸ ਵਕਤ ਬਾਰਾਂ ਸਾਲ ਦੀ ਸੀ ਜਦੋਂ ਉਸਦਾ ਪਿਤਾ ਪਰਲੋਕ ਸੁਧਾਰ ਗਿਆ। ਘਰ ਵਿਚ ਉਹੀ ਕਮਾਉਣ ਵਾਲਾ ਸੀ। ਸਾਰਾ ਪਰਿਵਾਰ ਸੋਗ ਤੇ ਚਿੰਤਾ ਵਿਚ ਡੁੱਬ ਗਿਆ। ਰਿਸ਼ਤੇਦਾਰਾਂ ਤੇ ਗੁਆਂਢੀਆਂ ਨੇ ਬਥੇਰੇ ਹੌਸਲੇ ਦਿੱਤੇ ਪਰ ਦਿਲਾਸੇ ਤਾਂ ਬਾਹਰੋਂ ਆਉਂਦੇ ਨੇ ਤੇ ਅੰਦਰ ਦੇ ਜ਼ਖ਼ਮ ਮਿਟਦਿਆਂ-ਮਿਟਦਿਆਂ ਹੀ ਮਿਟਦੇ ਹਨ। ਉਸਦੀ ਮਾਂ ਨੂੰ ਘਰਵਾਲੇ ਦੀ ਜਗ੍ਹਾ ਡਾਕ ਦੇ ਮਹਿਕਮੇ ਵਿਚ ਨੌਕਰੀ ਮਿਲ ਗਈ। ਵਧੇਰੇ ਹਿਫਾਜ਼ਤ ਤੇ ਨੌਕਰੀ ਕਰਕੇ ਅਤੇ ਬੱਚਿਆਂ ਦੀ ਚੰਗੇਰੀ ਪੜ੍ਹਾਈ ਲਈ ਸਾਰਾ ਪਰਿਵਾਰ ਪਿੰਡੋਂ ਸ਼ਹਿਰ ਆ ਗਿਆ। ਟੱਬਰ ਦੀ ਗੱਡੀ ਚਲਣੀ ਫਿਰ ਆਰੰਭ ਹੋਈ। ਸਾਰੇ ਭੈਣ-ਭਰਾ ਸਰਕਾਰੀ ਸਕੂਲਾਂ ਵਿਚ ਪੜ੍ਹਨ ਜਾਂਦੇ ਸਨ। ਸਿਮਰਨ ਜਦ ਸਤਾਰਾਂ ਅਠਾਰਾਂ ਸਾਲਾਂ ਦੀ ਹੋਈ ਤਾਂ ਉਸਦੇ ਪਿਤਾ ਦੇ ਇਕ ਦੋਸਤ ਨੇ ਉਸ ਨੂੰ ਸ਼੍ਰੋਮਣੀ ਕਮੇਟੀ ਵਿਚ ਕਲਰਕ ਭਰਤੀ ਕਰਵਾ ਦਿੱਤਾ। ਉਸਦੀ ਦਫ਼ਤਰ ਵਿਚ ਹੀ ਨੌਕਰੀ ਸੀ। ਉਸਦਾ ਕੰਮ ਸੇਵਾਦਾਰਨੀਆਂ ਦੀ ਨਿਗਰਾਨੀ ਕਰਨਾ ਸੀ। ਇਹ ਕਾਰਜ ਸਿਮਰਨ ਨੂੰ ਬਹੁਤ ਚੰਗਾ ਲੱਗਾ ਕਿਉਂਕਿ ਉਹ ਬਹੁਤਾ ਸਮਾਂ ਹਰਿਮੰਦਰ ਸਾਹਿਬ ਦੇ ਨਜ਼ਦੀਕ ਰਹਿੰਦੀ ਅਤੇ ਜਦੋਂ ਦਿਲ ਚਾਹੁੰਦਾ ਮੱਥਾ ਟੇਕ ਆਉਂਦੀ, ਇਸ਼ਨਾਨ ਕਰ ਆਉਂਦੀ ਜਾਂ ਕੀਰਤਨ ਸੁਣਨ ਜਾ ਬੈਠਦੀ। ਪਰਿਵਾਰ ਦਾ ਸਫ਼ਰ ਸੁਖਾਵਾਂ ਤੇ ਪੱਧਰਾ ਹੋ ਰਿਹਾ ਸੀ।

ਇਸ ਨੌਕਰੀ ਦੇ ਸੰਬੰਧ ਵਿਚ ਉਸਦਾ ਕਈ ਮਰਦ ਕਰਮਚਾਰੀਆਂ ਨਾਲ ਵਾਹ ਪੈਂਦਾ

ਸੀ। ਆਪਣੇ ਪਿਤਾ ਦੇ ਜਿਸ ਦੋਸਤ ਰਾਹੀਂ ਉਸਨੇ ਇਹ ਨੌਕਰੀ ਪ੍ਰਾਪਤ ਕੀਤੀ ਸੀ, ਉਸਦਾ ਮੁੰਡਾ ਵੀ ਸ਼੍ਰੋਮਣੀ ਕਮੇਟੀ ਵਿਚ ਕੰਮ ਕਰਦਾ ਸੀ। ਸਿਮਰਨ ਉਸ ਨੂੰ ਭਰਾ ਜੀ ਕਹਿੰਦੀ ਅਤੇ ਉਹ ਸਿਮਰਨ ਨੂੰ ਭੈਣ ਜੀ ਸਿਮਰਨ ਕਹਿ ਕੇ ਬੁਲਾਉਂਦਾ ਸੀ। ਦੋਵੇਂ ਇਕ ਦੂਜੇ ਨੂੰ ਤਕਰੀਬਨ ਰੋਜ਼ ਮਿਲਦੇ ਅਤੇ ਕਈ ਵਾਰ ਇਕੱਠੇ ਮੱਥਾ ਟੇਕਣ ਵੀ ਜਾਂਦੇ। ਜਦੋਂ ਇਕੱਲੇ ਇਕੱਲੇ ਜਾਂਦੇ ਤਾਂ ਪ੍ਰਸ਼ਾਦਿ ਜ਼ਰੂਰ ਇਕ ਦੂਜੇ ਨੂੰ ਦੇਂਦੇ ਸਨ। ਦੋਹਾਂ ਦੇ ਦਫ਼ਤਰ ਵੀ ਲਾਗੇ-ਲਾਗੇ ਸਨ। ਇਕ ਵਾਰੀ ਦੋਵੇਂ ਜਣੇ ਇਕ ਰੈਣ-ਸਬਾਈ ਕੀਰਤਨ ਵਿਚ ਸ਼ਾਮਲ ਹੋਣ ਲਈ ਇਕ ਸ਼ਰਧਾਲੂ ਵਾਕਫ਼ਕਾਰ ਦੇ ਘਰ ਗਏ। ਸਿਮਰਨ ਨੂੰ ਕੀਰਤਨ ਦਰਬਾਰਾਂ ਵਿਚ ਜਾਣ ਦੀ ਘਰਦਿਆਂ ਵੱਲੋਂ ਪੂਰੀ ਖੁੱਲ੍ਹ ਸੀ ਅਤੇ ਉਹ ਆਮ ਹੀ ਜਾਂਦੀ ਰਹਿੰਦੀ ਸੀ। ਇਸ ਰਾਤ ਜੋ ਘਟਨਾ ਘਟੀ, ਉਸਨੇ ਉਸਦੀ ਜੀਵਨ ਯਾਤਰਾ ਦਾ ਮੁਹਾਣ ਬਿਲਕੁਲ ਦੂਜੇ ਪਾਸੇ ਮੋੜ ਦਿੱਤਾ। ਰੈਣ ਸਬਾਈ ਕੀਰਤਨ ਵਾਲੇ ਘਰ ਬਹੁਤ ਭੀੜ ਸੀ। ਬੈਠਣ ਲਈ ਕੋਈ ਖ਼ਾਸ ਜਗ੍ਹਾ ਵੀ ਨਹੀਂ ਸੀ ਬਚੀ। ਦੋਹਾਂ ਨੇ ਦਰਬਾਰ ਸਾਹਿਬ ਮੱਥਾ ਟੇਕਣ ਦੀ ਸਲਾਹ ਬਣਾਈ। ਮੱਥਾ ਟੇਕ ਕੇ ਵਾਪਸ ਉਹ ਆਪਣੇ ਦਫ਼ਤਰ ਅੱਗੋਂ ਲੰਘ ਰਹੇ ਸਨ ਤਾਂ ਮਨਜੀਤ ਆਪਣੇ ਘਰ ਵਿਚ ਕੋਈ ਜ਼ਰੂਰੀ ਕਾਗ਼ਜ਼ ਲੈਣ ਚਲਾ ਗਿਆ। ਸਿਮਰਨ ਵੀ ਉਹਦੇ ਪਿੱਛੇ-ਪਿੱਛੇ ਤੁਰ ਪਈ। ਬਾਕੀ ਘਰ ਵਾਲੇ ਸਾਰੇ ਰੈਣ-ਸਬਾਈ ਕੀਰਤਨ ਵਿਚ ਗਏ ਹੋਏ ਸਨ। ਜਦੋਂ ਉਹ ਘਰ ਆਈ ਤਾਂ ਮਨਜੀਤ ਦੀਆਂ ਨਜ਼ਰਾਂ ਬਦਲੀਆਂ ਹੋਈਆਂ ਸਨ। ਉਸਨੇ ਸਿਮਰਨ ਨੂੰ ਫੜ ਕੇ ਜਬਰਦਸਤੀ ਕੀਤੀ। ਸਿਮਰਨ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਮਨਜੀਤ ਨੂੰ ਕੀ ਹੋ ਗਿਆ ਹੈ ? ਉਸਨੇ ਉਹਦੇ ਕੋਲੋਂ ਛੁੱਟਣ ਦੀ ਕੋਸ਼ਿਸ਼ ਕੀਤੀ ਪਰ ਮਨਜੀਤ ਵਿਚ ਪੰਜਾਂ ਬੰਦਿਆਂ ਜਿੰਨੀ ਸ਼ਕਤੀ ਆ ਚੁੱਕੀ ਸੀ। ਉਸਨੇ ਪੰਜ ਸੱਤ ਮਿੰਟ ਜੋ ਜੀ ਆਇਆ ਕੀਤਾ ਤੇ ਫਿਰ ਉੱਠ ਪਿਆ। ਲਾਗੇ ਸਿਮਰਨ ਰੋ ਰਹੀ ਸੀ। ਉਸ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਮਨਜੀਤ ਚੰਗਾ ਭਲਾ ਸੀ, ਯਕਦਮ ਉਹਨੂੰ ਹੋਇਆ ਕੀ ਹੈ ? ਵਾਪਸੀ ਵੇਲੇ ਉਹ ਆਪਣੇ ਘਰ ਹੀ ਗਈ, ਰੈਣ-ਸਬਾਈ ਦੀ ਉਹਨੂੰ ਸੁਰਤ ਨਹੀਂ ਸੀ। ਮਨਜੀਤ ਸਿਮਰਨ ਨੂੰ ਘਰ ਛੱਡਣ ਗਿਆ ਸੀ। ਉਹ ਘਰ ਪਹੁੰਚਣ ਵੇਲੇ ਵੀ ਰੋ ਰਹੀ ਸੀ ਤੇ ਮਨਜੀਤ ਮਾਫ਼ੀਆਂ ਮੰਗ ਰਿਹਾ ਸੀ। ਜਿੰਨਾ ਚਿਰ ਉਸਨੇ ਮਨਜੀਤ ਨੂੰ ਮਾਫ਼ ਕਰਨ ਦਾ ਵਾਅਦਾ ਨਹੀਂ ਕੀਤਾ, ਓਨਾ ਚਿਰ ਉਨ੍ਹਾਂ ਦੇ ਘਰ ਦੇ ਬਾਹਰ ਹੀ ਖੜ੍ਹਾ ਰਿਹਾ। ਜਦੋਂ ਉਸਨੇ ਮਾਫ਼ੀ ਦਿੱਤੀ ਤਾਂ ਉਹ ਤੀਰ ਵਾਂਗ ਰੈਣ-ਸਬਾਈ ਪਹੁੰਚਿਆ।

ਸਿਮਰਨ ਨੇ ਮਨਜੀਤ ਨੂੰ ਮੁਆਫ਼ ਤਾਂ ਕਰ ਦਿੱਤਾ ਪਰ ਉਸ ਨੂੰ ਮਰਦਾਂ ਨਾਲ ਨਫ਼ਰਤ ਹੋ ਗਈ ਸੀ। ਉਹ ਲੜਕਾ, ਜਿਹੜਾ ਉਹਨੂੰ ਭੈਣ ਜੀ ਭੈਣ ਜੀ ਕਹਿੰਦਾ ਨਹੀਂ ਸੀ ਥੱਕਦਾ, ਉਸਨੇ ਮਨੁੱਖੀ ਸਦਾਚਾਰ ਦੀਆਂ ਧੱਜੀਆਂ ਉਡਾਉਂਦੇ ਹੋਏ, ਉਸ ਨਾਲ ਜਬਰਦਸਤੀ ਕੀਤੀ ਸੀ। ਦਫ਼ਤਰ ਵਿਚ ਉਹ ਉਸ ਨੂੰ ਹਰ ਤਰੀਕੇ ਨਾਲ ਖ਼ੁਸ਼ ਕਰਨਾ ਚਾਹੁੰਦਾ ਸੀ ਪਰ ਮਨਜੀਤ ਉਸਦੇ ਦਿਲੋਂ ਲੱਥ ਚੁੱਕਾ ਸੀ। ਉਹ ਜਿਸ ਤਰ੍ਹਾਂ ਪਹਿਲਾਂ ਖਿੜੀ-ਖਿੜੀ ਰਹਿੰਦੀ ਸੀ ਹੁਣ ਬੁਝੀ-ਬੁਝੀ ਰਹਿਣ ਲੱਗੀ। ਉਸਦੇ ਘਰ ਦਿਆਂ ਨੇ ਉਸ ਨੂੰ ਉਸਦੀ ਉਦਾਸੀ ਤੇ ਚਿੰਤਾ ਦਾ ਕਾਰਨ ਪੁੱਛਿਆ ਪਰ ਉਹ 'ਕੁਝ ਨਹੀਂ' ਕਹਿ ਕੇ ਪੱਲਾ ਝਾੜ ਦਿੰਦੀ ਸੀ। ਘਰਦਿਆਂ ਨੂੰ

ਸ਼ੱਕ ਸੀ ਕਿ ਸ਼ਾਇਦ ਉਹ ਆਪਣੇ ਮਹਰੂਮ ਪਿਤਾ ਨੂੰ ਯਾਦ ਕਰਕੇ ਰੋਂਦੀ ਹੈ। ਉਹ ਆਪਣੇ ਦੁੱਖ ਦੱਸ ਕੇ ਆਪਣੀ ਦੁਖੀ ਮਾਂ ਨੂੰ ਹੋਰ ਦੁਖੀ ਨਹੀਂ ਸੀ ਕਰਨਾ ਚਾਹੁੰਦੀ। ਇਸ ਕਰਕੇ ਉਸਦੀ ਪ੍ਰੇਸ਼ਾਨੀ ਦਿਨੋ-ਦਿਨ ਵਧ ਰਹੀ ਸੀ।

ਇਕ ਦਿਨ ਮਨਜੀਤ ਦੇ ਪਿਤਾ ਵੱਲੋਂ ਉਸ ਨੂੰ ਘਰ ਆਉਣ ਦਾ ਸੁਨੇਹਾ ਆਇਆ। ਉਸਦਾ ਜਾਣ ਨੂੰ ਦਿਲ ਤਾਂ ਨਹੀਂ ਸੀ ਕਰਦਾ ਪਰ ਉਸਦੇ ਅਹਿਸਾਨਾਂ ਸਦਕਾ ਉਹ ਨਾਂਹ ਵੀ ਨਾ ਕਰ ਸਕੀ ਅਤੇ ਜਕੋ-ਤਕੀ ਵਿਚ ਮਨਜੀਤ ਦੇ ਘਰ ਪਹੁੰਚੀ। ਅੱਗੋਂ ਮਨਜੀਤ ਤੇ ਉਸਦੀ ਮਾਂ ਘਰ ਵਿਚ ਨਹੀਂ ਸਨ। ਉਸਦੀ ਮਾਂ ਤਾਂ ਕਈ ਵਰ੍ਹੇ ਪਹਿਲਾਂ ਹੀ ਪਰਮੇਸ਼ਵਰ ਨੂੰ ਪਿਆਰੀ ਹੋ ਗਈ ਸੀ। ਘਰ ਵਿਚ ਮਨਜੀਤ ਦਾ ਪਿਤਾ ਇਕੱਲਾ ਸੀ। ਉਸ ਨੂੰ ਇਹ ਵੇਖ ਕੇ ਡਰ ਜਿਹਾ ਲੱਗਾ ਪਰ ਉਸਦਾ ਪਿਤਾ ਬੜੇ ਸਨਮਾਨ ਨਾਲ ਉਸ ਨੂੰ ਅੰਦਰੋਂ ਲੈਣ ਆਇਆ। ਉਹ ਸਤਿ ਸ੍ਰੀ ਅਕਾਲ ਬੁਲਾ ਕੇ ਸੋਫ਼ੇ ਉਪਰ ਬੈਠ ਗਈ। ਸਿਮਰਨ ਡਰ ਨਾਲ ਭੈ-ਭੀਤ ਸੀ ਪਰ ਉਹ ਮੁਸਕਰਾ ਕੇ ਗੱਲਾਂ ਕਰ ਰਿਹਾ ਸੀ। ਉਹ ਆਪਣੀ ਸੀਟ ਛੱਡ ਕੇ ਉਸ ਕੋਲ ਸੋਫ਼ੇ 'ਤੇ ਆਣ ਬੈਠਾ। ਸਿਮਰਨ ਨੂੰ ਇਹ ਚੰਗਾ ਨਾ ਲੱਗਾ। ਉਹ ਆਖਣ ਲੱਗਾ—'ਤੂੰ ਖ਼ੁਸ਼ ਰਿਹਾ ਕਰ, ਤੇਰੇ ਪਿਤਾ ਤੁਰ ਗਏ ਨੇ ਤਾਂ ਰਹਿਣਾ ਕਿਸੇ ਵੀ ਨਹੀਂ। ਜ਼ਰਾ ਹੱਸ ਕੇ ਤਾਂ ਵਿਖਾ।' ਇਹ ਕਹਿ ਕੇ ਉਸਨੇ ਆਪਣੀ ਬਾਂਹ ਉਸਦੇ ਮੋਢਿਆਂ ਦੁਆਲੇ ਪਾ ਲਈ ਤੇ ਉਸ ਨੂੰ ਆਪਣੀ ਤਰਫ਼ ਖਿੱਚਣ ਲੱਗਾ। ਸਿਮਰਨ ਨੇ ਬੜੀ ਫੁਰਤੀ ਨਾਲ ਉਸਦੀ ਬਾਂਹ ਮੋਢਿਆਂ ਤੋਂ ਪਰ੍ਹੇ ਕੀਤੀ ਅਤੇ ਜ਼ੋਰ ਨਾਲ ਇਕ ਥੱਪੜ ਉਸਦੇ ਜੜਿਆ ਅਤੇ ਕਾਹਲੀ ਨਾਲ ਰੋਂਦੀ-ਰੋਂਦੀ ਧੱਕੇ ਨਾਲ ਕਮਰਿਓਂ ਬਾਹਰ ਨਿਕਲ ਗਈ। ਮਨਜੀਤ ਦਾ ਪਿਤਾ ਪਿੱਛੇ ਦੌੜਿਆ ਪਰ ਇਹਨੇ ਨੂੰ ਉਹ ਘਰ ਦਾ ਦਰਵਾਜ਼ਾ ਪਾਰ ਕਰ ਚੁੱਕੀ ਸੀ। ਬਾਹਰ ਆ ਕੇ ਉਸਨੇ ਆਪਣੇ ਆਪ ਨੂੰ ਸੰਭਾਲਿਆ ਤੇ ਆਪਣੇ ਘਰ ਵੱਲ ਤੁਰ ਪਈ।

ਉਹ ਕਈ ਦਿਨ ਘਰ ਵਿਚ ਹੀ ਰਹੀ। ਨੌਕਰੀ ਤੋਂ ਉਸਨੇ ਅਸਤੀਫ਼ਾ ਦੇ ਦਿੱਤਾ ਸੀ। ਜਦੋਂ ਉਸਦੀ ਮਾਂ ਦਫ਼ਤਰ ਜਾਣ ਬਾਰੇ ਉਸ ਨੂੰ ਕਹਿੰਦੀ ਤਾਂ ਉਹ ਆਖਦੀ ਕਿ ਉਸਦੀ ਤਬੀਅਤ ਠੀਕ ਨਹੀਂ। ਉਸਨੇ ਅਸਤੀਫ਼ੇ ਦੀ ਗੱਲ ਘਰ ਨਹੀਂ ਸੀ ਦੱਸੀ। ਜਦੋਂ ਘਰ ਵਾਲਿਆਂ ਉਸਨੂੰ ਦਫ਼ਤਰ ਜਾਣ ਲਈ ਬਾਹਲਾ ਹੀ ਮਜਬੂਰ ਕੀਤਾ ਤਾਂ ਉਸਨੇ ਇਹ ਸਾਫ਼ ਕਹਿ ਦਿੱਤਾ ਕਿ ਉਹ ਇਹ ਨੌਕਰੀ ਪਸੰਦ ਨਹੀਂ ਕਰਦੀ। ਉਹ ਕੋਈ ਹੋਰ ਨੌਕਰੀ ਕਰੇਗੀ। ਉਸਦੀ ਮਾਂ ਤੇ ਮਨਜੀਤ ਦੇ ਪਿਤਾ ਨੇ ਸਿਮਰਨ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ। ਪਰ ਸਿਮਰਨ ਨੇ ਕਿਸੇ ਦੀ ਕੋਈ ਨਾ ਮੰਨੀ। ਉਸਨੇ ਕਿਹਾ ਕਿ ਉਹ ਜੇ.ਬੀ.ਟੀ. ਕਰਕੇ ਅਧਿਆਪਕ ਬਣੇਗੀ। ਉਹ ਵਧੇਰੇ ਹੀ ਸਮਾਜ ਪ੍ਰਤੀ ਚੇਤੰਨ ਸੀ। ਜਦੋਂ ਉਸਦੇ ਵੱਡੇ ਭਰਾਵਾਂ ਦੇ ਵਿਆਹ ਹੋਏ ਤਾਂ ਰਿਸ਼ਤੇਦਾਰ ਤੇ ਮਹੱਲੇ ਵਾਲੇ ਵੰਨ-ਸਵੰਨੀਆਂ ਗੱਲਾਂ ਕਰਨ ਲੱਗ ਪਏ। ਇਹ ਗੱਲਾਂ ਜਦ ਸਿਮਰਨ ਦੇ ਸਭ ਤੋਂ ਛੋਟੇ ਭਰਾ ਦੇ ਕੰਨੀਂ ਪੈਂਦੀਆਂ ਤਾਂ ਉਸਨੇ ਫ਼ੈਸਲਾ ਕਰ ਲਿਆ ਸੀ ਕਿ ਉਹ ਆਪਣੀ ਭੈਣ ਦੇ ਵਿਆਹ ਉਪਰੰਤ ਹੀ ਆਪਣੀ ਸ਼ਾਦੀ ਕਰਾਵੇਗਾ। ਜਦੋਂ ਉਸਦਾ ਰਿਸ਼ਤਾ ਪੱਕਾ ਹੋ ਗਿਆ ਤਾਂ ਉਸਨੇ ਇਕ ਦਿਨ ਆਪਣੀ ਪੱਗੜੀ ਆਪਣੀ ਭੈਣ ਦੇ ਪੈਰੀਂ

ਰੱਖ ਦਿੱਤੀ ਤੇ ਕਹਿਣ ਲੱਗਾ—'ਭੈਣ, ਮੇਰੀ ਇੱਜ਼ਤ ਤੇਰੇ ਹੱਥ ਏ। ਭਾਵੇਂ ਇਸ ਪੱਗੜੀ ਨੂੰ ਪੈਰਾਂ ਵਿਚ ਰੋਲ ਦੇ ਜਾਂ ਸਨਮਾਨ ਸਹਿਤ ਮੇਰੇ ਸੀਸ 'ਤੇ ਰੱਖ। ਤੂੰ ਵਿਆਹ ਕਰਵਾਏਂਗੀ ਤਾਂ ਮੈਂ ਕਰਾਵਾਗਾਂ ਨਹੀਂ ਤਾਂ ਸਾਰੀ ਉਮਰ ਕੰਵਾਰਾ ਹੀ ਰਹਾਂਗਾ।' ਇਹ ਕਹਿ ਕੇ ਉਹ ਭੁੱਬਾਂ ਮਾਰ ਕੇ ਰੋ ਪਿਆ। ਭੈਣ ਦਾ ਦਿਲ ਪਸੀਜ ਗਿਆ ਤੇ ਉਹ ਮੰਨ ਗਈ।

ਕਾਹਲੀ ਕਾਹਲੀ ਨਾਲ ਇਕ ਵੱਡੀ ਉਮਰ ਦਾ ਦਹਾਜੂ ਮੁੰਡਾ ਵੇਖਿਆ ਗਿਆ ਤੇ ਉਸ ਨਾਲ ਉਸਦੀ ਸ਼ਾਦੀ ਕਰ ਦਿੱਤੀ। ਉਸਦੀ ਭੈਣ ਦੇ ਵਿਆਹ ਤੋਂ ਫ਼ੌਰਨ ਬਾਅਦ ਉਸਦੇ ਭਰਾ ਨੇ ਆਪਣੀ ਮੰਗੇਤਰ ਨਾਲ ਵਿਆਹ ਕਰਵਾਇਆ ਤੇ ਮਾਂ ਲਈ ਮੁਸੀਬਤ ਤੇ ਨਿੱਤ ਨਿੱਤ ਦੀ ਘੀਂ-ਘੀਂ ਖ਼ਤਮ ਹੋ ਗਈ। ਅਜੇ ਵਿਆਹ ਦੀਆਂ ਖ਼ੁਸ਼ੀਆਂ ਵੀ ਖ਼ਤਮ ਨਹੀਂ ਸਨ ਹੋਈਆਂ ਕਿ ਪਤਾ ਲੱਗਾ ਕਿ ਸਿਮਰਨ ਨੂੰ ਸਹੁਰਿਆਂ ਵੱਲੋਂ ਜਿਹੜੇ ਗਹਿਣੇ ਪਾਏ ਗਏ ਸਨ, ਸਾਰੇ ਮੰਗ ਤੰਗ ਕੇ ਪਾਏ ਸਨ ਤੇ ਵਿਆਹ ਬਾਅਦ ਜਦੋਂ ਉਹ ਰਿਸ਼ਤੇਦਾਰ ਜ਼ਨਾਨੀਆਂ ਘਰਾਂ ਨੂੰ ਵਾਪਸ ਜਾਣ ਲੱਗੀਆਂ ਤਾਂ ਉਨ੍ਹਾਂ ਨੇ ਸਿਮਰਨ ਤੋਂ ਗਹਿਣੇ ਵਾਪਸ ਮੰਗੇ। ਗੁੱਸੇ ਨਾਲ ਉਸਨੇ ਸਾਰੇ ਗਹਿਣੇ ਆਪਣੀ ਸੱਸ ਵੱਲ ਵਗਾਹ ਮਾਰੇ ਤੇ ਲੜਕੇ, ਘਰਵਾਲੇ ਨੂੰ ਉਥੇ ਹੀ ਛੱਡ ਪੇਕੇ ਆ ਗਈ। ਮਾਂ ਨੇ ਕਾਹਲੀ ਨਾਲ ਕੋਈ ਕਦਮ ਚੁੱਕਣ ਤੋਂ ਉਹਨੂੰ ਰੋਕਿਆ ਤਾਂ ਬਹੁਤ ਸਮਝਾਇਆ। ਭਰਾਵਾਂ-ਭਰਜਾਈਆਂ ਨੇ ਇਕੱਠੇ ਹੋ ਕੇ, ਜਦੋਂ ਉਸਦਾ ਘਰਵਾਲਾ ਲੈਣ ਆਇਆ ਤਾਂ ਉਸਨੂੰ ਸਹੁਰੇ ਤੋਰ ਦਿੱਤਾ। ਉਸ ਨੂੰ ਸਹੁਰੇ ਘਰ ਦੀ ਭੁੱਖ-ਨੰਗ ਤੇ ਘਰਵਾਲੇ ਦਾ ਵਿਹਲੜਪਣ ਚੰਗਾ ਨਾ ਲੱਗਾ। ਪਹਿਲਾਂ ਉਸਦਾ ਪਤੀ ਕੋਈ ਮਾੜਾ ਮੋਟਾ ਪ੍ਰਾਪਰਟੀ ਡੀਲਰ ਦਾ ਕੰਮ ਕਰਦਾ ਸੀ, ਵਿਆਹ ਤੋਂ ਬਾਅਦ ਉਹ ਛੱਡ ਬੈਠਾ ਸੀ।

ਸਿਮਰਨ ਨੇ ਆਪਣੀ ਤਬਦੀਲੀ ਗੁਰਦਾਸਪੁਰ ਨਾ ਕਰਵਾਈ, ਜਿਥੇ ਉਹਦੇ ਸਹੁਰਿਆਂ ਦਾ ਘਰ ਸੀ। ਉਸਦਾ ਪਤੀ ਸੂਬਾ ਸਿੰਘ ਖ਼ੁਦ ਸਿਮਰਨ ਕੋਲ ਸਹੁਰੇ ਘਰ ਆ ਗਿਆ। ਭਰਾ-ਭਰਜਾਈਆਂ ਨੇ ਪਹਿਲਾਂ ਦੋ-ਚਾਰ ਮਹੀਨੇ ਬਰਦਾਸ਼ਤ ਕੀਤਾ ਤੇ ਬਾਅਦ ਵਿਚ ਉਨ੍ਹਾਂ ਭੈਣ ਨੂੰ ਸਹੁਰੇ ਜਾਣ ਲਈ ਆਖਿਆ। ਉਸਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਸਦੀ ਸੱਸ ਜਾਦੂ-ਟੂਣੇ ਕਰਦੀ ਹੈ ਤੇ ਸਾਧਾਂ ਸੰਤਾਂ ਕੋਲ ਜਾਂਦੀ ਹੈ, ਜਦ ਕਿ ਉਹ ਗੁਰੂ ਘਰ ਦੀ ਪਿਆਰੀ ਹੈ। ਇਸ ਲਈ ਉਸਨੇ ਸਹੁਰੇ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਜਦੋਂ ਭਰਾਵਾਂ ਨੇ ਕੁਝ ਵਧੇਰੇ ਹੀ ਮਜਬੂਰ ਕੀਤਾ ਤਾਂ ਉਸਨੇ ਸ਼ਹਿਰ ਵਿਚ ਹੀ ਕੋਈ ਮਕਾਨ ਕਿਰਾਏ 'ਤੇ ਲੈ ਲਿਆ ਤੇ ਪੇਕੇ ਘਰੋਂ ਚਲੇ ਗਈ। ਉਸਨੇ ਆਪਣੇ ਭਰਾਵਾਂ ਨਾਲ ਤੋੜ-ਵਿਛੋੜਾ ਕਰ ਲਿਆ। ਕੇਵਲ ਮਾਂ ਹੀ ਉਸਦੀ ਹਾਮੀ ਭਰਦੀ ਸੀ। ਮਾਂ ਨੂੰ ਉਹ ਆਪਣੇ ਵੱਲ ਖਿੱਚਦੀ ਸੀ ਪਰ ਮਾਂ ਆਪਣਾ ਘਰ ਛੱਡ ਕੇ ਰਾਜੀ ਨਹੀਂ ਸੀ।

ਵਿਆਹ ਤੋਂ ਬਾਅਦ ਪਹਿਲੀ ਲੋਹੜੀ ਮਨਾਉਣ ਲਈ ਉਸਦੇ ਪਤੀ ਨੇ ਗੁਰਦਾਸਪੁਰ ਲੋਹੜੀ ਮਨਾਉਣ ਲਈ ਉਸਨੂੰ ਉਥੇ ਜਾਣ ਲਈ ਆਖਿਆ। ਉਸਨੇ ਤੋੜ ਕੇ ਜਵਾਬ ਦਿੱਤਾ। ਲੋਹੜੀ ਤੋਂ ਇਕ ਦਿਨ ਪਹਿਲਾਂ ਉਸਦਾ ਪਤੀ ਸੂਬਾ ਸਿੰਘ, ਮਾਂ-ਪਿਉ ਨੂੰ ਨਾਲ ਲੈ ਕੇ ਸਿਮਰਨ ਨੂੰ ਸਹੁਰੇ ਲਿਜਾਣ ਲਈ ਆਇਆ। ਸਿਮਰਨ ਘਰ ਵਿਚ ਨਹੀਂ ਸੀ। ਇਕ ਹੱਥ ਲਿਖਤ ਮੰਜੇ

'ਤੇ ਪਈ ਸੀ। ਲਿਖਿਆ ਸੀ—'ਮੇਰਾ ਸੰਸਾਰ ਨਾਲ ਮੋਹ ਟੁੱਟ ਗਿਆ ਏ...ਮੈਂ ਸਭ ਕੁਝ ਛੱਡ ਛਡਾ ਕੇ ਦੂਰ ਹਜ਼ੂਰ ਸਾਹਿਬ ਜਾ ਰਹੀ ਹਾਂ। ਮੇਰਾ ਰੋਸ ਕਿਸਮਤ ਨਾਲ ਹੈ, ਨਾ ਪੇਕਿਆਂ ਨਾਲ... ਨਾ ਸਹੁਰਿਆਂ ਨਾਲ। ਰੱਬ ਦੇ ਵਾਸਤੇ ਮੇਰਾ ਪਿੱਛਾ ਨਾ ਕਰਨਾ...ਮੈਂ ਪਹਿਲਾਂ ਹੀ ਬਹੁਤ ਦੁਖੀ ਹਾਂ...।' ਉਹ ਤਿੰਨੋ ਮੂੰਹ ਸੁੱਟ ਕੇ ਵਾਪਸ ਤੁਰ ਪਏ।

ਉਹ ਜੇ.ਬੀ.ਟੀ. ਵਿਚ ਦਾਖਲ ਹੋ ਗਈ ਅਤੇ ਅਗਲੇ ਸਾਲ ਬੇਸਿਕ ਸਿਖਿਆ ਪਾਸ ਕਰਕੇ ਇਕ ਦੂਰ ਦੁਰਾਡੇ ਪ੍ਰਾਇਮਰੀ ਸਕੂਲ ਵਿਚ ਲੱਗ ਗਈ। ਉਸਦਾ ਘਰ ਸਕੂਲ ਤੋਂ ਬਹੁਤ ਦੂਰ ਸੀ। ਨੇੜੇ ਕੋਈ ਸਟੇਸ਼ਨ ਖ਼ਾਲੀ ਨਹੀਂ ਸੀ ਇਸ ਲਈ ਉਸ ਨੂੰ ਉਸ ਪਿੰਡ ਵਿਚ ਹੀ ਸਰਪੰਚ ਦੇ ਘਰ ਰਹਿਣ ਲਈ ਕਮਰਾ ਮਿਲ ਗਿਆ। ਸਰਪੰਚ ਉਸਦੇ ਪਿਤਾ ਦਾ ਪੁਰਾਣਾ ਵਾਕਫ਼ ਸੀ। ਉਸ ਨੂੰ ਆਪਣੇ ਪਿਤਾ ਦੇ ਵਾਕਫ਼ਾਂ ਤੋਂ ਵੀ ਡਰ ਲੱਗਣ ਲੱਗ ਪਿਆ ਸੀ ਪਰ ਮਜਬੂਰੀ ਕਾਰਨ ਠਹਿਰਨਾ ਹੀ ਪਿਆ। ਸਰਪੰਚ ਤੇ ਸਰਪੰਚਣੀ ਉਸਨੂੰ ਆਪਣੀਆਂ ਧੀਆਂ ਵਾਂਗ ਪਿਆਰ ਕਰਦੇ ਅਤੇ ਕਦੀ-ਕਦੀ ਉਸਦੇ ਨਾਲ ਸ਼ਹਿਰ ਉਸਨੂੰ ਛੱਡਣ ਆਉਂਦੇ। ਖ਼ਾਸ ਕਰਕੇ ਸ਼ਨੀਵਾਰ ਉਹ ਉਨ੍ਹਾਂ ਨਾਲ ਆਪਣੇ ਘਰ ਪਰਤਦੇ। ਕਦੀ-ਕਦੀ ਉਹ ਸਿਮਰਨ ਦੇ ਘਰ ਰਾਤ ਕੱਟਦੇ ਅਤੇ ਦਿਨੇ ਵਾਪਸ ਚਲੇ ਜਾਂਦੇ ਸਨ।

ਸਰਪੰਚ ਦਾ ਇਕ ਲੜਕਾ ਸੀ। ਉਹ ਕਈ ਵਾਰ ਸਿਮਰਨ ਨੂੰ ਮਿਲਣ ਸਕੂਲੇ ਚਲਾ ਜਾਂਦਾ ਅਤੇ ਉਹਦੇ ਨਾਲ ਗੱਪ-ਸ਼ੱਪ ਮਾਰਦਾ ਰਹਿੰਦਾ। ਉਹ ਹਮੇਸ਼ਾ ਹੱਸਦਾ-ਹੱਸਦਾ ਰਹਿੰਦਾ ਤੇ ਸਿਮਰਨ ਨੂੰ ਘਰ ਛੱਡਣ ਸ਼ਹਿਰ ਚਲਾ ਜਾਂਦਾ ਸੀ। ਉਹ ਉਸਦੇ ਆਲੇ-ਦੁਆਲੇ ਘੁੰਮਦਾ ਰਹਿੰਦਾ। ਇਹ ਗੱਲ ਸਿਮਰਨ ਨੂੰ ਚੁਭਦੀ ਸੀ ਪਰ ਉਨ੍ਹਾਂ ਦੇ ਘਰ ਠਹਿਰਣ ਕਰਕੇ ਉਹ ਉਸਨੂੰ ਸਿੱਧੀਆਂ ਨਹੀਂ ਸੀ ਸੁਣਾ ਸਕਦੀ। ਇਕ ਵੇਰ ਉਸਦੇ ਮਾਤਾ-ਪਿਤਾ ਸ਼ਹਿਰ ਗਏ ਹੋਏ ਸਨ ਤੇ ਉਹ ਘਰ ਵਿਚ ਇਕੱਲਾ ਸੀ। ਸਿਮਰਨ ਸਕੂਲ ਤੋਂ ਪੜ੍ਹਾ ਕੇ ਆਈ ਤਾਂ ਉਹ ਆਪਣੇ ਕਮਰੇ ਵਿਚ ਸਿੱਧੀ ਚਲੇ ਗਈ। ਉਸਦੇ ਮਗਰ-ਮਗਰ ਹੀ ਸਰਪੰਚ ਦਾ ਲੜਕਾ ਉਸਦੇ ਕਮਰੇ ਵਿਚ ਆ ਵੜਿਆ। ਉਸਨੇ ਆਉਂਦਿਆਂ ਹੀ ਅੰਦਰੋਂ ਦਰਵਾਜ਼ਾ ਬੰਦ ਕੀਤਾ ਤੇ ਸਿਮਰਨ ਤੇ ਟੁੱਟ ਪਿਆ। ਸਿਮਰਨ ਨੇ ਰੌਲਾ ਰੱਪਾ ਪਾਇਆ ਪਰ ਉਸਨੇ ਕੱਪੜੇ ਨਾਲ ਉਸਦਾ ਮੂੰਹ ਬੰਨ੍ਹ ਲਿਆ ਤੇ ਉਸਨੂੰ ਜਬਰਦਸਤੀ ਮੰਜੇ ਉਪਰ ਢਾਅ ਲਿਆ। ਉਹ ਮਨਮਰਜ਼ੀ ਕਰਦਾ ਰਿਹਾ ਤੇ ਸਿਮਰਨ ਹੇਠੋਂ ਤੜਫਦੀ ਰਹੀ। ਉਸਦੀ ਉਥੇ ਸੁਣਨ ਵਾਲਾ ਕੋਈ ਨਹੀਂ ਸੀ। ਉਹ ਜਬਰਦਸਤੀ ਕਰਕੇ ਕਮਰਿਓਂ ਬਾਹਰ ਨਿਕਲ ਗਿਆ ਅਤੇ ਆਪਣੇ ਕਮਰੇ ਵਿਚ ਚਲਾ ਗਿਆ। ਸਿਮਰਨ ਕਿੰਨਾ ਚਿਰ ਰੋਂਦੀ ਰਹੀ ਤੇ ਫਿਰ ਚੁੱਪ ਕਰਕੇ ਆਪਣਾ ਕੁਝ ਸਮਾਨ ਤੇ ਕਿਤਾਬਾਂ ਉਸਨੇ ਅਟੈਚੀ ਵਿਚ ਪਾਈਆਂ ਤੇ ਪਿੰਡ ਦੇ ਅੱਡੇ ਵੱਲ ਤੁਰ ਪਈ। ਉਹ ਆਪਣੇ ਘਰ ਪਹੁੰਚ ਗਈ। ਇਸ ਵਾਰ ਉਸਨੇ ਸਾਰੀ ਕਹਾਣੀ ਆਪਣੀ ਮਾਂ ਨੂੰ ਖੋਲ੍ਹ ਕੇ ਦੱਸੀ। ਮਾਂ ਵੀ ਧੀ ਨਾਲ ਰੋਣ ਲੱਗੀ।

ਉਸਦੀ ਮਾਂ ਨੇ ਮਨਜੀਤ ਦੇ ਪਿਤਾ ਦੀ ਮਦਦ ਨਾਲ ਉਸਦੀ ਤਬਦੀਲੀ ਘਰ ਦੇ ਨੇੜੇ ਕਰਵਾ ਦਿੱਤੀ। ਉਹ ਹਰ ਰੋਜ਼ ਘਰ ਆ ਜਾਂਦੀ ਸੀ। ਉਸਨੇ ਘਰ ਦਿਆਂ ਨੂੰ ਇਹ ਸਪੱਸ਼ਟ

ਕਹਿ ਦਿੱਤਾ ਸੀ ਕਿ ਉਹ ਵਿਆਹ ਨਹੀਂ ਕਰਵਾਏਗੀ। ਹੁਣ ਉਸਦੇ ਭਰਾ ਵੀ ਜਵਾਨ ਹੋ ਗਏ ਸਨ ਤੇ ਵਿਆਹੁਣ ਯੋਗ ਸਨ। ਜਿੰਨੀ ਦੇਰ ਵੱਡੀ ਭੈਣ ਘਰ ਬੈਠੀ ਹੋਵੇ ਉਨ੍ਹਾਂ ਦੇ ਵਿਆਹ ਕਰਨੇ ਮੁਨਾਸਿਬ ਨਹੀਂ ਸਨ। ਮਾਂ ਹੁਣ ਬਿਰਧ ਤੇ ਕਮਜ਼ੋਰ ਹੋ ਗਈ ਸੀ। ਉਸ ਨੂੰ ਘਰ ਵਿਚ ਕੰਮ ਦੀ ਲੋੜ ਸੀ। ਸਿਮਰਨ ਤਾਂ ਸਕੂਲੋਂ ਆ ਕੇ ਸਿੱਧਾ ਦਰਬਾਰ ਸਾਹਿਬ ਚਲੇ ਜਾਂਦੀ ਸੀ। ਉਸਦਾ ਘਰੋਗੀ ਕੰਮਾਂ ਵੱਲ ਧਿਆਨ ਨਹੀਂ ਸੀ। ਉਹ ਕਦੀ ਚਲੀਹੇ ਸੁਖਦੀ, ਕਦੀ ਚੁਪਹਿਰੇ ਤੇ ਕਦੀ ਮੱਸਿਆ। ਉਹ ਕੋਈ ਨਾ ਕੋਈ ਸੁਖਣਾ ਸੁੱਖੀ ਰੱਖਦੀ ਸੀ। ਕਈ ਵਾਰ ਉਹ ਸੱਤ ਸਰੋਵਰਾਂ ਦਾ ਇਸ਼ਨਾਨ ਕਰਕੇ ਘਰ ਪਰਤਦੀ। ਘਰ ਆ ਕੇ ਵੀ ਉਹ ਪਾਠ ਕਰਦੀ ਰਹਿੰਦੀ। ਬਾਬਾ ਜੀ ਦਾ ਅੰਦਰ ਉਸਦਾ ਘਰ ਵਿਚ ਮੁੱਖ ਠਿਕਾਣਾ ਸੀ। ਗਲੀ-ਮੁਹੱਲੇ ਦੇ ਲੋਕ ਉਸ ਨੂੰ ਸਾਧਣੀ ਜਾਂ ਭਗਤਣੀ ਕਹਿਣ ਲੱਗ ਪਏ ਸਨ। ਉਸਦੇ ਜੀਵਨ ਦਾ ਧੁਰਾ ਬਸ ਪੂਜਾ ਪਾਠ ਹੀ ਬਣ ਗਿਆ ਸੀ। ਉਸਨੇ ਆਪਣੇ ਜੀਵਨ ਵਿਚ ਸਿਮਰਨ ਤਾਂ ਰੱਜ ਕੇ ਕੀਤਾ ਸੀ ਪਰ ਸੁਖ ਉਸਦੇ ਭਾਗਾਂ ਵਿਚ ਨਹੀਂ ਸੀ। ਅਖ਼ੀਰ ਉਸਨੇ ਆਪਣੀ ਕਿਸਮਤ ਨਾਲ ਸਮਝੌਤਾ ਕਰ ਲਿਆ ਸੀ।

ਲੂੰਬੜੀ

'ਪਿਆਰ ਕਰ ਲੈ ਵੇ ਆ ਜਾ ਪਿਆਰ ਕਰ ਲੈ, ਪੈਸੇ ਪੂਸੇ ਕੋਲ ਨਹੀਂ ਤਾਂ ਉਧਾਰ ਕਰ ਲੈ'

ਉਸਦਾ ਮਾਪਿਆਂ ਨੇ ਨਾਮ ਰਾਮ ਕੌਰ ਰੱਖਿਆ ਸੀ ਪਰ ਉਸ ਦੀਆਂ ਚਾਲਾਂ-ਕੁਚਾਲਾਂ ਨੂੰ ਵੇਖ ਕੇ ਕਿਸੇ ਨੇ ਉਸਦਾ ਨਾਮ ਲੂੰਬੜੀ ਰੱਖ ਦਿੱਤਾ ਜਿਹੜਾ ਬਾਅਦ ਵਿਚ ਪੱਕ ਗਿਆ। ਸਾਰੇ ਉਸ ਨੂੰ ਲੂੰਬੜੀ ਕਹਿ ਕੇ ਹੀ ਯਾਦ ਕਰਦੇ ਹਨ ਪਰ ਉਸਦੇ ਮੂੰਹ 'ਤੇ ਸਾਰੇ ਬੀਬੀ ਰਾਮ ਕੌਰ ਹੀ ਆਖਿਆ ਕਰਦੇ ਸਨ। ਲੋਕਾਂ ਨੂੰ ਇਕ ਆਮ ਚਿੜ ਹੁੰਦੀ ਹੈ ਕਿ ਉਹ ਕਿਸੇ ਦੇ ਕੁਨਾਂ ਨਾਲ ਹੀ ਯਾਦ ਕਰਕੇ ਖ਼ੁਸ਼ ਹੁੰਦੇ ਹਨ। ਆਮ ਤੌਰ 'ਤੇ ਕਿਸੇ ਵਿਅਕਤੀ ਦਾ ਉਸਦੇ ਤੌਰ-ਭੌਰ ਕੇ ਨਵਾਂ ਨਾਮ ਰੱਖ ਲਿਆ ਜਾਂਦਾ ਹੈ ਅਤੇ ਸੱਭੇ ਜਾਣੂ ਫਿਰ ਉਸ ਨੂੰ ਉਸੇ ਨਾਂ ਨਾਲ ਬੁਲਾਉਂਦੇ ਹਨ ਤੇ ਬਹੁਤਿਆਂ ਨੂੰ ਉਸਦਾ ਅਸਲੀ ਨਾਮ ਪਤਾ ਨਹੀਂ ਹੁੰਦਾ। ਇਹ ਹਾਲ ਲੂੰਬੜੀ ਦਾ ਸੀ।

ਰਾਮ ਕੌਰ ਦਾ ਜਨਮ ਇਕ ਗ਼ਰੀਬ ਘਰਾਣੇ ਵਿਚ ਹੋਇਆ ਤੇ ਉਹ ਵਿਆਹੀ ਵੀ ਗ਼ਰੀਬ ਪਰਿਵਾਰ ਵਿਚ ਹੀ ਗਈ। ਉਸਦੇ ਸ਼ਰੀਕ ਮਾਇਕ ਤੌਰ 'ਤੇ ਉਹਦੇ ਘਰ ਵਾਲੇ ਨਾਲੋਂ ਤਗੜੇ ਸਨ। ਇਸ ਲਈ ਉਸਦੀ ਇਹ ਤੀਬਰ ਇੱਛਾ ਸੀ ਕਿ ਉਹ ਵੀ ਉਨ੍ਹਾਂ ਦੇ ਬਰਾਬਰ ਹੋ ਕੇ ਵੱਸੇ ਪਰ ਉਸਦਾ ਘਰਵਾਲਾ ਨਾ ਹੋਇਆਂ ਬਰਾਬਰ ਸੀ। ਸ਼ਰਾਬ ਦਾ ਵਜਗੀ ਹੋਣ ਕਰਕੇ ਉਹ ਕੌਡੀਓਂ ਖੋਟਾ ਸੀ। ਸਾਰਾ ਦਿਨ ਵਿਹਲਾ ਬੈਠਾ, ਦਿਹਾੜੀ ਗੁਲ ਕਰ ਦਿੰਦਾ। ਰਾਮ ਕੌਰ ਉਸ ਨੂੰ ਕਹਿ-ਕਹਿ ਕੇ ਅੱਕ-ਥੱਕ ਗਈ ਸੀ। ਇਸ ਲਈ ਉਹਨੇ ਆਪ ਹੀ ਆਪਣਾ ਰਸਤਾ ਚੁਣਿਆ ਤੇ ਆਪਣੇ ਹੱਥੀਂ ਹੀ ਆਪਣੇ ਕਾਜ ਸਵਾਰਨ ਦਾ ਮਨ ਬਣਾਇਆ।

ਉਹ ਗੋਰੀ ਚਿੱਟੀ ਤੇ ਮੂੰਹ-ਮੱਥੇ ਲਗਦੀ ਸੀ ਤੇ ਵਿਆਹ ਤੋਂ ਪਹਿਲਾਂ ਵੀ ਕਈਆਂ ਨਾਲ ਉਹਦੇ ਕੱਚੇ-ਪੱਕੇ ਯਰਾਨੇ ਰਹੇ ਸਨ। ਉਸ ਨੂੰ ਜਿਥੇ ਮਰਦਾਂ ਦੀਆਂ ਕਮਜ਼ੋਰੀਆਂ ਦਾ ਪਤਾ ਸੀ ਉਥੇ ਉਹਨੂੰ ਆਪਣੀ ਸੁੰਦਰਤਾ ਤੇ ਸੁਡੌਲ ਸਗੀਰ ਦੀ ਮਹਾਨਤਾ ਦਾ ਵੀ ਭਲੀਭਾਂਤ ਪਤਾ ਸੀ। ਉਸਨੇ ਸ਼ਰੀਕੇ ਵਿਚ ਲੱਗਦੇ ਆਪਣੇ ਦਿਉਰ ਨਾਲ ਸਾਂਝ ਵਧਾਉਣੀ ਸ਼ੁਰੂ ਕਰ ਦਿੱਤੀ। ਉਸਦੀ ਉਸਦੇ ਘਰ ਵਾਲੇ ਨਾਲ ਪਿਆਲੇ ਦੀ ਸਾਂਝ ਸੀ। ਉਸਦਾ ਇਹ ਦਿਉਰ ਕੱਲਾ ਹੀ ਬਾਈ ਕਿੱਲਿਆਂ ਦਾ ਮਾਲਕ ਸੀ। ਦਿਨਾਂ ਵਿਚ ਉਸਨੇ ਆਪਣੇ ਦਿਉਰ ਨੂੰ ਛਿੱਲਣਾ ਸ਼ੁਰੂ ਕਰ ਦਿੱਤਾ। ਰਾਮੋ ਦੇ ਘਰਵਾਲੇ ਨੂੰ ਸ਼ਰਾਬ ਪਿਆ ਕੇ ਕਮਲਾ-ਰਮਲਾ ਕਰ ਦਿੰਦਾ ਅਤੇ ਰਾਮੋ ਦੇ ਘਰ ਹੀ ਉਹ ਬੈਠੇ ਹੱਸਦੇ-ਖੇਡਦੇ ਰਹਿੰਦੇ।

ਉਸਦੀ ਦਰਾਣੀ, ਰਾਮੋ ਦੇ ਉਸਦੇ ਘਰਵਾਲੇ ਨਾਲ ਵਧ ਰਹੇ ਸੰਬੰਧਾਂ ਤੋਂ ਦੁਖੀ ਸੀ ਪਰ ਉਸਦੀ ਘਰ ਵਿਚ ਕੋਈ ਸੁਨਣ ਵਾਲਾ ਨਹੀਂ ਸੀ। ਸਹੁਰਾ ਮਰ ਚੁੱਕਾ ਸੀ ਤੇ ਸੱਸ ਦਾ ਖ਼ੁਦ ਆਪਣੇ ਇਕ ਜੇਠ ਦਾਰਾ ਸਿੰਘ ਨਾਲ ਯਰਾਨਾ ਸੀ। ਇਸ ਲਈ ਉਹ ਵੀ ਡਟ ਕੇ ਆਪਣੇ ਲੜਕੇ ਨੂੰ ਰੋਕ ਨਹੀਂ ਸੀ ਸਕਦੀ। ਰਾਮੋ ਦੀਆਂ ਪੌਂ-ਬਾਰਾਂ ਸਨ। ਉਸਨੇ ਆਪਣੇ ਦਿਉਰ ਦੀ ਜ਼ਮੀਨ ਪਹਿਲਾਂ ਠੇਕੇ 'ਤੇ ਲੈ ਲਈ ਅਤੇ ਦੋ ਕਾਮੇ ਰੱਖ ਕੇ ਵਾਹੀ ਕਰਾਉਣੀ ਸ਼ੁਰੂ ਕਰ ਦਿੱਤੀ। ਅੰਦਰੋ-ਅੰਦਰੀ ਉਸਨੇ ਦਿਉਰ ਦੀ ਦੋ ਕਿੱਲੇ ਬੈਅ ਕਰਵਾ ਲਈ। ਇਸ ਗੱਲ ਦਾ ਸ਼ਰੀਕਾਂ ਵਿਚ ਰੌਲਾ ਪਿਆ। ਬੋਲ-ਬੁਲਾਰੇ ਬਾਅਦ, ਰਾਮੋ ਦੇ ਪਰਿਵਾਰ ਦ੍ਹਾ ਦਿਉਰ ਦੇ ਪਰਿਵਾਰ ਨਾਲ ਲਾਲ ਝੰਡਾ ਹੋ ਗਿਆ। ਹੁਣ ਤਾਂ ਦਿਉਰ ਦੀ ਮਾਂ ਵੀ ਰਾਮੋ ਨੂੰ ਬੁਰਾ ਭਲਾ ਕਹਿੰਦੀ ਨਾ ਥੱਕਦੀ। ਸ਼ਾਇਦ ਉਹਨੇ ਹੀ ਰਾਮੋ ਦਾ ਨਾਮ ਲੂੰਬੜੀ ਪਾਇਆ ਸੀ, ਜਿਹੜਾ ਬਾਅਦ ਵਿਚ ਬਹੁਤ ਪ੍ਰਚਲਤ ਹੋ ਗਿਆ।

ਇਸ ਘਟਨਾ ਬਾਅਦ, ਰਾਮੋ ਦਾ ਗੁਜ਼ਾਰਾ ਸੌਖਾ ਗਿਆ। ਆਪਣੇ ਤਿੰਨ ਕਿੱਲੇ ਪਾ ਕੇ ਉਹ ਹੁਣ ਪੰਜਾਂ ਕਿੱਲਿਆਂ ਦੀ ਮਾਲਕ ਬਣ ਗਈ ਸੀ ਤੇ ਘਰ ਵੀ ਉਸਨੇ ਆਪਣੇ ਸ਼ਰੀਕਾਂ ਵਰਗਾ ਬਣਵਾ ਲਿਆ ਸੀ। ਇਸ ਜੇਤੂ ਰੌਂਅ ਵਿਚ ਉਸਨੇ ਪਿੰਡ ਵਿਚ ਵਿਚਰਨਾ ਸ਼ੁਰੂ ਕਰ ਦਿੱਤਾ। ਨੰਬਰਦਾਰ ਪਿਆਰਾ ਸਿੰਘ ਉਸ ਉੱਤੇ ਬਹੁਤ ਮਰਦਾ ਸੀ। ਉਸਨੂੰ ਦੋ ਕਿੱਲਿਆਂ ਵਾਲੀ ਕਹਾਣੀ ਦਾ ਵੀ ਪਤਾ ਸੀ। ਉਸਨੇ ਲੂੰਬੜੀ ਦੇ ਘਰ ਆਉਣਾ ਸ਼ੁਰੂ ਕਰ ਦਿੱਤਾ। ਉਹ ਵੀ ਉਹਦੇ ਘਰ ਵਾਲੇ ਨਾਲ ਦਾਰੂ ਪੀਣ ਘਰ ਆ ਜਾਂਦਾ ਤੇ ਮਹਿਫ਼ਲਾਂ ਜੰਮਣ ਲੱਗੀਆਂ। ਲੂੰਬੜੀ ਆਪ ਉਨ੍ਹਾਂ ਲਈ ਮੁਰਗਾ ਭੁੰਨਦੀ ਤੇ ਰੋਟੀ-ਪਾਣੀ ਦਾ ਪ੍ਰਬੰਧ ਕਰਦੀ। ਲੂੰਬੜੀ ਦਾ ਧਿਆਨ ਨੰਬਰਦਾਰ ਦੀ ਜੇਬ ਤੇ ਜ਼ਮੀਨ ਵੱਲ ਸੀ। ਦੋਵੇਂ ਆਪਣੇ-ਆਪਣੇ ਨਿਸ਼ਾਨੇ ਵੱਲ ਵਧ ਰਹੇ ਸਨ। ਇਹ ਦਾਦੂ ਪੰਥੀਆਂ ਦਾ ਡੇਰਾ ਕਈ ਸਾਲ ਨਿਰੰਤਰ ਚੱਲਦਾ ਰਿਹਾ। ਇਸ ਵਿਚ ਫਿਰ ਲੂੰਬੜੀ ਹੀ ਸਫ਼ਲ ਹੋਈ। ਉਸਨੇ ਨੰਬਰਦਾਰ ਕੋਲੋਂ ਪੰਜ ਕਿੱਲੇ ਗਹਿਣੇ 'ਤੇ ਲੈ ਗਏ। ਉਹ ਕਹਿੰਦੀ ਸੀ ਕਿ ਉਸਨੇ ਗਹਿਣੇ ਦੇ ਪੂਰੇ ਪੈਸੇ ਦਿੱਤੇ ਹਨ ਪਰ ਪਿੰਡ ਵਾਲੇ ਉਸਦੀ ਗੱਲ ਨਾਲ ਸਹਿਮਤ ਨਹੀਂ ਸਨ। ਜਿਵੇਂ ਪਿੰਡ ਵਾਲੇ ਉਸਨੂੰ ਟਿੱਚ ਸਮਝਦੇ ਸਨ, ਇਸੇ ਤਰ੍ਹਾਂ ਉਹ ਵੀ ਪਿੰਡ ਵਾਲਿਆਂ ਦੀ ਹਰ ਚਾਲ ਨੂੰ ਟਿੱਚ ਸਮਝਦੀ ਸੀ। ਇਹ ਗਹਿਣੇ ਦੀ ਜ਼ਮੀਨ ਉਸਨੇ ਹੌਲੀ-ਹੌਲੀ ਬੈਅ ਲੈ ਲਈ।

ਨੰਬਰਦਾਰ ਨਾਲ ਯਰਾਨੇ ਦਾ ਉਸਨੂੰ ਬਹੁਤ ਫ਼ਾਇਦਾ ਹੋਇਆ। ਇਕ ਤਾਂ ਉਸਦੀ ਜ਼ਮੀਨ ਜਾਇਦਾਦ ਚੰਗੇ ਗੁਜ਼ਾਰੇ ਜੋਗੀ ਹੋ ਗਈ ਤੇ ਉਸਦਾ ਸ਼ੁਮਾਰ ਵੀ ਪਿੰਡ ਦੇ ਜ਼ਿਮੀਂਦਾਰ ਪਰਿਵਾਰਾਂ ਵਿਚ ਹੋਣ ਲੱਗਾ। ਇਸੇ ਹੀ ਅਰਸੇ ਦੌਰਾਨ ਉਸਦੇ ਘਰ ਇਕ ਲੜਕਾ ਤੇ ਬਾਅਦ ਵਿਚ ਲੜਕੀ ਨੇ ਜਨਮ ਲਿਆ। ਲੜਕੇ ਦੀ ਸ਼ਕਲ ਹੂਬਹੂ ਨੰਬਰਦਾਰ ਨਾਲ ਰਲਦੀ-ਮਿਲਦੀ ਸੀ ਤੇ ਨੰਬਰਦਾਰ ਵਾਂਗ ਉਸਦਾ ਰੰਗ ਸਾਂਵਲਾ ਸੀ। ਪਿੰਡ ਦੇ ਜਾਣੂ ਆਦਮੀ ਉਸ ਲੜਕੇ ਨੂੰ ਲੰਬੜ ਹੀ ਕਹਿ ਕੇ ਸੱਦਣ ਲੱਗੇ। ਲੂੰਬੜੀ ਵਿਚੋਂ ਵਿਚ ਇਸ ਨਾਮ ਨਾਲ ਸੱਦਿਆਂ ਗੁੱਸਾ ਕਰਦੀ ਸੀ ਪਰ ਉਹ ਲੋਕਾਂ ਦਾ ਮੂੰਹ ਬੰਦ ਨਹੀਂ ਸੀ ਕਰ ਸਕਦੀ।

ਦੂਜੇ ਪਾਸੇ ਉਸਦੇ ਘਰ ਵਾਲੇ ਦਾ ਨਾਮ ਸ਼ੰਗਾਰਾ ਸਿੰਘ ਜੀ ਪਰ ਪਿੰਡ ਵਾਲੇ ਉਸਨੂੰ ਲੂੰਬੜ ਹੀ ਕਹਿ ਕੇ ਬੁਲਾਉਂਦੇ ਸਨ। ਉਸਦੀ ਸਿਹਤ ਦਾਰੂ ਪੀ-ਪੀ ਕੇ ਜ਼ਰਜਰੀ ਹੋ ਚੁੱਕੀ ਸੀ। ਉਹ ਹਾਲੇ ਮਸਾਂ ਚਾਲੀ ਸਾਲਾਂ ਦਾ ਸੀ ਪਰ ਲਗਦਾ ਸੱਠਾਂ-ਪੈਂਠਾਂ ਦਾ ਸੀ। ਲੋਕ ਲੂੰਬੜੀ ਸਾਹਮਣੇ ਕੁਝ ਕਹਿਣ ਦੀ ਹਿੰਮਤ ਤਾਂ ਨਹੀਂ ਸਨ ਰੱਖਦੇ ਇਸ ਲਈ ਉਨ੍ਹਾਂ ਨੇ ਲੂੰਬੜ ਨੂੰ ਛੇੜਨਾ ਸ਼ੁਰੂ ਕਰ ਦਿੱਤਾ। ਖ਼ਾਸ ਕਰਕੇ ਸ਼ਰੀਕਾਂ ਨੇ ਉਹਨੂੰ ਚੁੱਕਿਆ ਕਿ—'ਤੇਰੀ ਘਰਵਾਲੀ ਤੇਰੇ ਵੱਸ ਵਿਚ ਨਹੀਂ, ਐਵੇਂ ਬੇਗਾਨੀਆਂ ਖੁਰਲੀਆਂ 'ਤੇ ਤੁਰੀ ਫਿਰਦੀ ਐ।' ਉਹ ਪਹਿਲਾਂ ਤਾਂ ਇਨ੍ਹਾਂ ਸ਼ਿਕਾਇਤਾਂ ਨੂੰ ਚੁਗਲੀਆਂ ਸਮਝਦਾ ਸੀ ਪਰੰਤੂ ਹੁਣ ਉਸਨੂੰ ਇਨ੍ਹਾਂ ਗੱਲਾਂ ਵਿਚ ਸੱਚਾਈ ਭਾਸਣ ਲੱਗੀ।

ਉਸਨੇ ਇਕ ਦਿਨ ਹਿੰਮਤ ਕਰਕੇ ਦੋ ਦਾਰੂ ਦੇ ਹਾੜੇ ਚੁੱਕੇ ਤੇ ਲੂੰਬੜੀ ਨੂੰ ਕਹਿਣ ਲੱਗਾ— 'ਤੂੰ ਘਰ ਰਿਹਾ ਕਰ...ਲੋਕੀ ਐਵੇਂ ਵੰਨ-ਸੁਵੰਨੀਆਂ ਗੱਲਾਂ ਕਰਦੇ ਨੇ। ਤੂੰ ਅੱਜ ਤੋਂ ਘਰੋਂ ਬਾਹਰ ਨਹੀਂ ਪੈਰ ਪਾਉਣਾ। ਸੁਣ ਲਿਆ ਈ, ਬੰਦੇ ਦੀ ਪੁੱਤ ਬਣ ਕੇ ਹੁਣ ਬਹਿ ਜਾ ਘਰ 'ਰਾਮ ਨਾਲ।' ਲੂੰਬੜੀ ਸ਼ੰਗਾਰੇ ਦੀ ਹਿੰਮਤ ਵੇਖ ਕੇ ਪਹਿਲਾਂ ਤਾਂ ਤ੍ਰਬਕ ਗਈ ਪਰ ਉਸਨੇ ਉਸਦੇ ਦੰਦ ਗਿਣੇ ਹੋਏ ਸਨ। ਬੱਚੇ ਪੜ੍ਹਨ ਗਏ ਹੋਏ ਸਨ। ਇਸ ਲਈ ਉਸਨੇ ਘਰ ਦਾ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ ਤੇ ਇਕ-ਇਕ ਕਰਕੇ ਆਪਣੇ ਸਾਰੇ ਕੱਪੜੇ ਲਾਹ ਦਿੱਤੇ ਅਤੇ ਸ਼ੰਗਾਰੇ ਦਾ ਸਾਹਮਣੇ ਹੋ ਕੇ ਆਖਣ ਲੱਗੀ—'ਜੇ ਮਰਦ ਏਂ ਤਾਂ ਸਿੱਧਾ ਹੋ ਜਾ! ਮੈਂ ਤੇਰੀਆਂ ਇਹ ਗੱਲਾਂ ਪਹਿਲਾਂ ਵੀ ਸੁਣੀਆਂ ਨੇ। ਮੈਨੂੰ ਪਤਾ ਏ ਕਿ ਤੂੰ ਕਾਸੇ ਜੋਗਾ ਨਹੀਂ। ਜੇਕਰ ਬੰਦੇ ਦਾ ਪੁੱਤ ਏਂ ਤਾਂ ਆ ਮੈਦਾਨ ਵਿਚ...ਪਰ ਤੂੰ ਤਾਂ ਹੈ ਈ ਕੌਡੀਓਂ ਖੋਟਾ।" ਲੂੰਬੜੀ ਸ਼ੰਗਾਰੇ ਨੂੰ ਜਿਉਂ-ਜਿਉਂ ਆਪਣੇ ਵੱਲ ਖਿੱਚਦੀ ਹੈ ਉਹ ਤਿਉਂ-ਤਿਉਂ ਪਿੱਛੇ ਹਟਦਾ ਜਾਂਦਾ ਤੇ ਭਿੱਜੀ ਬਿੱਲੀ ਬਣ ਕੇ ਇਕ ਨੁੱਕਰੇ ਮੰਜੇ 'ਤੇ ਬਹਿ ਗਿਆ।

ਲੂੰਬੜੀ ਨੇ ਫਿਰ ਸਾਰੇ ਕੱਪੜੇ ਪਾਏ ਤੇ ਸ਼ੰਗਾਰੇ ਦੇ ਗਲ ਵਿਚ ਦੁਪੱਟਾ ਪਾ ਕੇ ਉਸਨੂੰ ਖਿਝ ਕੇ ਆਖਣ ਲੱਗੀ—'ਸੁਣ ਵੇ ਸਰਦਾਰਾ! ਜੇਕਰ ਸੁਣਨ 'ਤੇ ਹੀ ਆਇਆ ਏਂ। ਜੇਕਰ ਮੈਂ ਤੇਰੇ ਆਸਰੇ ਬੈਠੇ ਰਹਿੰਦੀ ਤਾਂ ਜਿਹੜੇ ਦੋ-ਢਾਈ ਕਿੱਲੇ ਹੈਗੇ ਸੀ ਉਹ ਵੀ ਤੇਰੀ ਸ਼ਰਾਬ ਦੇ ਮੂੰਹ ਚੜ੍ਹ ਜਾਣੇ ਸੀ। ਅੱਜ ਜੇਕਰ ਤੂੰ ਰੋਟੀ ਖਾਣ ਲੱਗਿਆਂ ਏਂ ਤਾਂ ਤੈਨੂੰ ਗੱਲਾਂ ਆਉਣ ਲੱਗ ਪਈਆਂ ਨੇ। ਜੇਕਰ ਪੱਛੀ ਲੱਗਣਿਆਂ ਤੇਰੇ ਆਸਰੇ ਬੈਠੀ ਰਹਿੰਦੀ ਤਾਂ ਮੇਰੀ ਗੋਦ ਵੀ ਸੱਖਣੀ ਰਹਿਣੀ ਸੀ। ਜੇਕਰ ਤੈਨੂੰ ਅੱਜ ਜੱਗ ਦੇ ਸਾਹਮਣੇ ਦੋ ਬੱਚਿਆਂ ਦਾ ਬਾਪ ਬਣਾਇਆ ਏ ਤਾਂ ਕੁੱਤੇ ਨੂੰ ਘਿਉ ਪਚਦਾ ਨਹੀਂ। ਅੱਗੇ ਤੋਂ ਜੇਕਰ ਮੇਰੇ 'ਤੇ ਪਾਬੰਦੀ ਲਾਈ ਤਾਂ ਗਿੱਚੀ ਮਰੋੜ ਦੂੰਗੀ।' ਸ਼ੰਗਾਰਾ ਬਹੁਤ ਹੀ ਸਹਿਮ ਗਿਆ ਤੇ ਮਾਫ਼ੀ ਮੰਗ ਕੇ ਉਸਦੇ ਪੈਰੀਂ ਪੈ ਗਿਆ। ਲੂੰਬੜੀ ਖਿਝ ਕੇ ਪੈਰ ਛੁਡਾਉਂਦੀ ਹੋਈ ਬਾਹਰਲਾ ਦਰਵਾਜ਼ਾ ਖੋਲ੍ਹਣ ਚਲੇ ਗਈ।

ਪਿੰਡ ਵਿਚ ਲੋਕ ਉਸਦੀ ਪਿੱਠ ਪਿੱਛੇ ਉਸਦੀ ਨਿੰਦਿਆ ਚੁਗਲੀ ਕਰਦੇ ਸਨ ਪਰ ਸਾਹਮਣੇ ਮੂੰਹ 'ਤੇ ਗੱਲ ਕਰਨ ਵਾਲਾ ਹਾਲੇ ਪਿੰਡ ਵਿਚ ਨਹੀਂ ਸੀ ਜੰਮਿਆ। ਉਸਨੇ ਪਿੰਡ ਦੇ ਮੋਹਤਬਰ ਕਾਣੇ ਕਰ ਰੱਖੇ ਸਨ। ਲੂੰਬੜੀ ਹਾਲੇ ਵੀ ਕਦੀ-ਕਦਾਈਂ ਪਿੰਡ ਵਿਚ ਘੁੰਮ ਫਿਰ

ਆਉਂਦੀ। ਸਰਪੰਚ ਦਾ ਛੋਟਾ ਭਰਾ ਉਸਦਾ ਪੁਰਾਣਾ ਹਮਦਰਦੀ ਸੀ। ਉਹ ਸ਼ੁਰੂ-ਸ਼ੁਰੂ ਵਿਚ ਤਾਂ ਬਹੁਤ ਤੇ ਅੱਜ-ਕੱਲ੍ਹ ਵੀ ਲੂੰਬੜੀ ਦੇ ਘਰ ਫੇਰਾ-ਤੋਰਾ ਰੱਖਦਾ ਸੀ। ਕਿਸੇ ਨਾ ਕਿਸੇ ਬਹਾਨੇ ਉਹ ਲੂੰਬੜੀ ਦੇ ਘਰ ਚਾਹ ਪੀ ਜਾਂਦਾ। ਉਸਦੇ ਘਰ ਕੋਈ ਔਲਾਦ ਨਹੀਂ ਸੀ ਹੋਈ। ਦੋ ਲੜਕੇ ਹੋਏ ਸਨ ਪਰ ਛੋਟੀ ਅਵਸਥਾ ਵਿਚ ਹੀ ਉਹ ਵਾਹਿਗੁਰੂ ਨੂੰ ਪਿਆਰੇ ਹੋ ਗਏ। ਉਸਨੇ ਆਪਣੇ ਵੱਡੇ ਭਰਾ ਨਾਲ ਲੜ ਕੇ ਆਪਣੀ ਅੱਠੇ ਕਿੱਲੇ ਜ਼ਮੀਨ ਲੂੰਬੜੀ ਦੇ ਬੱਚਿਆਂ ਦੇ ਨਾਮ ਲਗਵਾ ਦਿੱਤੀ ਤੇ ਵਸੀਅਤ ਵੀ ਕਰਵਾ ਦਿੱਤੀ। ਉਸਦੇ ਸਾਰੇ ਸ਼ਰੀਕੇ ਵਿਚ ਹਲਚਲ ਮਚ ਗਈ। ਲੂੰਬੜੀ ਦੇ ਇਸ ਕਾਰੇ ਨਾਲ, ਸਰਪੰਚ ਦਾ ਸਾਰਾ ਪਰਿਵਾਰ ਜੋ ਕਿ ਇਸ ਜ਼ਮੀਨ ਦਾ ਦਾਅਵੇਦਾਰ ਵੀ ਸੀ, ਲੂੰਬੜੀ ਦੇ ਬਰਖਿਲਾਫ਼ ਹੋ ਗਿਆ। ਇਕ ਵਾਰੀ ਸਰਪੰਚਾਂ ਦੀਆਂ ਜ਼ਨਾਨੀਆਂ ਨੇ ਇਕੱਠੀਆਂ ਹੋ ਕੇ ਲੂੰਬੜੀ ਨੂੰ ਘਰ ਜਾ ਕੇ ਢਾਹ ਲਿਆ। ਗੁਆਂਢੀਆਂ ਨੇ ਮਸਾਂ ਛੱਡ-ਛੁਡਵਾਈ ਕਰਵਾਈ ਨਹੀਂ ਤਾਂ ਉਨ੍ਹਾਂ ਨੇ ਲੂੰਬੜੀ ਦਾ ਬਹੁਤ ਨੁਕਸਾਨ ਕਰਨਾ ਸੀ।

ਲੂੰਬੜੀ ਦੇ ਦੋਵੇਂ ਬੱਚੇ ਹੁਣ ਕਾਲਜ ਜਾਣ ਵਾਲੇ ਹੋ ਗਏ ਸਨ। ਪਿੰਡ ਵਿਚ ਵਧ ਰਹੀ ਕਸ਼ੀਦਗੀ ਵੱਲ ਵੇਖ ਕੇ ਉਸਦੇ ਚਹੇਤਿਆਂ ਨੇ ਉਸਨੂੰ ਮਸ਼ਵਰਾ ਦਿੱਤਾ ਕਿ ਉਹ ਬੱਚਿਆਂ ਦੀ ਪੜ੍ਹਾਈ ਦੇ ਪੱਜ ਆਪਣੀ ਰਿਹਾਇਸ਼ ਸ਼ਹਿਰ ਲੈ ਜਾਵੇ। ਉਸਨੂੰ ਇਹ ਸਲਾਹ ਚੰਗੀ ਲੱਗੀ। ਕੁਝ ਦਿਨਾਂ ਬਾਅਦ ਉਹ ਸ਼ਹਿਰ ਵਿਚ ਕਿਰਾਏ 'ਤੇ ਮਕਾਨ ਲੈ ਕੇ ਬੱਚੇ ਪੜ੍ਹਾਉਣ ਲੱਗੀ। ਲੂੰਬੜ ਪਿੰਡ ਦੇ ਮਕਾਨ ਵਿਚ ਹੀ ਰਹਿਣ ਲੱਗਾ ਤੇ ਨਾਲੇ ਲੂੰਬੜੀ ਤੋਂ ਦੂਰ ਰਹਿ ਕੇ ਉਹ ਖ਼ੁਸ਼ ਹੁੰਦਾ ਸੀ।

ਅੱਜ ਕੱਲ੍ਹ ਵੀ ਉਸਦੇ ਪਿੰਡ ਦੇ ਲੋਕ ਉਸਨੂੰ ਮਿਲਣ-ਗਿਲਣ ਉਸ ਕੋਲ ਸ਼ਹਿਰ ਆਉਂਦੇ ਹਨ। ਉਸਦਾ ਮਾੜਾ-ਮੋਟਾ ਸ਼ਾਹੂਕਾਰਾ ਵੀ ਚਲਦਾ ਏ। ਜਿਨ੍ਹਾਂ ਕੋਲੋਂ ਕਿਸੇ ਵੇਲੇ ਉਹ ਲੋੜ ਵੇਲੇ ਪੈਸਾ-ਧੇਲਾ ਉਧਾਰਾ ਲੈਂਦੀ ਸੀ, ਅੱਜ ਉਨ੍ਹਾਂ ਦੀ ਉਹ ਸ਼ਾਹਣੀ ਬਣੀ ਬੈਠੀ ਹੈ। ਨੰਬਰਦਾਰ ਦੇ ਵੱਡੇ ਲੜਕੇ ਦੇ ਵਿਆਹ ਤੇ ਜਦ ਉਹ ਪਿੰਡ ਆਈ ਤਾਂ ਸਰਪੰਚਾਂ ਦੇ ਟੱਬਰ ਵਿਚ ਘੁਸਰ-ਮੁਸਰ ਹੋਣ ਲੱਗੀ। ਕਈ ਉਸ ਨੂੰ ਸੱਟਾਂ ਲਾਉਣ ਲਈ ਸੋਚ ਰਹੇ ਸਨ ਪਰ ਉਹ ਸ਼ੇਰ ਦੀ ਬੱਚੀ ਆਰਾਮ ਨਾਲ ਸ਼ਗਨਾਂ-ਵਿਹਾਰਾਂ ਨਾਲ ਵਿਆਹ ਵੇਖ ਕੇ ਮੱਖਣ ਦੇ ਵਾਲ ਵਾਂਗ ਪਿੰਡ ਵਿਚੋਂ ਨਿਕਲ ਗਈ। ਸਰਪੰਚਾਂ ਦੀਆਂ ਜ਼ਨਾਨੀਆਂ ਦੂਰੋਂ ਹੀ ਮੂੰਹ ਵਿਚ ਉਂਗਲੀਆਂ ਟੁੱਕਦੀਆਂ ਰਹਿ ਗਈਆਂ। ਉਹਨੂੰ ਪ੍ਰਵਾਹ ਨਹੀਂ ਸੀ ਟੁੰਡੇਲਾਟ ਦੀ। ਕਿਸੇ ਸਿਆਣੀ ਜ਼ਨਾਨੀ ਨੇ ਉਸਨੂੰ ਮਸ਼ਵਰਾ ਦਿੱਤਾ ਕਿ ਉਹ ਪਰਾਏ ਮਰਦਾਂ ਨਾਲ ਨਾ ਫਿਰਿਆ ਕਰੇ। ਲੂੰਬੜੀ ਨੇ ਸਹਿਜ ਭਾਅ ਆਖਿਆ, "ਭੈਣੇ, ਮੈਨੂੰ ਤਾਂ ਕੋਈ ਪਰਾਇਆ ਨਜ਼ਰ ਨਹੀਂ ਆਉਂਦਾ। ਐਵੇਂ ਕਿਉਂ ਮੈਂ ਆਪਣਿਆਂ ਨੂੰ ਹੀ ਤੋੜ-ਤੋੜ ਗਲੋਂ ਲਾਹੁੰਦੀ ਫਿਰਾਂ।"

ਦੀਪੋ

'ਤੈਨੂੰ ਵੇਖਿਆਂ ਸਿਦਕ ਨਾ ਆਵੇ, ਯਾਰਾ ਤੇਰਾ ਘੁੱਟ ਭਰ ਲਾਂ'

ਦੀਪੋ ਜਦੋਂ ਪਿੰਡ ਵਿਆਹੀ ਆਈ ਤਾਂ ਸਾਰਾ ਵਿਹੜਾ ਉਸਨੂੰ ਵੇਖਣ ਲਈ ਢੁੱਕਾ ਸੀ। ਉਹ ਲੰਮੀ-ਉੱਚੀ ਗੋਰੀ ਤੇ ਗੋਲ-ਮੋਲ ਨੈਣਾਂ-ਨਕਸ਼ਾਂ ਵਾਲੀ ਸੁੰਦਰ ਮੁਟਿਆਰ ਸੀ। ਉਸਨੂੰ ਵੇਖਣ ਵਾਲਾ ਇਹ ਕਦੀ ਨਹੀਂ ਸੀ ਕਹਿ ਸਕਦਾ ਕਿ ਉਹ ਨੱਥੂ ਚਮਿਆਰ ਦੀ ਨੂੰਹ ਹੈ। ਉਹ ਜ਼ਿਮੀਦਾਰਾਂ ਦੀ ਨੂੰਹ ਲਗਦੀ ਸੀ ਪਰ ਉਸਦੀ ਤਕਦੀਰ ਉਸਨੂੰ ਠੱਠੀ ਵਿਚ ਲੈ ਵੜੀ। ਉਸਦਾ ਘਰ ਵਾਲਾ ਨੱਥੂ ਚਾਮੜੀਏ ਦਾ ਇਕਲੌਤਾ ਪੁੱਤਰ ਸੀ। ਉਸਦੀ ਕਾਇਆ ਬਹੁਤ ਹੀ ਕਮਜ਼ੋਰ ਸੀ। ਉਸਨੂੰ ਉਸਦੀ ਮਾਂ ਨੇ ਬਾਬਿਆਂ ਦੇ ਅਸ਼ੀਰਵਾਦ ਨਾਲ ਝੋਲੀ ਪਾਇਆ ਸੀ। ਉਹ ਦੁਬਲਾ-ਪਤਲਾ ਤੇ ਹੜਬਾਂ ਨਿਕਲੀਆਂ ਹੋਈਆਂ ਸਨ। ਹਨੇਰੀ ਆਵੇ ਤਾਂ ਉਸਦੇ ਉੱਡਣ ਦਾ ਖ਼ਤਰ ਹੋ ਜਾਂਦਾ ਸੀ। ਉਹ ਜਦੋਂ ਦੀਪੋ ਨਾਲ ਬਾਹਰ ਨਿਕਲਦਾ ਤਾਂ ਵੇਖਣ ਵਾਲੇ ਆਖਦੇ—'ਧੜ ਦੇ ਨਾਲ ਮਾਂਜਾ ਪਿਆ ਜਾ ਰਿਹੈ।' ਪਰ ਦੀਪੋ ਨੇ ਉਸਨੂੰ ਆਪਣੀ ਤਕਦੀਰ ਸਮਝ ਕੇ ਉਸ ਨਾਲ ਵੱਸਣਾ ਕਬੂਲ ਕਰ ਲਿਆ ਸੀ।

ਉਸਦੇ ਘਰ ਹੇਠ ਉਪਰ ਤਿੰਨ ਪੁੱਤਰ ਹੋਏ। ਘਰ ਵਾਲਿਆਂ ਬੜੇ ਸ਼ਗਨ ਮਨਾਏ ਤੇ ਲੋਹੜੀਆਂ ਵੰਡੀਆਂ। ਦੀਪੋ ਜਾਣਦੀ ਸੀ ਕਿ ਜੇਕਰ ਉਹ ਮਿੰਦੇ ਉਪਰ ਹੀ ਉਮੀਦਾਂ ਲਾਈ ਰੱਖਦੀ ਤਾਂ ਉਹਦੇ ਕੋਈ ਔਲਾਦ ਨਹੀਂ ਸੀ ਹੋਣੀ। ਘਰ ਦੀ ਰੋਜ਼ੀ ਰੋਟੀ ਚਲਾਉਣ ਦਾ ਕੋਈ ਵਸੀਲਾ ਨਹੀਂ ਸੀ। ਮਿੰਦਾ ਸ਼ੁਰੂ ਤੋਂ ਵਿਹਲੜ ਤੇ ਨਿਕੰਮਾ ਸੀ। ਉਹ ਘਰ ਦਿਆਂ ਦਾ ਸ਼ਿੰਦਾ ਪੁੱਤਰ ਹੋਣ ਕਰਕੇ ਕੋਈ ਕੰਮ ਨਹੀਂ ਸੀ ਕਰਦਾ। ਨੱਥੂ ਡੰਗਰਾਂ ਦੀਆਂ ਖੱਲਾਂ ਲਾਹੁਣ ਦਾ ਕੰਮ ਕਰਦਾ ਸੀ ਤੇ ਡੰਗਰ ਕੋਈ ਨਾ ਕੋਈ ਮਰਦਾ ਹੀ ਰਹਿੰਦਾ ਸੀ। ਜਦੋਂ ਡੰਗਰਾਂ ਨੂੰ ਬਿਮਾਰੀ ਪੈ ਜਾਵੇ ਤਾਂ ਨੱਥੂ ਦੀ ਦੁਬਈ ਲੱਗ ਜਾਂਦੀ ਸੀ। ਇਸ ਕਰਕੇ ਮਿੰਦਾ ਕੋਈ ਕੰਮ ਨਾ ਕਰਦਾ ਤੇ ਪਿਉ ਦੀ ਕਮਾਈ ਤੇ ਹੀ ਤੁਰਿਆ ਫਿਰਦਾ ਸੀ। ਵਿਆਹ ਤੋਂ ਬਾਅਦ ਵੀ ਉਸ ਨੂੰ ਕੰਮ ਕਰਨ ਦੀ ਆਦਤ ਨਾ ਪਈ। ਉਹ ਖਾਣ-ਪੀਣ ਦਾ ਸ਼ੌਕੀਨ ਸੀ। ਉਹ ਸਰਪੰਚਾਂ ਦੇ ਸਰਵਨ ਨਾਲ ਤੁਰਿਆ ਫਿਰਦਾ ਤੇ ਉਥੇ ਹੀ ਖਾ-ਪੀ ਲੈਂਦਾ ਤੇ ਸ਼ਾਮ ਨੂੰ ਮਨੇਰੇ ਘਰ ਪਰਤਦਾ।

ਦੀਪੋ ਨੇ ਆਪਣੇ ਘਰ ਨੂੰ ਚਲਾਉਣ ਲਈ ਦਾਈ ਦਾ ਕੰਮ ਸਿੱਖਣਾ ਸ਼ੁਰੂ ਕਰ ਦਿੱਤਾ। ਉਹ ਇਕ ਸਾਲ ਤੋਂ ਵੱਧ ਪਿੰਡ ਦੀ ਇਕ ਨਰਸ ਨਾਲ ਦਾਈਪੁਣੇ ਦਾ ਕੰਮ ਕਰਦੀ ਰਹੀ ਅਤੇ ਜਦੋਂ ਉਸ ਨਰਸ ਦਾ ਵਿਆਹ ਹੋਣ ਕਰਕੇ ਉਹ ਆਪਣੇ ਸੌਹਰੇ ਚਲੀ ਗਈ ਤਾਂ ਦੀਪੋ

ਨੇ ਪਿੰਡ ਵਿਚ ਖ਼ੁਦ ਹੀ ਦਾਈਪੁਣੇ ਦਾ ਕੰਮ ਸ਼ੁਰੂ ਕਰ ਦਿੱਤਾ। ਉਸਦਾ ਹੱਥ ਸਾਫ਼ ਸੀ ਕਿਉਂਕਿ ਉਸਦੇ ਆਪਣੇ ਤਿੰਨ ਮੁੰਡੇ ਹੀ ਹੋਏ ਸਨ ਇਸ ਲਈ 'ਮੁੰਡਿਆਂ' ਦੇ ਸ਼ੌਕੀਨ ਮਾਪੇ ਉਸਨੂੰ ਬੁਲਾ ਲੈਂਦੇ ਸਨ। ਨਾਲੇ ਗੰਗਾ ਦੇ ਦਰਸ਼ਨ, ਨਾਲੇ ਵੰਗਾਂ ਦਾ ਵਪਾਰ। ਦੀਪੋ ਨੂੰ ਵੇਖਣ ਵਾਲੇ ਵੇਖਦੇ ਹੀ ਰਹਿ ਜਾਂਦੇ ਸਨ। ਭਾਵੇਂ ਉਹ ਤਿੰਨ ਬੱਚਿਆਂ ਦੀ ਮਾਂ ਸੀ ਪਰ ਉਸਦਾ ਚਿਹਰਾ ਮੋਹਰਾ ਫਿਰ ਵੀ ਆਕਰਸ਼ਕ ਤੇ ਪ੍ਰਭਾਵਸ਼ਾਲੀ ਸੀ। ਸੱਦਣ ਵਾਲੇ ਉਸ ਵੱਲ ਵੀ ਚੋਰੀ ਅੱਖ ਨਾਲ ਵੇਖਦੇ ਰਹਿੰਦੇ ਸਨ। ਉਸਦੀ ਉਹ ਸੇਵਾ ਕਰਨ ਵਿਚ ਫ਼ਖ਼ਰ ਮਹਿਸੂਸ ਕਰਦੇ ਅਤੇ ਦੀਪੋ ਉਨ੍ਹਾਂ ਦੀ ਘਰਵਾਲੀ ਦੀ ਸੇਵਾ ਸੰਭਾਲ ਕਰਦੀ। ਉਸ ਵਿਚ ਲੋਹੜੇ ਦੀ ਜਾਨ ਸੀ। ਇਸ ਲਈ ਉਹ ਬੱਚੇ ਦੀ ਮਾਂ ਦੀ ਘੁਟਾਈ ਬੜੀ ਰੀਝ ਨਾਲ ਕਰਦੀ। ਘਰ ਵਾਲੇ ਖ਼ੁਸ਼ ਹੋ ਕੇ ਉਸਨੂੰ ਮੂੰਹ-ਮੰਗੀਆਂ ਸੁਗਾਤਾਂ ਤੇ ਸ਼ਗਨ ਦਿੰਦੇ। ਦੀਪੋ ਝੋਲੀ ਭਰ ਕੇ ਘਰ ਪਰਤਦੀ ਅਤੇ ਘਰਵਾਲੇ ਵੀ ਖਾ-ਪੀ ਕੇ ਖ਼ੁਸ਼ੀਆਂ ਮਨਾਉਂਦੇ। ਖਾਣ-ਪੀਣ ਵਾਲੀਆਂ ਚੀਜ਼ਾਂ ਨਾਲ ਦੀਪੋ ਦਾ ਘਰ ਭਰਿਆ ਰਹਿੰਦਾ ਸੀ। ਮੁੰਡੇ ਵੀ ਖ਼ੁਸ਼ ਤੇ ਮੁੰਡਿਆਂ ਦਾ ਪਿਉ ਵੀ ਖ਼ੁਸ਼।

ਖਾਣ-ਪੀਣ ਵਾਲੀਆਂ ਵਸਤੂਆਂ ਜੋ ਕਿ ਦੀਪੋ ਨੂੰ ਬੱਚਿਆਂ ਦਿਆਂ ਘਰੋਂ ਮਿਲਦੀਆਂ ਸਨ, ਉਹ ਆਪਣੀ ਲੋਹੇ ਦੀ ਪੇਟੀ ਵਿਚ ਲਿਆ ਕੇ ਰੱਖ ਦਿੰਦੀ ਸੀ। ਮੁੰਡਿਆਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ। ਉਨ੍ਹਾਂ ਨੇ ਦੀਪੋ ਦੀ ਗ਼ੈਰਹਾਜ਼ਰੀ ਵਿਚ ਇਹ ਲੋਹੇ ਦੀ ਪੇਟੀ ਖੋਲ੍ਹੀ ਤੇ ਖਾਣ ਵਾਲੇ ਸਮਾਨ ਨੂੰ ਟੁੱਟ ਕੇ ਪੈ ਗਏ। ਉਨ੍ਹਾਂ ਨੇ ਬਹੁਤ ਸਾਰੀਆਂ ਮਠਿਆਈਆਂ ਨਾਲ ਲੇਹੜੇ ਲਾਏ। ਉਨ੍ਹਾਂ ਨੂੰ ਹਟਣ ਦਾ ਚੇਤਾ ਹੀ ਭੁੱਲ ਗਿਆ। ਸਾਰੇ ਮੁੰਡੇ ਲੋੜ ਨਾਲੋਂ ਵੱਧ ਖਾ ਗਏ। ਇਕ ਨੂੰ ਉਪਰ ਛਾਲਾਂ ਆਉਣ ਲੱਗੀਆਂ ਤੇ ਉਹ ਪੇਟ ਦਰਦ ਨਾਲ ਰੋਣ ਲੱਗਾ। ਏਨੇ ਨੂੰ ਦੀਪੋ ਵੀ ਘਰ ਵਾਪਸ ਪਰਤ ਆਈ। ਉਸਨੇ ਵੇਖਿਆ ਕਿ ਵੱਡਾ ਮੁੰਡਾ ਉਪਰ ਛਾਲਾਂ ਕਰ ਰਿਹਾ ਹੈ। ਬਾਹਰ ਨਿਕਲੀ ਸਮੱਗਰੀ ਨੂੰ ਉਸਨੇ ਪਹਿਚਾਣਦੇ ਹੋਏ ਆਖਿਆ—'ਇਹ ਲੱਡੂ ਤਾਂ ਮੈਂ ਚੱਕੀਆਂ ਦੇ ਘਰੋਂ ਲਿਆਂਦੇ ਸਨ। ਇਹ ਜਲੇਬ ਤਾਂ ਸਰਪੰਚਾਂ ਦੇ ਘਰੋਂ ਲਿਆਂਦੇ ਸਨ। ਇਹ ਬਾਲੂਸ਼ਾਹੀ ਤਾਂ ਮੈਂ ਹਕੀਮਾਂ ਦੇ ਘਰੋਂ ਲਿਆਈ ਸਾਂ।' ਉਸਨੇ ਪੇਟੀ ਖੋਲ੍ਹ ਕੇ ਵੇਖੀ ਤਾਂ ਸਭ ਕੁਝ ਚਟਮ ਸੀ। ਉਹ ਗ਼ੁੱਸੇ ਵਿਚ ਆ ਕੇ ਮੁੰਡਿਆਂ ਨੂੰ ਕੁੱਟਣ ਲੱਗੀ ਤੇ ਮੁੰਡੇ ਕੁੱਟ ਤੋਂ ਡਰਦੇ ਮਾਰੇ ਬਾਹਰ ਭੱਜਣ ਲੱਗੇ।

ਮਿੰਦਾ ਆਪਣਾ ਬਹੁਤਾ ਸਮਾਂ ਸਰਪੰਚ ਦੇ ਵੱਡੇ ਲੜਕੇ ਸਰਵਣ ਦੇ ਘਰ ਬਿਤਾਉਂਦਾ ਸੀ। ਸਰਵਨ ਉਹਨੂੰ ਦਾਰੂ ਪਾਣੀ ਪਿਲਾ ਛੱਡਦਾ ਅਤੇ ਆਏ ਗਏ ਲਈ ਮੁਰਗਾ ਬਣਾਉਣ ਲਈ ਆਖਦਾ। ਮਿੰਦਾ ਮੁਰਗਾ ਬੜੀ ਰੀਝ ਨਾਲ ਬਣਾਉਂਦਾ ਸੀ ਕਿ ਖਾਣ ਵਾਲੇ ਉਂਗਲਾਂ ਚੱਟਦੇ ਰਹਿ ਜਾਂਦੇ ਸਨ। ਦੀਪੋ ਪਹਿਲੀ ਵਾਰ ਸਰਵਨ ਦੇ ਘਰ ਉਸ ਵਕਤ ਆਈ ਜਦੋਂ ਸਰਵਨ ਦੀ ਵਹੁਟੀ ਦੇ ਘਰ ਬੱਚਾ ਹੋਣ ਵਾਲਾ ਸੀ। ਉਸੇ ਸਮੇਂ ਦੌਰਾਨ ਸਰਵਨ ਦੀ ਦੀਪੋ ਨਾਲ ਗਿਟ-ਮਿਟ ਹੋ ਗਈ ਸੀ। ਸਰਵਨ ਦੇ ਘਰਵਾਲੀ ਦੀਪੋ ਦੇ ਮੁਕਾਬਲੇ ਪਾਸਕੂ ਵੀ ਨਹੀਂ ਸੀ। ਸਰਵਨ ਦੀਪੋ ਉਪਰ ਲੱਟੂ ਹੋ ਗਿਆ ਸੀ। ਬਾਅਦ ਵਿਚ ਜਦ ਦੀਪੋ ਦਾ ਸਰਵਨ ਦੇ ਘਰ ਆਮ ਆਉਣ-ਜਾਣ ਹੋ ਗਿਆ ਤਾਂ ਲੋਕਾਂ ਨੇ ਮਿੰਦੇ ਨੂੰ ਤਾਹਣੇ-ਮਿਹਣੇ ਮਾਰਨੇ ਸ਼ੁਰੂ

ਕਰ ਦਿੱਤੇ। ਮਿੰਦੇ ਦੇ ਸਭਤੋਂ ਛੋਟੇ ਮੁੰਡੇ ਦੀ ਤਾਂ ਸ਼ਕਲ ਵੀ ਹੂਬਹੂ ਸਰਵਨ ਨਾਲ ਮਿਲਦੀ ਜੁਲਦੀ ਸੀ। ਲੋਕੀ ਮਿੰਦੇ ਨੂੰ ਸਰਵਨ ਬਾਰੇ ਆਖਦੇ ਤਾਂ ਮਿੰਦਾ ਅੱਗੋਂ ਬੋਲਦਾ—'ਸਰਵਨ ਤਾਂ ਮੇਰਾ ਸਾਂਢੂ ਐ...ਮੇਰੇ ਕੋਲੋਂ ਨਹੀਂ ਏਨੇ ਵੱਡੀ ਭਗੀ ਚੁੱਕੀ ਜਾਂਦੀ। ਸਰਵਨ ਨਾ ਹੁੰਦਾ ਤਾਂ ਮੈਂ ਇਸ ਪੰਡ ਥੱਲੇ ਹੀ ਦੱਬੇ ਜਾਣਾ ਸੀ। ਮੈਨੂੰ ਸਰਵਨ ਨੇ ਬਚਾਇਆ ਹੈ, ਨਹੀਂ ਤਾਂ ਦੀਪੋ ਨੇ ਕਦੋਂ ਦੀ ਭੱਜ ਜਾਣਾ ਸੀ।

ਇਕ ਵਾਰੀ ਲਾਗਲੇ ਪਿੰਡ ਮਾਨਾਂਵਾਲੇ ਤੋਂ ਦੋ ਮੋਹਤਬਰ ਬੰਦੇ ਰਾਤ ਦੀਪੋ ਦਾਈ ਨੂੰ ਲੈਣ ਆਏ। ਉਨ੍ਹਾਂ ਦੀ ਨੂੰਹ ਦੇ ਬੱਚਾ ਹੋਣ ਵਾਲਾ ਸੀ। ਉਨ੍ਹਾਂ ਨੇ ਦੂਣੀ ਫੀਸ ਦੇਣ ਦਾ ਵਾਅਦੇ ਕਰਕੇ ਦੀਪੋ ਨੂੰ ਜਾਣ ਲਈ ਰਾਜ਼ੀ ਕਰ ਲਿਆ। ਜਦੋਂ ਦੀਪੋ ਉਨ੍ਹਾਂ ਦੀ ਕਾਰ ਵਿਚ ਬੈਠ ਕੇ ਉਨ੍ਹਾਂ ਦੇ ਘਰ ਗਈ ਤਾਂ ਦੀਪੋ ਨੂੰ ਉਨ੍ਹਾਂ ਦੀਆਂ ਭਾਵਨਾਵਾਂ ਦਾ ਪਤਾ ਲੱਗਾ। ਉਹ ਲੁੱਟੀ ਪੁੱਟੀ ਗਈ। ਉਸਦੀ ਉਥੇ ਫਰਿਆਦ ਸੁਨਣ ਵਾਲਾ ਕੋਈ ਨਹੀਂ ਸੀ। ਦੀਪੋ ਸਿਆਣੀ ਸੀ। ਉਸਨੇ ਦਰਗੁਜ਼ਰ ਕੀਤਾ ਤੇ ਅਗਲੇ ਦਿਨ ਬਹੁਤ ਸਾਰੇ ਤੋਹਫ਼ੇ ਤੇ ਪੈਸੇ ਲੈ ਕੇ ਘਰ ਪਰਤੀ। ਉਸਨੇ ਇਸ ਵਾਰਦਾਤ ਦੀ ਕਿਸੇ ਨੂੰ ਖ਼ਬਰ ਨਾ ਦਿੱਤੀ ਅਤੇ ਆਪਣੇ ਵਿਚ ਹੀ ਸਮੋਅ ਕੇ ਬੈਠ ਗਈ। ਉਹ ਜਾਣਦੀ ਸੀ ਕਿ ਨਗਾਰਖਾਨੇ ਵਿਚ ਤੂਤੀਆਂ ਦੀ ਕੌਣ ਸੁਣਦਾ ਹੈ ? ਇਸ ਲਈ ਉਸਨੇ ਇਸ ਘਟਨਾ ਨੂੰ ਘੁੱਟ ਵੱਟ ਕੇ ਰੱਖਣਾ ਮੁਨਾਸਿਬ ਸਮਝਿਆ। ਪਰ ਅੱਗੇ ਤੋਂ ਉਸਨੇ ਬਾਹਰ ਦੀਆਂ ਸਾਈਆਂ ਭੁਗਤਾਉਣੀਆਂ ਬੰਦ ਕਰ ਦਿੱਤਾ।

ਦੂਸਰੇ ਪਾਸੇ ਉਸਦੀ ਪੁੱਛਗਿੱਛ ਤੇ ਕਾਰੋਬਾਰ ਦਿਨੋ-ਦਿਨ ਵਧਣ ਲੱਗਾ। ਉਸਨੂੰ ਬਾਹਰਲੇ ਪਿੰਡਾਂ ਤੋਂ ਵੀ ਬੁਲਾਵੇ ਆਉਂਦੇ ਪਰ ਉਹ ਬਾਹਰ ਜਾਣ ਤੋਂ ਸਾਫ਼ ਇਨਕਾਰ ਕਰ ਦਿੰਦੀ। ਪਰ ਉਹ ਸਰਵਨ ਦੀ ਕਦੀ ਮੋੜਦੀ ਨਹੀਂ ਸੀ। ਸਰਵਨ ਉਸਨੂੰ ਕਿਸੇ ਸਾਈ ਬਾਰੇ ਕਹਿੰਦਾ ਤਾਂ ਉਸ ਕੋਲੋਂ ਨਾਂਹ ਨਾ ਹੁੰਦੀ। ਉਹ ਬਿਨਾਂ ਕਿਸੇ ਝਿਜਕ ਤੋਂ, ਉਸ ਨਾਲ ਤੁਰ ਪੈਂਦੀ। ਸਰਵਨ ਉਪਰ ਉਸ ਨੂੰ ਰੱਬ ਜਿੰਨਾ ਯਕੀਨ ਸੀ। ਸਰਵਨ ਉਸਨੂੰ ਦਾਈਪੁਣੇ ਦੇ ਬਹਾਨੇ ਆਪਣੇ ਯਾਰਾਂ ਦੀਆਂ ਢਾਣੀਆਂ ਵਿਚ ਸ਼ੁਗਲ ਮੇਲੇ ਲਈ ਲੈ ਜਾਂਦਾ। ਦੀਪੋ ਨੂੰ ਅਗਲੇ ਦਿਨ ਉਹ ਵਾਪਸ ਭੇਜ ਦਿੰਦਾ ਤੇ ਉਸਨੂੰ ਪੈਸੇ ਵੀ ਵਾਧੂ ਦਵਾ ਦਿੰਦਾ ਸੀ। ਪਿੰਡ ਵਾਲਿਆਂ ਨੂੰ ਭਾਵੇਂ ਕਈ ਭਰਮ ਭੁਲੇਖੇ ਸਨ ਪਰ ਮਿੰਦਾ ਦੀਪੋ ਦੇ ਆਉਣ ਦੀ ਇੰਤਜ਼ਾਰ ਕਰਦਾ ਅਤੇ ਉਸਦੀ ਕਮਾਈ ਉਪਰ ਐਸ਼ ਕਰਦਾ।

ਦੀਪੋ ਦੇ ਮੁੰਡੇ ਭਾਵੇਂ ਮਿੰਦੇ ਦੇ ਸਨ ਪਰ ਉਨ੍ਹਾਂ ਦਾ ਅਸਲੀ ਬਾਪ ਸਰਵਨ ਹੀ ਸੀ। ਦੀਪੋ ਦਾ ਸਭ ਤੋਂ ਛੋਟਾ ਮੁੰਡਾ ਤਾਂ ਸਰਵਨ ਨਾਲ ਹੂਬਹੂ ਰਲਦਾ ਮਿਲਦਾ ਸੀ ਤੇ ਸਾਰੇ ਪਿੰਡ ਵਿਚ ਇਸਦੀ ਖ਼ੂਬ ਚਰਚਾ ਸੀ। ਮਿੰਦੇ ਨੂੰ ਇਸਦੀ ਕੋਈ ਚਿੰਤਾ ਨਹੀਂ ਸੀ। ਦੀਪੋ ਨੂੰ ਇਸ ਗੱਲ ਦਾ ਫ਼ਖ਼ਰ ਸੀ ਕਿ ਉਸਦੇ ਸਾਰੇ ਮੁੰਡੇ ਸੋਹਣੇ ਸੁਨੱਖੇ ਹਨ। ਜੇਕਰ ਲੋਕੀ ਸਰਵਨ ਦੀ ਚਰਚਾ ਕਰਦੇ ਤਾਂ ਉਸਨੂੰ ਪਿੰਡ ਦੇ ਕਤੀੜਵਾਦੇ ਦੀ ਕੋਈ ਪਰਵਾਹ ਨਹੀਂ ਸੀ। ਉਹ ਲੋਕਾਂ ਦੀ ਇਸ ਕਾਨਾਫੂਸੀ ਨੂੰ ਈਰਖਾ ਤੋਂ ਵੱਧ ਹੋਰ ਕੁਝ ਨਹੀਂ ਸੀ ਸਮਝਦੀ। ਪਿੰਡ ਵਾਲੇ ਉਸ ਵਾਸਤੇ ਕਰਦੇ ਵੀ ਕੀ ਸਨ ? ਉਸਦਾ ਘਰਵਾਲਾ ਵਿਹਲੜ ਤੇ ਅੱਯਾਸ਼ ਸੀ। ਉਸਦੀ

ਆਮਦਨੀ ਦਾ ਕੋਈ ਵਸੀਲਾ ਨਹੀਂ ਸੀ। ਉਸਨੇ ਤਿੰਨ ਬੱਚਿਆਂ ਦੇ ਪਰਿਵਾਰ ਨੂੰ ਪਾਲਣਾ ਸੀ। ਕੋਈ ਵੀ ਪਿੰਡ ਵਾਲਾ ਉਸ ਵਾਸਤੇ ਤੀਲਾ ਵੀ ਤੋੜਨ ਵਾਸਤੇ ਤਿਆਰ ਨਹੀਂ ਸੀ। ਇਸ ਮਾਹੌਲ ਵਿਚ ਪਿੰਡ ਵਾਲਿਆਂ ਦਾ ਵਤੀਰਾ ਕਿਸੇ ਤਮਾਸ਼ਬੀਨ ਤੋਂ ਘੱਟ ਨਹੀਂ ਸੀ। ਇਸ ਲਈ ਦੀਪੋ ਜੋ ਕੁਝ ਕਰ ਰਹੀ ਸੀ ਉਸ ਦੀਆਂ ਮਜਬੂਰੀਆਂ ਦਾ ਪ੍ਰਤੀਕਰਮ ਸੀ।

ਉਸਦੇ ਮੁੰਡੇ ਜਵਾਨ ਹੋ ਗਏ ਸਨ ਤੇ ਵਿਆਹੇ ਵਰੇ ਸਨ। ਉਨ੍ਹਾਂ ਨੇ ਦੀਪੋ ਦੇ ਦਾਈਪੁਣੇ ਦਾ ਕੰਮ ਛਡਵਾ ਦਿੱਤਾ ਸੀ। ਸਰਵਨ ਦੇ ਘਰ ਮਿੰਦੇ ਅਤੇ ਦੀਪੋ ਦਾ ਆਉਣਾ ਜਾਣਾ ਬੰਦ ਕਰ ਦਿੱਤਾ ਗਿਆ ਸੀ। ਪਰ ਇਕ ਛੋਟਾ ਮੁੰਡਾ, ਜਿਸਦੀ ਸ਼ਕਲ ਹੂਬਹੂ ਸਰਵਨ ਨਾਲ ਮਿਲਦੀ ਸੀ, ਉਸਨੇ ਇਹ ਪਾਬੰਦੀਆਂ ਆਪਣੇ ਮਾਪਿਆਂ ਲਈ ਠੀਕ ਨਾ ਸਮਝੀਆਂ। ਭਰਾਵਾਂ ਦੀ ਆਪਸ ਵਿਚ ਨੋਕ-ਟੋਕ ਹੋਣੀ ਸ਼ੁਰੂ ਹੋ ਗਈ। ਇਕ ਦਿਨ ਇਕ ਗੱਲ ਤੋਂ ਭੜਕ ਕੇ ਦੋਵੇਂ ਧਿਰ ਉਲਝ ਪਏ। ਵੱਡੇ ਮੁੰਡਿਆਂ ਨੇ ਮਾਂ-ਪਿਉ ਨੂੰ ਬਹੁਤ ਕੁੱਟਿਆ ਕਿਉਂਕਿ ਉਨ੍ਹਾਂ ਨੇ ਪਿੰਡ ਵਿਚ ਉਨ੍ਹਾਂ ਨੂੰ ਖਲੋਣ ਜੋਗਾ ਨਹੀਂ ਸੀ ਛੱਡਿਆ। ਜਦੋਂ ਵੱਡੇ ਮੁੰਡੇ ਪਿਉ ਨੂੰ ਕੁੱਟ ਰਹੇ ਸਨ ਤਾਂ ਮਾਂ ਨੇ ਉਨ੍ਹਾਂ ਦਾ ਖ਼ੂਬ ਸਿਆਪਾ ਕੀਤਾ। ਮੁੰਡਿਆਂ ਨੇ ਪਿਉ ਦੀਆਂ ਲੱਤਾਂ ਤੋੜ ਦਿੱਤੀਆਂ। ਛੋਟਾ ਮੁੰਡਾ ਡਰਦਾ ਮਾਰਾ ਘਰੋਂ ਭੱਜ ਗਿਆ ਤੇ ਬਚ ਗਿਆ। ਪਿੰਡ ਵਿਚ ਇਸ ਖਾਨਾਜੰਗੀ ਦੀ ਬੜੀ ਚਰਚਾ ਹੋਈ। ਸਰਵਨ ਨੇ ਵੱਡੇ ਮੁੰਡਿਆਂ ਉਪਰ ਪੁਲਿਸ ਨੂੰ ਬੁਲਾ ਕੇ ਪਰਚਾ ਕਰਵਾ ਦਿੱਤਾ ਪਰ ਪਿੰਡ ਵਾਲਿਆਂ ਪਰਿਵਾਰ ਦਾ ਸਮਝੌਤਾ ਕਰਵਾ ਦਿੱਤਾ। ਸਮਝੌਤੇ ਤਹਿਤ ਵੱਡੇ ਦੋਵਾਂ ਮੁੰਡਿਆਂ ਨੂੰ ਪਿੰਡੋਂ ਬਾਹਰ ਜਾ ਕੇ ਵੱਸਣ ਦਾ ਹੁਕਮ ਹੋਇਆ ਤਾਂ ਕਿ ਰੋਜ਼ ਦਾ ਰੰਡੀ ਰੋਣਾ ਮੁੱਕੇ। ਵੱਡੇ ਮੁੰਡੇ ਇਕੇ ਘਰ ਵਿਆਹੇ ਹੋਏ ਸਨ ਇਸ ਲਈ ਉਹ ਚੁੱਪ ਕਰਕੇ ਸੌਹਰੇ ਪਿੰਡ ਜਾ ਵੱਸੇ। ਉਨ੍ਹਾਂ ਨੂੰ ਬਣਦੀ ਜਾਇਦਾਦ ਤੇ ਪੈਸੇ ਦੇ ਕੇ ਤੋਰਿਆ ਗਿਆ। ਘਰ ਵਿਚ ਨਿੱਤ ਦੀ ਧੁਖਦੀ ਅੱਖ ਬੁਝ ਗਈ। ਪਿੱਛੇ ਘਰ ਵਿਚ ਦੀਪੋ, ਮਿੰਦਾ ਤੇ ਛੋਟਾ ਪੁੱਤ-ਨੂੰਹ ਰਹਿਣ ਲੱਗੇ। ਸਰਵਨ ਪਹਿਲਾਂ ਵਾਂਗ ਹੀ ਦੀਪੋ ਦੇ ਘਰ ਫੇਰੇ ਤੋਰੇ ਮਾਰਨ ਲੱਗਾ। ਭਾਵੇਂ ਵੱਡਿਆਂ ਮੁੰਡਿਆਂ ਨੂੰ ਇਸਦੀ ਖ਼ਬਰ ਮਿਲਦੀ ਰਹਿੰਦੀ ਸੀ ਪਰ ਚਮਾਰਾਂ ਦੀ ਨੂੰਹ ਵਾਂਗ ਹੁਣ ਹੌਲੀ-ਹੌਲੀ ਉਨ੍ਹਾਂ ਦੀ ਬੋ ਮਾਰੀ ਗਈ ਸੀ। ਉਨ੍ਹਾਂ ਨੂੰ ਵੀ ਆਪਣੀ ਮਾਂ ਵਾਂਗ ਜੀਊਣਾ ਹੁਣ ਆ ਗਿਆ ਸੀ। ਦੀਪੋ ਵੀ ਸਰਵਨ ਬਿਨਾਂ ਨਹੀਂ ਰਹਿ ਸਕਦੀ ਸੀ। ਆਖਦੀ—'ਸਰਵਨਾ ਤੈਨੂੰ ਨਹੀਂ ਛੱਡਣਾ, ਭਾਵੇਂ ਲੱਗ ਜਾਵਣ ਹੱਥਕੜੀਆਂ'।

ਮੰਗੋ

ਉਸਦਾ ਪੂਰਾ ਨਾਮ ਮੰਗਲ ਕੌਰ ਸੀ ਪਰ ਲੋਕੀ ਪੂਰਾ ਨਾਮ ਕਿਸੇ ਦਾ ਘੱਟ ਹੀ ਲੈਂਦੇ ਹਨ। ਉਸਨੂੰ ਘਰ ਦੇ ਮੰਗੋ ਕਹਿੰਦੇ ਸਨ ਇਸ ਲਈ ਪਿੰਡ ਵਾਲੇ ਵੀ ਮੰਗੋ ਕਹਿਣ ਲੱਗ ਪਏ। ਜਦੋਂ ਉਹ ਵੱਡੀ ਉਮਰ ਦੀ ਹੋਈ ਤਾਂ ਮੰਗੋ ਤੋਂ ਉਸਨੂੰ ਮੰਗੋ ਮਾਸੀ ਕਹਿ ਕੇ ਸੱਦਣ ਲੱਗੇ। ਉਸਦੀ ਮਾਂ ਛੋਟਿਆਂ ਹੁੰਦਿਆਂ ਮਰ ਗਈ ਸੀ। ਉਸਦੇ ਬਾਪ ਨੇ ਮੰਗੋ ਤੋਂ ਚਾਰ-ਪੰਜ ਸਾਲ ਵੱਡੀ ਇਕ ਬੇਵਾ ਔਰਤ ਨਾਲ ਸ਼ਾਦੀ ਕਰਕੇ ਅੰਗਾਂ-ਸਾਕਾਂ ਵਿਚ ਸਨਸਨੀ ਫੈਲਾ ਦਿੱਤਾ ਸੀ। ਹਰ ਵਿਆਹ ਸ਼ਾਦੀ ਤੇ ਜਦੋਂ ਰਿਸ਼ਤੇਦਾਰ ਇਕੱਠੇ ਹੁੰਦੇ ਤਾਂ ਮੰਗੋ ਦੇ ਬਾਪ ਦੀ ਦੂਜੀ ਸ਼ਾਦੀ ਦੀ ਚਰਚਾ ਹੁੰਦੀ। ਇਹ ਚਰਚਾ ਉਸ ਵਕਤ ਚਰਮ ਸੀਮਾ 'ਤੇ ਪਹੁੰਚ ਜਾਂਦੀ ਜਦੋਂ ਦੂਜੇ ਟੱਬਰ ਵਿਚੋਂ ਮੰਗੋ ਦੀ ਇਕ ਭੈਣ ਨੇ ਜਨਮ ਲਿਆ। ਉਸਨੂੰ ਛੋਟੀ ਜਿਹੀ ਭੈਣ ਦੀ ਖ਼ਬਰ ਸੁਣ ਕੇ ਖ਼ੁਸ਼ੀ ਵੀ ਹੋਈ ਤੇ ਦੁਖ ਵੀ। ਖ਼ੁਸ਼ੀ ਇਸ ਲਈ ਕਿ ਚਲੋ ਉਸਦੀ ਕੋਈ ਭੈਣ ਤਾਂ ਬਣੀ। ਦੁੱਖ ਇਸ ਕਰਕੇ ਹੋਇਆ ਕਿ ਚਾਰ-ਚੁਫ਼ੇਰੇ ਉਸਦੇ ਬਾਪ ਦੀ ਨਿੰਦਿਆ ਹੋ ਰਹੀ ਸੀ। ਇਹ ਵੀ ਬਾਅਦ ਵਿਚ ਪਤਾ ਲੱਗਾ ਕਿ ਉਸਦੀ ਦੂਜੀ ਮਾਂ ਨੂੰ ਉਸਦੇ ਪਹਿਲੇ ਸੌਹਰਿਆਂ ਨੇ ਬਦਚਲਣੀ ਕਰਕੇ ਘਰੋਂ ਕੱਢ ਦਿੱਤਾ ਸੀ।

ਉਸਦੀ ਦੂਜੀ ਮਾਂ ਨੇ ਆਪਣੇ ਹਾਣ ਦੀ ਧੀ ਮੰਗੋ ਨੂੰ ਨੇੜੇ ਲਿਆਉਣ ਲਈ ਕਈ ਉਪਰਾਲੇ ਵਰਤੇ। ਉਹ ਮੰਗੋ ਨੂੰ ਆਪਣੇ ਗ੍ਰਹਿਸਥੀ ਜੀਵਨ ਦੀਆਂ ਗੁੱਝੀਆਂ ਗੱਲਾਂ ਦੱਸ ਕੇ ਖ਼ੁਸ਼ ਹੁੰਦੀ ਤੇ ਮੰਗੋ ਵੀ ਉਸ ਦੀਆਂ ਗੱਲਾਂ ਵਿਚ ਸ਼ੌਕ ਲੈਣ ਲੱਗੀ। ਉਹ ਕਈ ਵੇਰ ਆਪਣੇ ਕੰਵਾਰੇਪਣ ਦੇ ਵੇਲੇ ਦੇ ਪ੍ਰੇਮੀਆਂ ਨੂੰ ਮਿਲਣ ਜਾਂਦੀ। ਮੰਗੋ ਉਸਦੇ ਨਾਲ ਹੁੰਦੀ ਸੀ। ਉਸਦੇ ਪੁਰਾਣੇ ਨਜ਼ਦੀਕੀ ਮੰਗੋ ਨੂੰ ਵੀ ਹਾਸਾ-ਮਖ਼ੌਲ ਕਰ ਲੈਂਦੇ ਸਨ ਤੇ ਕਈ ਮੰਗੋ ਦੇ ਨਜ਼ਦੀਕ ਵੀ ਆ ਚੁੱਕੇ ਸਨ। ਮੰਗੋ ਦੇ ਬਾਪ ਦਾ ਉਸਦੀ ਸ਼ਾਦੀ ਵੱਲ ਕੋਈ ਧਿਆਨ ਨਹੀਂ ਸੀ। ਉਹ ਤਾਂ ਆਪਣੀ ਦੂਜੀ ਰੰਨ ਦਾ ਮੁਰੀਦ ਬਣ ਚੁੱਕਾ ਸੀ। ਉਹ ਆਪਣੀ ਛੋਟੀ ਜਿਹੀ ਧੀ ਨਾਲ ਬਹੁਤ ਮੋਹ ਕਰਦਾ ਸੀ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਉਸਦੀ ਨਵੀਂ ਵਹੁਟੀ ਬਹੁਤ ਖ਼ੁਸ਼ ਹੁੰਦੀ ਸੀ।

ਮੰਗੋ ਦੀ ਨਵੀਂ ਮਾਂ ਜਿਥੇ ਉਸਦੇ ਬਾਪ ਨੂੰ ਹਰ ਤਰ੍ਹਾਂ ਖ਼ੁਸ਼ ਰੱਖਦੀ, ਨਾਲ-ਨਾਲ ਪੁਰਾਣੀਆਂ ਸਾਈਆਂ ਵੀ ਭੁਗਤਾ ਰਹੀ ਸੀ। ਇਸ ਲੀਲਾ ਵਿਚ ਮੰਗੋ ਨੂੰ ਵੀ ਉਸਨੇ ਆਪਣੇ ਨਾਲ ਲਾ ਲਿਆ ਸੀ। ਮੰਗੋ ਆਪਣੀ ਮਾਂ ਦੇ ਵਾਰੇ-ਵਾਰੇ ਜਾਂਦੀ ਸੀ। ਮੰਗੋ ਦਾ ਰਿਸ਼ਤਾ ਵੀ ਉਸਨੇ

ਆਪਣੇ ਪੇਕਿਆਂ ਦੇ ਪਿੰਡ ਲਾਗੇ ਆਪਣੇ ਪੁਰਾਣੇ ਇਕ ਜਾਣੂ ਮੁੰਡੇ ਨਾਲ ਕਰਵਾ ਦਿੱਤਾ। ਘਰ ਤਗੜਾ ਸੀ, ਇਸ ਲਈ ਉਸਦੇ ਬਾਪ ਨੇ ਬੜੀ ਸੱਜ-ਧੱਜ ਨਾਲ ਉਸਦਾ ਵਿਆਹ ਕੀਤਾ। ਮੰਗੋ ਦਾ ਘਰਵਾਲਾ ਪਹਿਲਾਂ ਵੀ ਮੰਗੋ ਨੇ ਉਨ੍ਹਾਂ ਦੇ ਘਰ ਆਉਂਦਾ-ਜਾਂਦਾ ਵੇਖਿਆ ਸੀ। ਮੰਗੋ ਪਹਿਲਾਂ ਉਸਨੂੰ ਮਾਮਾ ਜੀ ਕਹਿੰਦੀ ਹੁੰਦੀ ਸੀ ਪਰ ਉਸਦੇ ਬਾਪ ਨੂੰ ਇਸ ਕਹਾਣੀ ਦਾ ਕੋਈ ਇਲਮ ਨਹੀਂ ਸੀ। ਮੰਗੋ ਵੀ ਹੁਣ ਆਪਣੀ ਮਾਂ ਦੀਆਂ ਚਾਲਾਂ ਸਮਝਣ ਲੱਗ ਪਈ ਸੀ।

ਮੰਗੋ ਨੇ ਆਪਣੇ ਘਰਵਾਲੇ ਦਾ ਮਾਂ ਦੇ ਪੇਕਿਆਂ ਦੇ ਘਰ ਜਾਣਾ ਬੰਦ ਕਰਵਾ ਦਿੱਤਾ। ਉਹ ਆਪਣਾ ਘਰ ਵਸਾਉਣਾ ਚਾਹੁੰਦੀ ਸੀ। ਉਸਦੀ ਆਪਣੇ ਘਰ ਵਾਲੇ ਨਾਲ ਇਸ ਵਿਸ਼ੇ 'ਤੇ ਕਈ ਵਾਰ ਝੜਪ ਹੋਈ। ਪਰ ਉਸਨੂੰ ਬਗਾਨੀਆਂ ਖੁਰਲੀਆਂ 'ਤੇ ਚਰਨ ਦੀ ਆਦਤ ਪੈ ਚੁੱਕੀ ਸੀ। ਮੰਗੋ ਦੇ ਘਰ ਇਕ ਪੁੱਤਰ ਨੇ ਜਨਮ ਲਿਆ। ਬੜੇ ਚਾਵਾਂ-ਮਲ੍ਹਾਰਾਂ ਨਾਲ ਉਸਦਾ ਧਮਾਣ ਮਨਾਇਆ ਗਿਆ। ਸਾਰੇ ਪਿੰਡ ਵਿਚ ਲੱਡੂ ਵੰਡੇ ਗਏ। ਉਸਦਾ ਪਤੀ ਜੀਤਾ ਲੱਡੂ ਲੈ ਕੇ ਮੰਗੋ ਦੀ ਮਾਂ ਦੇ ਘਰ ਵੀ ਚੋਰੀ-ਛੁਪੀ ਚਲਾ ਗਿਆ। ਜਦੋਂ ਮੰਗੋ ਨੂੰ ਉਸਦੀ ਇਸ ਹਰਕਤ ਦਾ ਪਤਾ ਲੱਗਾ ਤਾਂ ਉਸਦੀ ਘਰਵਾਲੇ ਨਾਲ ਪਹਿਲਾਂ ਤੂੰ-ਤੂੰ ਮੈਂ-ਮੈਂ ਹੋਈ ਤੇ ਫਿਰ ਉਸਨੇ ਮੰਗੋ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਜਦੋਂ ਵੀ ਮੰਗੋ ਉਸਨੂੰ ਆਪਣੀ ਮਾਂ ਨਾਲ ਮਿਲਣ ਤੋਂ ਰੋਕਦੀ ਤਾਂ ਉਹ ਉਸਨੂੰ ਪਹਿਲਾਂ ਗਾਲੀ-ਗਲੋਚ ਕਰਦਾ ਤੇ ਫਿਰ ਉਸ ਉਪਰ ਹੱਥ ਵੀ ਚੁੱਕਦਾ। ਮੰਗੋ ਰੋਜ਼-ਰੋਜ਼ ਦੀ ਮਾਰ ਤੋਂ ਤੰਗ ਆ ਚੁੱਕੀ ਸੀ। ਉਸਨੇ ਅੱਕ ਕੇ ਇਹ ਸਾਰੀ ਕਹਾਣੀ ਆਪਣੇ ਬਾਪ ਨੂੰ ਜਾ ਦੱਸੀ। ਪਿਉ ਤੇ ਧੀ ਨੇ ਰਲ ਕੇ ਇਕ ਵਿਉਂਤ ਬਣਾਈ। ਜਦੋਂ ਮੰਗੋ ਦਾ ਪਤੀ ਉਸ ਨਾਲ ਆਪਣੇ ਸੌਹਰੇ ਆਇਆ ਤਾਂ ਉਸਦੀ ਮਾਂ ਆਪਣੇ ਪੇਕੇ ਗਈ ਹੋਈ ਸੀ। ਉਸਨੇ ਆਪਣੇ ਪਤੀ ਜੀਤੇ ਨੂੰ ਸੌਹਰੇ ਹੀ ਰਾਤ ਰਹਿਣ ਲਈ ਆਖਿਆ। ਜਵਾਈ ਤੇ ਸੌਹਰੇ ਨੇ ਰਲ ਕੇ ਮੰਗੋ ਦੇ ਪੁੱਤਰ ਦੇ ਪਹਿਲੇ ਜਨਮ-ਦਿਨ ਦੀ ਖ਼ੁਸ਼ੀ ਮਨਾਈ। ਰੱਜ ਕੇ ਦੋਹਾਂ ਦਾਰੂ ਪੀਤੀ। ਜੀਤਾ ਪੀਂਦਾ-ਪੀਂਦਾ ਬੇਹੋਸ਼ ਹੋ ਗਿਆ ਅਤੇ ਫਿਰ ਕਦੀ ਹੋਸ਼ ਵਿਚ ਨਾ ਆਇਆ। ਸਾਰੇ ਧੁੰਮ ਗਿਆ ਕਿ ਮੰਗੋ ਦਾ ਘਰਵਾਲਾ ਵਧੇਰੇ ਸ਼ਰਾਬ ਪੀ ਕੇ ਮਰ ਗਿਆ ਹੈ। ਕਈਆਂ ਨੇ ਸ਼ੱਕ ਕੀਤਾ ਤੇ ਖ਼ਾਸ ਕਰਕੇ ਮੰਗੋ ਦੀ ਮਾਂ ਸੱਤੋ ਨੇ ਅਗਲੇ ਦਿਨ ਆ ਕੇ ਇਹ ਗੱਲ ਥੋੜ੍ਹੀ-ਬਹੁਤੀ ਚੁੱਕੀ ਪਰ ਬਾਅਦ ਵਿਚ ਉਸਨੇ ਚੁੱਪ ਰਹਿਣਾ ਹੀ ਲਾਹੇਵੰਦ ਸਮਝਿਆ। ਕਿਉਂਕਿ ਅੰਦਰੋਂ ਉਹ ਵੀ ਜੀਤੇ ਨਾਲ ਦੁਖੀ ਸੀ।

ਮੰਗੋ ਦੀ ਸੱਸ ਆਪਣੇ ਪੁੱਤਰ ਦਾ ਇਹ ਵਿਛੋੜਾ ਨਾ ਝੱਲਦੀ ਹੋਈ ਪਹਿਲਾਂ ਬਿਮਾਰ ਰਹਿਣ ਲੱਗੀ ਤੇ ਫਿਰ ਉਸਨੂੰ ਦੌਰੇ ਪੈਣ ਲੱਗੇ। ਇਕ ਦਿਨ ਇਕ ਦੌਰਾ ਉਸ ਲਈ ਜਾਨਲੇਵਾ ਸਾਬਤ ਹੋਇਆ। ਉਸਦਾ ਸੌਹਰਾ ਦਾਰੂ ਪੀ ਕੇ ਲਗਭਗ ਅੰਨ੍ਹਾ ਹੋ ਚੁੱਕਾ ਸੀ। ਉਸਨੂੰ ਬਸ ਧੁੱਪ ਛਾਂ ਹੀ ਵਿਖਾਈ ਦਿੰਦੀ। ਸਪੱਸ਼ਟ ਰੂਪ ਵਿਚ ਉਹ ਕਿਸੇ ਬੰਦੇ ਨੂੰ ਸਿਆਣ ਨਹੀਂ ਸੀ ਸਕਦਾ। ਮੰਗੋ ਉਪਰ ਸਾਰੇ ਘਰ ਦਾ ਬੋਝ ਆਣ ਪਿਆ। ਉਹ ਦੋ ਸੀਰੀ ਰੱਖ ਕੇ ਵਾਹੀ ਕਰਵਾਉਣ ਲੱਗੀ। ਉਸਦਾ ਮੁੰਡਾ ਰਾਜੂ ਹੁਣ ਸਕੂਲ ਜਾਣ ਲੱਗ ਪਿਆ ਸੀ। ਉਸਨੂੰ ਉਹ ਖ਼ੂਬ ਪੜ੍ਹਾਉਣਾ

ਚਾਹੁੰਦੀ ਸੀ। ਉਸਦੀ ਵਿਸ਼ੇਸ਼ ਪੜ੍ਹਾਈ ਲਈ ਉਸਨੇ ਘਰ ਵਿਚ ਪੜ੍ਹਾਉਣ ਲਈ ਇਕ ਉਸਤਾਦ ਦਾ ਵੀ ਪ੍ਰਬੰਧ ਕਰ ਦਿੱਤਾ। ਜਦੋਂ ਇਹ ਉਸਤਾਦ ਰਾਜੂ ਨੂੰ ਪੜ੍ਹਾ ਰਿਹਾ ਹੁੰਦਾ ਤਾਂ ਮੰਗੋ ਉਸਦੀ ਚਾਹ ਪਾਣੀ ਨਾਲ ਖ਼ੂਬ ਸੇਵਾ ਕਰਦੀ। ਮਾਸਟਰ ਵੀ ਜਵਾਨ ਸੀ ਤੇ ਮੰਗੋ ਵੀ ਹਾਲੇ ਬੁੱਢੀ ਨਹੀਂ ਸੀ ਹੋਈ। ਇਕ ਦਿਨ ਹਿੰਮਤ ਕਰਕੇ ਮੰਗੋ ਨੇ ਮਾਸਟਰ ਨੂੰ ਪੁੱਛਿਆ— "ਮਾਸਟਰ ਜੀ, ਹਾਲੇ ਸ਼ਾਦੀ ਹੋਈ ਕਿ ਨਹੀਂ ?" "ਹਾਲੇ ਮੰਗਣੀ ਹੋਈ ਐ, ਸ਼ਾਦੀ ਨਹੀਂ।" ਮਾਸਟਰ ਨੇ ਆਖਿਆ। "ਚਲੋ ਸ਼ਾਦੀ ਵੀ ਹੋ ਜਾਊ ਜੇਕਰ ਮੰਗਣੀ ਹੋਈ ਏ।" ਇਹ ਕਹਿ ਕੇ ਉਸਨੇ ਮਾਸਟਰ ਦੀ ਪਿੱਠ 'ਤੇ ਹੱਥ ਫੇਰਿਆ। ਮਾਸਟਰ ਨੂੰ ਕੰਬਣੀ ਛਿੜ ਗਈ। ਮਾਸਟਰ ਨੇ ਬਸ ਪਹਿਲੇ ਮਹੀਨੇ ਹੀ ਫ਼ੀਸ ਲਈ, ਬਾਅਦ ਵਿਚ ਉਲਟਾ ਉਹ ਮਾਂ-ਪੁੱਤਰ ਦੇ ਖਾਣ ਲਈ ਕੁਝ ਨਾ ਕੁਝ ਹਰ ਰੋਜ਼ ਲੈ ਕੇ ਆਉਣ ਲੱਗਾ। ਇਹ ਟਿਊਸ਼ਨ ਕਈ ਵਰ੍ਹੇ ਚੱਲਦੀ ਰਹੀ। ਮਾਸਟਰ ਵੀ ਖ਼ੁਸ਼ ਤੇ ਮੁੰਡੇ ਦੀ ਮਾਂ ਵੀ ਖ਼ੁਸ਼। ਮਾਸਟਰਾਂ ਦੀ ਜਦੋਂ ਤਬਦੀਲੀ ਹੋ ਜਾਂਦੀ ਤਾਂ ਪਿੰਡ ਦੇ ਸਕੂਲ ਦੇ ਹੋਰ ਮਾਸਟਰ ਟਿਊਸ਼ਨ ਪੜ੍ਹਾਉਣ ਲਗਾਏ ਜਾਂਦੇ ਸਨ ਪਰ ਮੰਗੋ ਨੇ ਟਿਊਸ਼ਨ ਫੀਸ ਕੇਵਲ ਪਹਿਲੇ ਮਹੀਨਾ ਦੋ ਮਹੀਨੇ ਹੀ ਦਿੱਤੀ, ਬਾਕੀ ਕੰਮ ਪਹਿਲਾਂ ਵਾਂਗ ਚੱਲਦਾ ਰਿਹਾ।

ਮਾਸਟਰਾਂ ਨੇ ਪੜ੍ਹਾਉਣਾ ਕੀ ਸੀ ਤੇ ਮੁੰਡੇ ਰਾਜੂ ਨੇ ਪੜ੍ਹਨਾ ਕੀ ਸੀ। ਏਨੇ ਮਾਸਟਰਾਂ ਦਾ ਪੜ੍ਹਾਇਆ ਰਾਜੂ ਕਲਾਸ ਵਿਚ ਫਿਰ ਵੀ ਫਾਡੀ ਰਿਹਾ। ਉਸ ਵੱਲ ਕਿਸੇ ਦਾ ਧਿਆਨ ਨਹੀਂ ਸੀ, ਨਾ ਮਾਸਟਰ ਦਾ ਤੇ ਨਾ ਹੀ ਉਸਦੀ ਮਾਂ ਦਾ। ਹੋਰ ਹੀ ਪੜ੍ਹਾਈਆਂ ਹੁੰਦੀਆਂ ਰਹੀਆਂ। ਰਾਜੂ ਵਿਚਾਰਾ ਤਾਂ ਬਲੀ ਦਾ ਬੱਕਰਾ ਬਣਾਇਆ ਗਿਆ।

ਉਪਰੋਂ ਮੰਗੋ ਦੀ ਛੋਟੀ ਭੈਣ ਦਾ ਵਿਆਹ ਨਿਯੁਕਤ ਕੀਤਾ ਗਿਆ। ਮੰਗੋ ਚਾਵਾਂ-ਮਲ੍ਹਾਰਾਂ ਨਾਲ ਆਪਣੀ ਛੋਟੀ ਭੈਣ ਦਾ ਵਿਆਹ ਕਰਨ ਗਈ। ਸਾਰਾ ਕੰਮ ਉਹਦੇ ਹਵਾਲੇ ਕੀਤਾ ਗਿਆ ਸੀ। ਇਸ ਪ੍ਰਬੰਧ ਨਾਲ ਉਸਦੀ ਮਤਰਈ ਮਾਂ ਖ਼ੁਸ਼ ਨਹੀਂ ਸੀ। ਉਸਨੇ ਆਪਣੇ ਬਾਪ ਨਾਲ ਮਿਲ ਕੇ ਆਪਣ ਮਾਂ ਦੇ ਹਮਦਰਦੀ ਨੂੰ ਬੜੀ ਚਲਾਕੀ ਨਾਲ ਮਰਵਾਇਆ ਸੀ। ਨਾਲੇ ਮੰਗੋ ਨੇ ਉਸਦੀ ਮਾਂ ਦੀਆਂ ਸਾਰੀਆਂ ਕਰਤੂਤਾਂ ਆਪਣੇ ਬਾਪ ਨੂੰ ਦੱਸ ਦਿੱਤੀਆਂ ਸਨ। ਆਪਣੀ ਭੈਣ ਦਾ ਰਿਸ਼ਤਾ ਵੀ ਉਸਨੇ ਆਪਣੇ ਰਾਜੂ ਦੇ ਇਕ ਮਾਸਟਰ ਨਾਲ ਕਰਵਾਇਆ ਸੀ। ਉਸਦੀ ਮਤਰਈ ਮਾਂ ਇਸ ਰਿਸ਼ਤੇ ਨਾਲ ਸਹਿਮਤ ਨਹੀਂ ਸੀ ਪਰ ਫਿਰ ਵੀ ਉਹ ਮੰਗੋ ਦੇ ਬਾਪ ਅੱਗੇ ਆਪਣਾ ਸਾਰਾ ਪ੍ਰਭਾਵ ਜਾਇਆ ਕਰ ਚੁੱਕੀ ਸੀ।

ਮੰਗੋ ਦੀਆਂ ਹੁਣ ਚਾਰੇ ਚੱਕ ਜਗੀਰਾਂ ਸਨ। ਉਸਦੀ ਪੇਕਿਆਂ ਅਤੇ ਸੌਹਰਿਆਂ ਦੇ ਪੂਰੀ ਚਲਦੀ ਸੀ। ਕੋਈ ਉਸਦੀ ਮੋੜਦਾ ਨਹੀਂ ਸੀ। ਜਦੋਂ ਕਿਸੇ ਸਾਧਾਰਨ ਔਰਤ ਨੂੰ ਅਚਨਚੇਤ ਏਨੀ ਆਜ਼ਾਦੀ ਮਿਲ ਜਾਵੇ ਤਾਂ ਉਹ ਅਕਸਰ ਉਸਦਾ ਦੁਰਉਪਯੋਗ ਕਰਦੀ ਹੈ। ਉਸਨੇ ਰੱਜ ਕੇ ਕੀਤਾ। ਉਸਨੇ ਆਪਣ ਅੰਨ੍ਹੇ ਸੌਹਰੇ ਦੀ ਬਿਲਕੁਲ ਪਰਵਾਹ ਨਾ ਕੀਤੀ। ਉਹ ਘਰ ਦੀ ਇਕ ਨੁੱਕਰੇ ਲੰਮਾ ਪਿਆ ਰਹਿੰਦਾ। ਉਸਨੂੰ ਆਪਣੇ ਮਾਂ-ਪਿਉ ਦਾ ਵੀ ਕੋਈ ਭੈਅ ਨਹੀਂ ਸੀ। ਉਸਦਾ ਪਿੰਡ ਵਿਚ ਦਮ ਘੁਟ ਰਿਹਾ ਸੀ। ਉਹ ਰਾਜੂ ਦੀ ਪੜ੍ਹਾਈ ਦੇ ਪੱਜ ਸ਼ਹਿਰ ਰਹਿਣ ਲੱਗੀ। ਉਸਨੇ ਨਿਹਾਲੀ ਬਾਰੇ ਵੀ ਸੁਣਿਆ ਹੋਇਆ ਸੀ ਕਿ ਉਸਨੇ ਸ਼ਹਿਰ ਜਾ ਕੇ ਬੜੀ

ਤਰੱਕੀ ਕੀਤੀ ਸੀ। ਕਿਰਾਏ ਦੇ ਮਕਾਨ ਵਿਚ ਰਹਿਣਾ ਉਸ ਲਈ ਹੱਤਕ ਭਰਿਆ ਨਹੀਂ ਸੀ।

ਸ਼ਹਿਰ ਵਿਚ ਰਹਿਣ ਵੇਲੇ ਉਸਦੇ ਤੇ ਉਸਦੀ ਮਾਂ ਦੇ ਪੁਰਾਣੇ ਵਾਕਫ਼ ਮੰਗੋ ਦੇ ਘਰ ਫੇਰਾ ਪਾਉਣ ਲੱਗੇ। ਮੰਗੋ ਨੂੰ ਇਸਦਾ ਕੋਈ ਇਤਰਾਜ਼ ਨਹੀਂ ਸੀ। ਉਹ ਸ਼ਾਇਦ ਇਸ ਤਰ੍ਹਾਂ ਹੀ ਲੋਚਦੀ ਸੀ। ਉਸਦੇ ਆਪਣੇ ਵਾਕਫ਼ ਵੀ ਉਸਦੇ ਦਰ ਉੱਤੇ ਦਸਤਕ ਦੇਣ ਲੱਗੇ। ਰੌਣਕਾਂ ਲੱਗਣ ਲੱਗੀਆਂ ਤੇ ਵਧਦੀਆਂ ਹੀ ਗਈਆਂ। ਮੰਗੋ ਦੇ ਲੜਕੇ ਰਾਜੂ ਨੂੰ ਜੋ ਕਿ ਹੁਣ ਕਾਲਜ ਵਿਚ ਪੜ੍ਹਦਾ ਸੀ, ਆਪਣੀ ਮਾਂ ਦੀਆਂ ਹਰਕਤਾਂ ਨਾਲ ਨਫ਼ਰਤ ਹੋ ਗਈ ਸੀ। ਉਸਨੂੰ ਸਮਝ ਆ ਰਹੀ ਸੀ ਕਿ ਉਹ ਇਕ ਬਦਚਲਨ ਔਰਤ ਹੈ ਜਿਹੜੀ ਕਿ ਉਸਦੇ ਰਸਤੇ ਵਿਚ ਕੰਡੇ ਬੀਜ ਰਹੀ ਹੈ। ਰਾਜੂ ਦੇ ਰਿਸ਼ਤੇਦਾਰਾਂ ਨੇ ਵੀ ਉਸਨੂੰ ਉਸਦੀ ਮਾਂ ਬਾਰੇ ਬੜਾ ਕੁਝ ਦੱਸਿਆ ਹੋਇਆ ਸੀ। ਰਾਜੂ ਬਹੁਤ ਉਦਾਸ ਰਹਿਣ ਲੱਗਾ। ਉਸਦਾ ਰਿਸ਼ਤਾ ਹੀ ਅਜਿਹਾ ਸੀ ਜਿਸ ਕਰਕੇ ਉਹ ਕੋਈ ਸਖ਼ਤ ਕਦਮ ਨਹੀਂ ਸੀ ਚੁੱਕ ਸਕਦਾ। ਮੰਗੋ ਨੂੰ ਰਾਜੂ ਦੇ ਜਜ਼ਬਾਤਾਂ ਦੀ ਕੋਈ ਕਦਰ ਨਹੀਂ ਸੀ। ਉਹ ਉਸਨੂੰ ਹਮੇਸ਼ਾ ਝਾੜ ਝੰਬ ਕੇ ਰੱਖਦੀ।

ਮਰਦ ਤਾਂ ਆਖ਼ਿਰ ਮਰਦ ਹੀ ਹੁੰਦਾ ਹੈ। ਉਸਨੇ ਆਪਣੀ ਮਾਂ ਨੂੰ ਤਰਲਾ ਮਾਰਿਆ ਕਿ ਉਹ ਹੁਣ ਗੰਭੀਰ ਹੋ ਜਾਵੇ ਪਰ ਮੰਗੋ ਨੂੰ ਇਹ ਪ੍ਰਵਾਨ ਨਹੀਂ ਸੀ। ਉਹ ਸਮਝਦੀ ਸੀ ਕਿ ਰਾਜੂ ਕੌਣ ਹੁੰਦਾ ਹੈ ਉਸਨੂੰ ਨਸੀਹਤਾਂ ਦੇਣ ਵਾਲਾ। ਉਹ ਫੱਟ ਉਸਨੂੰ ਕਦਾੜ ਕੇ ਪਈ, "ਵੇ ਤੂੰ ਕੌਣ ਹੁੰਨਾ ਏਂ ਮਾਂ ਨੂੰ ਮੱਤਾਂ ਦੇਣ ਵਾਲਾ ? ਸ਼ਰਮ ਨਹੀਂ ਆਉਂਦੀ ਮਾਂ ਦੇ ਅੱਗੇ ਬੋਲਦੇ ਨੂੰ। ਜੇ ਹੁਣ ਕੋਈ ਬਕਵਾਸ ਕੀਤੀ ਤਾਂ ਜੀਭ ਖਿੱਚ ਕੇ ਬਾਹਰ ਕੱਢ ਦਊਂ। ਜਾਹ ਜਾ ਕੇ ਆਪਣਾ ਕੰਮ ਕਰ।" ਉਸਨੂੰ ਆਪਣੀ ਮਾਂ ਕੋਲੋਂ ਅਜਿਹੇ ਵਿਹਾਰ ਦੀ ਤਵੱਕੋ ਨਹੀਂ ਸੀ। ਉਹ ਰਿੱਝਦਾ-ਕਰਿਝਦਾ ਘਰੋਂ ਬਾਹਰ ਚਲਾ ਗਿਆ। ਉਹ ਆਪਣੇ ਘਰ ਵਿਚ ਨਿੱਤ ਦਾ ਤਮਾਸ਼ਾ ਨਹੀਂ ਸੀ ਵੇਖ ਸਕਦਾ। ਉਸਨੇ ਆਪਣੇ ਇਕ ਦੋਸਤ ਦੇ ਘਰ ਰਹਿਣਾ ਸ਼ੁਰੂ ਕਰ ਦਿੱਤਾ। ਉਹ ਸੋਚਦਾ ਸੀ ਕਿ ਉਸਦੀ ਮਾਂ ਉਸਨੂੰ ਮਨਾਉਣ ਆਵੇਗੀ ਪਰ ਮੰਗੋ ਕਿਸੇ ਹੋਰ ਹੀ ਮਿੱਟੀ ਦੀ ਬਣੀ ਹੋਈ ਸੀ। ਪਹਿਲਾਂ ਤਾਂ ਉਸਨੂੰ ਆਪਣੇ ਪੁੱਤਰ ਦੀ ਥੋੜ੍ਹੀ-ਬਹੁਤੀ ਸ਼ਰਮ ਸੀ ਪਰ ਰਾਜੂ ਦੇ ਬਾਹਰ ਜਾਣ ਬਾਅਦ ਉਸਦੀ ਰਹਿੰਦੀ-ਖੂੰਹਦੀ ਸ਼ਰਮ ਵੀ ਜਾਂਦੀ ਰਹੀ।

ਗੱਲਾਂ-ਗੱਲਾਂ ਵਿਚ ਰਾਜੂ ਦੇ ਯਾਰ ਨੇ ਉਸਨੂੰ ਪੁੱਛਿਆ—"ਬਈ ਕੀ ਗੱਲ ਏ ਅੱਜ-ਕੱਲ੍ਹ ਉਖੜਿਆ-ਉਖੜਿਆ ਰਹਿੰਨਾ ਏਂ ?" ਰਾਜੂ ਅਕਸਰ ਕੋਈ ਪੱਜ ਲਾ ਕੇ ਆਲਾ-ਟਾਲਾ ਵੱਟ ਜਾਂਦਾ। ਇਕ ਦਿਨ ਜਦੋਂ ਉਸਦਾ ਦੋਸਤ ਬਾਜ਼ਾਰੋਂ ਵਾਪਸ ਆਪਣੇ ਘਰ ਵੜਿਆ ਤਾਂ ਰਾਜੂ ਆਉਂਦਿਆਂ ਸ਼ਰਾਬ ਪੀ ਰਿਹਾ ਸੀ। ਉਸਨੂੰ ਰਾਜੂ ਦੇ ਅਚਨਚੇਤੀ ਵਿਹਾਰ 'ਤੇ ਬਹੁਤ ਚਿੰਤਾ ਹੋਈ। ਉਹ ਰਾਜੂ ਨੂੰ ਨਾ ਪੀਣ ਬਾਰੇ ਮੱਤਾਂ ਦੇਣ ਲੱਗ ਪਿਆ। ਰਾਜੂ ਬਿਨਾਂ ਕੋਈ ਜਵਾਬ ਦਿੱਤਿਆਂ ਚੁੱਪ-ਚਾਪ ਕਾਹਲੀ ਨਾਲ ਘਰੋਂ ਬਾਹਰ ਨਿਕਲ ਗਿਆ। ਬਾਹਰ ਆ ਕੇ ਉਹ ਲੰਮੀਆਂ-ਲੰਮੀਆਂ ਪੁਲਾਂਘਾ ਪੁੱਟਦਾ ਉਹ ਵਾਹੋ-ਦਾਹੀ ਆਪਣੇ ਘਰ ਵੱਲ ਚੱਲਣ ਲੱਗਾ। ਘਰ ਵਿਚ ਉਸਨੇ ਤੱਕਿਆ ਕਿ ਉਸਦੀ ਮਾਂ ਇਕ ਮਾਸਟਰ ਨਾਲ ਹੱਸ ਖੇਡ

ਰਹੀ ਸੀ। ਇਹ ਮਾਸਟਰ ਅੱਗੇ ਵੀ ਘਰ ਆਉਂਦਾ-ਜਾਂਦਾ ਸੀ। ਰਾਜੂ ਨੂੰ ਚਾਣਚੱਕ ਵੇਖ ਕੇ ਉਹ ਕਮਰੇ ਤੋਂ ਬਾਹਰ ਆਈ। ਸੱਚੀ ਬਣਨ ਵਾਸਤੇ ਆਪਣੇ ਮੁੰਡੇ ਨੂੰ ਘਰੋਂ ਏਨੇ ਦਿਨ ਗ਼ਾਇਬ ਰਹਿਣ ਕਾਰਨ ਝਿੜਕਣ ਲੱਗੀ। ਰਾਜੂ ਪਹਿਲਾਂ ਹੀ ਭਰਿਆ ਪੀਤਾ ਸੀ। ਰਾਜੂ ਨੇ ਲਾਗੋਂ ਪੇਟ ਪਿੱਛੇ ਪਈ ਕਿਰਪਾਨ ਕੱਢੀ ਅਤੇ ਸਿੱਧੀ ਆਪਣੀ ਮਾਂ ਦੇ ਢਿੱਡ ਵਿਚ ਮਾਰੀ। ਮੰਗੋ ਚੁਫਾਲ ਡਿੱਗ ਪਈ ਅਤੇ ਤੜਫਣ ਲੱਗੀ। ਉਹਨੂੰ ਡਿੱਗੀ ਵੇਖ ਕੇ ਮਾਸਟਰ ਅੰਦਰੋਂ ਭੱਜਾ ਆਇਆ। ਰਾਜੂ ਦੇ ਹੱਥ ਕਿਰਪਾਨ ਵੇਖ ਕੇ ਉਸਦਾ ਮੰਗੋ ਦੇ ਕੋਲ ਜਾਣ ਦਾ ਹੀਆ ਨਾ ਪਿਆ। ਉਸਨੇ ਉਥੋਂ ਖਿਸਕਣਾ ਹੀ ਬੇਹਤਰ ਸਮਝਿਆ। ਬਾਹਰ ਜਾਂਦੇ ਮਾਸਟਰ ਮਗਰ ਰਾਜੂ ਕਿਰਪਾਨ ਲੈ ਕੇ ਭੱਜਾ। ਉਸਦੀਆਂ ਬਾਹਾਂ 'ਤੇ ਇਕ ਦੋ ਟੱਕ ਲੱਗੇ ਪਰ ਉਹ ਅਖ਼ੀਰ ਭੱਜ ਕੇ ਬਚ ਨਿਕਲਿਆ।

ਸਾਰੇ ਪਿੰਡ ਵਿਚ ਇਸ ਲੜਾਈ ਦੀ ਹਾਹਾਕਾਰ ਮੱਚ ਗਈ। ਲੋਕ ਕਾਵਾਂ ਵਾਂਗ ਭੱਜੇ ਮੰਗੋ ਦੇ ਘਰ ਆਏ। ਆਉਂਦਿਆਂ ਮੰਗੋ ਮਰ ਚੁੱਕੀ ਸੀ। ਰਾਜੂ ਨੇ ਕਿਰਪਾਨ ਲੋਕਾਂ ਵੱਲ ਸੁੱਟੀ ਤੇ ਆਪਣੇ ਆਪ ਨੂੰ ਲੋਕਾਂ ਦੇ ਹਵਾਲੇ ਕਰ ਦਿੱਤਾ। 'ਵਾਹ ਕਰਮਾਂ ਦੇ ਬਲੀਆ, ਰਿੱਧੀ ਖੀਰ ਤੇ ਬਣ ਗਿਆ ਦਲੀਆ'। ਪਿੰਡ ਵਾਲਿਆਂ ਨੂੰ ਰਾਜੂ ਨਾਲ ਹਮਦਰਦੀ ਸੀ। ਹੁਣ ਉਹ ਸਾਰੇ ਉਸ ਨੂੰ ਬਚਾਉਣ ਦੇ ਮਸ਼ਵਰੇ ਕਰਨ ਲੱਗੇ।

ਧੀਰੋ

ਉਸਦਾ ਪੂਰਾ ਨਾਮ ਭਾਵੇਂ ਧੀਰਜ ਕੌਰ ਸੀ ਪਰ ਮਾਪੇ ਵੀ ਪਿੰਡ ਵਾਂਗ ਉਸਨੂੰ ਪਿਆਰ ਨਾਲ ਧੀਰੋ ਹੀ ਆਖਦੇ ਸਨ। ਉਹ ਸ਼ੁਰੂ ਤੋਂ ਹੀ ਧੀਰੀ ਸੀ ਤੇ ਆਪਣੇ ਕੰਮ-ਧੰਦੇ ਧੀਰਜ ਨਾਲ ਹੀ ਕਰਦੀ ਸੀ। ਉਹ ਪਹੁ-ਫੁਟਾਲੇ ਤੋਂ ਰਾਤ ਤੱਕ ਬੜੇ ਹੀ ਸਹਿਜ-ਭਾਅ ਨਾਲ ਠੁਮਕ-ਠੁਮਕ ਚਲਦੀ-ਫਿਰਦੀ ਬੜੇ ਹੀ ਠਰ੍ਹੰਮੇ ਨਾਲ ਬੋਲਦੀ ਚਾਲਦੀ ਤੇ ਹੱਸਦੀ-ਖੇਡਦੀ ਨਜ਼ਰੀਂ ਪੈਂਦੀ ਸੀ। ਉਹ ਰੋਟੀ-ਪਾਣੀ ਜਿਸ ਰਫ਼ਤਾਰ ਨਾਲ ਖਾਂਦੀ, ਉਸਦੀ ਮਾਂ ਖਿਝ ਕੇ ਆਖਦੀ— "ਧੀਰੋ ਜਲਦੀ ਖਾਇਆ ਪੀਆ ਕਰ, ਤੇਰੇ ਨਾਲ ਦੇ ਕਦੇ ਦੇ ਖਾ ਪੀ ਕੇ ਲਾਂਭੇ ਹੋ ਗਏ ਨੇ, ਤੂੰ ਅਜੇ ਵੀ ਮੜਕ-ਮੜਕ ਮੂੰਹ ਮਾਰੀ ਜਾਨੀ ਏਂ। ਪੁੱਤਰ ਜਿੱਲਿਆਂ ਵਾਂਗ ਲੰਮਾ ਪੀਹਣ ਨਾ ਪਾ ਕੇ ਬਹਿ ਜਾਇਆ ਕਰ। ਉੱਠ ਹੁਣ ਖ਼ਤਮ ਕਰ ਇਹ ਖਾਣਾ, ਦੁਪਹਿਰ ਨੂੰ ਫਿਰ ਖਾ ਲਵੀਂ।" ਪਰ ਧੀਰੋ ਦੀ ਰਫ਼ਤਾਰ ਕੁਦਰਤ ਵੱਲੋਂ ਬੱਝੀ ਹੋਈ ਸੀ। ਉਹ ਕੋਈ ਵੀ ਕਾਰਜ ਕਰਦੀ, ਪੂਰੀ ਰੂਹ ਦਿਲ ਜਾਨ ਨਾਲ ਕਰਦੀ ਸੀ। ਚਲਾਵਾਂ ਕੰਮ ਕਰਨਾ ਉਸਦੇ ਸੁਭਾਅ ਦਾ ਹਿੱਸਾ ਨਹੀਂ ਸੀ। ਹੌਲੀ-ਹੌਲੀ ਇਹ ਸਹਿਜਤਾ ਉਸਦੇ ਮੁੱਢਲੇ ਸੁਭਾਅ ਦਾ ਇਕ ਅੰਗ ਬਣ ਚੁੱਕੀ ਸੀ। ਉਸਦੀ ਮਾਂ ਉਸਨੂੰ ਸਹਿਜੋ ਵੀ ਕਹਿੰਦੀ ਸੀ।

ਧੀਰੋ ਦਾ ਸੁਭਾਅ ਉਸਦੇ ਨਾਮ ਨਾਲ ਮੇਲ ਖਾਂਦਾ ਸੀ। ਧੀਰਾਪਣ ਉਸਦੇ ਖ਼ੂਨ ਵਿਚ ਸਮਾ ਚੁੱਕਾ ਸੀ। ਜਦੋਂ ਉਹ ਸਕੂਲ ਪੜ੍ਹਦੀ ਤਾਂ ਉਸਦੀ ਲਿਖਾਈ ਬੜੀ ਸੁੰਦਰ ਸੀ। ਉਹ ਹੌਲੀ-ਹੌਲੀ ਲਿਖਦੀ ਨਾਲੋ-ਨਾਲ ਮੋਤੀ ਪਰੋਈ ਜਾਂਦੀ ਸੀ। ਭਾਵੇਂ ਪੜ੍ਹਾਈ ਵਿਚ ਕਈ ਕੁੜੀਆਂ ਉਸ ਨਾਲੋਂ ਅੱਗੇ ਸਨ ਪਰ ਲਿਖਾਈ ਵਿਚ ਸਭ ਉਸ ਨਾਲੋਂ ਫਾਡੀ ਸਨ। ਉਸਨੂੰ ਹਰ ਵਾਰੀ ਖ਼ੁਸ਼ਖਤੀ ਦਾ ਇਨਾਮ ਮਿਲਦਾ ਸੀ। ਕਲਾਸ ਵਿਚ ਲੱਗੇ ਚਾਰਟ ਤੇ ਮਾਟੋ ਸਭ ਉਸਦੀ ਖ਼ੁਸ਼ਖਤੀ ਦਾ ਨਮੂਨਾ ਸਨ। ਤੇਜੀ ਦੇ ਯੁੱਗ ਵਿਚ ਭਾਵੇਂ ਉਸਦੇ ਅਧਿਆਪਕਾਂ ਨੂੰ ਉਸਦੀ ਢਿੱਲੀ ਚਾਲ ਚੁਭਦੀ ਸੀ ਪਰ ਸਹਿਜਤਾ ਦੀ ਥੁੜ ਕਾਰਨ, ਅੱਜ ਦੇ ਮੁੰਡੇ-ਕੁੜੀਆਂ ਦੀ ਭਟਕਣ ਇਕ ਰੋਗ ਬਣ ਕੇ ਰਹਿ ਗਿਆ ਸੀ। ਇਸ ਲਈ ਧੀਰਜ ਦਾ ਧੀਰਜ ਉਸਦੇ ਕਈ ਪ੍ਰਸੰਸਕਾਂ ਨੂੰ ਭਾਉਂਦਾ ਵੀ ਸੀ। ਇਹ ਔਗੁਣ ਨਹੀਂ, ਗੁਣ ਸਮਝਿਆ ਜਾਂਦਾ ਸੀ।

ਦਸ ਜਮਾਤਾਂ ਬਾਅਦ ਉਸਦੇ ਮਾਪਿਆਂ ਉਸਦੀ ਪੜ੍ਹਾਈ ਬੰਦ ਕਰ ਦਿੱਤੀ ਤੇ ਬੇਸਿਕ ਦੀ ਸਿਖਲਾਈ ਦਿਵਾ ਕੇ ਇਕ ਸਾਲਾ ਕੋਰਸ ਕਰਵਾ ਕੇ ਉਸਨੂੰ ਬੱਚੇ ਪੜ੍ਹਾਉਣ ਦੀ ਨੌਕਰੀ 'ਤੇ ਲਾ ਦਿੱਤਾ ਸੀ। ਧੀਰੋ ਇਸ ਰਜਾ ਵਿਚ ਹੀ ਰਾਜੀ ਸੀ। ਉਹ ਸੁੰਦਰ ਮੁਟਿਆਰ ਨਿਕਲੀ

ਸੀ। ਸਾਦੇ ਪਰ ਚਿੱਟੇ ਕੱਪੜੇ ਪਾ ਕੇ ਉਹ ਬਹੁਤ ਦਾਨੀ ਲਗਦੀ ਸੀ। ਉਸ ਵਿਚ ਕੁੜੀਆਂ ਵਾਲਾ ਚੁਲਬਲਾਪਣ ਜਾਂ ਭੜਕੀਲਾਪਣ ਨਹੀਂ ਸੀ। ਉਹ ਸਕੂਲ ਇੰਜ ਪੜ੍ਹਾਉਣ ਜਾਂਦੀ ਜਿਵੇਂ ਕੁਦਰਤ ਵੱਲੋਂ ਬਣੀ ਹੀ ਇਸ ਕੰਮ ਲਈ ਹੋਵੇ। ਉਹ ਆਪਣੇ ਸੁਭਾਅ ਅਨੁਸਾਰ ਹਥਲੇ ਕੰਮ ਵਿਚ ਖੁਭ ਜਾਂਦੀ ਸੀ। ਜਦੋਂ ਉਹ ਜੇ.ਬੀ.ਟੀ. ਕਰ ਰਹੀ ਸੀ ਤਾਂ ਉਸਦੀ ਕਲਾਸ ਵਿਚ ਅਕਾਲਗੜ ਦੇ ਨੰਬਰਦਾਰ ਦਾ ਮੁੰਡਾ ਜੈਦੀਪ ਪੜ੍ਹਦਾ ਸੀ। ਉਹ ਭਾਵੇਂ ਘਰੋਂ-ਬਾਹਰੋਂ ਤਗੜਾ ਸੀ ਪਰ ਉਸ ਵਕਤ ਕੋਈ ਹੋਰ ਨੌਕਰੀ ਪਿੰਡ ਵਾਲਿਆਂ ਵਾਸਤੇ ਉਪਲਬਧ ਨਾ ਹੋਣ ਕਰਕੇ ਉਸਨੇ ਲਾਗਲੇ ਇਕ ਸੈਂਟਰ ਤੋਂ ਮਾਸਟਰੀ ਦਾ ਇਹ ਕੋਰਸ ਕਰਨਾ ਹੀ ਮੁਨਾਸਬ ਸਮਝਿਆ। ਇਸੇ ਅਰਸੇ ਵਿਚ ਉਸਦੀ ਧੀਰਜ ਨਾਲ ਗਿਟ-ਮਿਟ ਹੋ ਗਈ ਸੀ। ਦੋਵਾਂ ਨੇ ਇਕ ਦੂਜੇ ਦੇ ਹੋਣ ਦੀਆਂ ਕਸਮਾਂ ਵਾਅਦੇ ਕਰ ਲਏ ਸਨ। ਜਦੋਂ ਉਹ ਦੋਵੇਂ ਸਕੂਲੇ ਨੌਕਰੀ ਜਾ ਲੱਗੇ ਤਾਂ ਉਨ੍ਹਾਂ ਦਾ ਵਿਆਹ ਹੋ ਗਿਆ। ਧੀਰੋ ਹੁਣ ਨੰਬਰਦਾਰ ਦੀ ਇਕਲੌਤੀ ਨੂੰਹ ਬਣ ਗਈ ਸੀ।

ਹਰਾ ਇਨਕਲਾਬ ਆਉਣ ਕਰਕੇ ਜਿਨਸਾਂ ਦੇ ਭਾਅ ਤੇ ਝਾੜ ਵਧ ਗਏ ਸਨ। ਜ਼ਮੀਨਾਂ ਦੇ ਮੁੱਲ ਵੀ ਵਧਣ ਲੱਗੇ। ਜ਼ਿਮੀਂਦਾਰਾਂ ਦੇ ਮੁੰਡੇ ਮਾੜੀ-ਮੋਟੀ ਨੌਕਰੀ ਕਰਨ ਨਾਲੋਂ ਘਰ ਦਾ ਕੰਮ ਕਰਨਾ ਬੇਹਤਰ ਸਮਝਣ ਲੱਗੇ ਸਨ। ਇਸ ਲਈ ਜੈਦੀਪ ਨੇ ਵੀ ਸਰਕਾਰੀ ਅਧਿਆਪਕ ਦੀ ਨੌਕਰੀ ਛੱਡ ਕੇ ਘਰ ਦਾ ਕੰਮ ਕਰਨਾ ਆਰੰਭ ਕਰ ਦਿੱਤਾ। ਉਸਨੇ ਟਰੈਕਟਰ ਖਰੀਦ ਲਿਆ ਤੇ ਉਹ ਡਟ ਕੇ ਵਾਹੀ ਖੇਤੀ ਕਰਨ ਲੱਗਾ। ਨੰਬਰਦਾਰ ਉਪਰਲੇ ਕੰਮ ਕਰਦਾ ਸੀ ਪਰ ਜੈਦੀਪ ਕਾਮਿਆਂ ਦੀ ਮਦਦ ਨਾਲ ਤਗੜੀ ਵਾਹੀ ਕਰਨ ਲੱਗਾ। ਜੈਦੀਪ ਤੇ ਧੀਰਜ ਦੀ ਜੋੜੀ ਪਿਆਰ ਨਾਲ ਨਿਰਮਤ ਹੋਈ ਸੀ। ਧੀਰੋ ਵੀ ਜਦ ਸਕੂਲੋਂ ਵਿਹਲੀ ਹੁੰਦੀ ਤਾਂ ਘਰ ਦਾ ਸਾਰਾ ਚੁੱਲ੍ਹਾ ਚੌਂਕਾ ਸਾਂਭ ਲੈਂਦੀ। ਉਹ ਆਪਣੀ ਸੱਸ ਨੂੰ ਚੌਂਕੇ ਵਿਚ ਨਹੀਂ ਸੀ ਵੜਨ ਦਿੰਦੀ ਤੇ ਨਾ ਹੀ ਜੈਦੀਪ ਆਪਣੇ ਪਿਤਾ ਨੂੰ ਪੈਲੀਆਂ ਵਿਚ ਵੜਨ ਦਿੰਦਾ ਸੀ। ਸੱਸ ਸਹੁਰਾ ਧੀਰਜ ਦੀਆਂ ਸਿਫ਼ਤਾਂ ਕਰਦੇ ਨਹੀਂ ਸਨ ਥੱਕਦੇ। ਉਨ੍ਹਾਂ ਦੀ ਆਪਣੀ ਕੋਈ ਧੀ ਨਹੀਂ ਸੀ ਪਰ ਧੀਰਜ ਨੇ ਇਹ ਘਾਟ ਉਨ੍ਹਾਂ ਨੂੰ ਮਹਿਸੂਸ ਨਹੀਂ ਸੀ ਹੋਣ ਦਿੱਤੀ। ਧੀਰੋ ਵੱਲੋਂ ਇਹ ਕੋਈ ਉਚੇਚ ਨਹੀਂ ਸੀ ਸਗੋਂ ਇਹ ਉਸਦਾ ਅੰਤਰੀਵ ਸੁਭਾਅ ਸੀ।

ਵਾਹਿਗੁਰੂ ਨੇ ਧੀਰੋ ਨੂੰ ਇਕ ਪੁੱਤਰ ਦੀ ਦਾਤ ਦਿੱਤੀ। ਉਹ ਹੋਰਨਾਂ ਦੀ ਵੀ ਉਡੀਕ ਕਈ ਸਾਲ ਕਰਦੇ ਰਹੇ ਪਰ ਉਨ੍ਹਾਂ ਦੇ ਘਰ ਇਕ-ਇਕ ਹੀ ਹੋਣ ਦਾ ਰਿਵਾਜ ਸੀ। ਇਸ ਲਈ ਉਹ ਇਕ ਨਾਲ ਹੀ ਸੰਤੁਸ਼ਟ ਹੋ ਕੇ ਉਸਦੀ ਪਰਵਰਿਸ਼ ਵੱਲ ਰੁੱਝ ਗਏ। ਸਕੂਲ ਤੋਂ ਬਾਅਦ ਉਸਨੂੰ ਕਾਲਜ ਵਿਚ ਦਾਖ਼ਲ ਕਰਵਾਇਆ। ਉਹ ਬੀ.ਐੱਸ.ਸੀ. ਖੇਤੀਬਾੜੀ ਕਰਕੇ ਖੇਤੀਬਾੜੀ ਇੰਸਪੈਕਟਰ ਜਾ ਲੱਗਾ। ਉਸਦੇ ਮਾਤਾ ਪਿਤਾ ਨੇ ਉਸਦੀ ਪੜ੍ਹਾਈ ਦੇ ਖਰਚੇ ਪਾਣੀ ਵਿਚ ਕੋਈ ਕਮੀ-ਪੇਸ਼ੀ ਨਹੀਂ ਸੀ ਆਉਣ ਦਿੱਤੀ। ਜੈਦੀਪ ਦੀ ਖ਼ਾਹਿਸ਼ ਸੀ ਕਿ ਉਹ ਆਪਣੇ ਪੁੱਤਰ ਜੱਜ ਨੂੰ ਇਕ ਤਗੜਾ ਸਰਕਾਰੀ ਅਫ਼ਸਰ ਬਣਾਵੇ। ਉਹ ਉਸਨੂੰ ਆਪਣੇ ਵਾਂਗ ਖਾਂਦੇ-ਪੀਂਦੇ ਘਰ ਵਿਚ ਵਿਆਹੁਣਾ ਚਾਹੁੰਦਾ ਸੀ। ਇਹ ਸੰਭਵ ਵੀ ਸੀ।

ਜੈਦੀਪ ਨੇ ਪਿੰਡੋਂ ਦੂਰ ਵਾਲੀ ਜ਼ਮੀਨ ਵੇਚ ਕੇ ਯੂ.ਪੀ. ਵਿਚ ਦੂਣੀ ਜ਼ਮੀਨ ਲੈਣ ਦਾ ਫ਼ੈਸਲਾ ਕੀਤਾ। ਉਸਨੇ ਯੂ. ਪੀ. ਜ਼ਮੀਨ ਵੀ ਵੇਖ ਲਈ ਸੀ ਤੇ ਆਖ਼ਰੀ ਫ਼ੈਸਲਾ ਕਰਨ ਲਈ ਬਾਪ ਨੂੰ ਨਾਲ ਲੈ ਕੇ ਯੂਪੀ ਜਾਣ ਦੀ ਤਿਆਰੀ ਕਰ ਰਿਹਾ ਸੀ। ਇਕ ਦਿਨ ਉਹ ਘਰਵਾਲੀ ਨਾਲ ਖ਼ਰੀਦੋ-ਫ਼ਰੋਖਤ ਲਈ ਸ਼ਹਿਰ ਗਿਆ ਹੋਇਆ ਸੀ। ਘਰ ਵਿਚ ਉਸਦਾ ਪਿਤਾ ਤੇ ਮਾਤਾ ਜੋ ਕਿ ਬਿਰਧ ਸਨ, ਰਹਿ ਗਏ ਸਨ। ਕਿਸੇ ਦੀ ਮੁਖਬਰੀ 'ਤੇ ਜੀਪ ਉਪਰ ਸਵਾਰ ਕੁਝ ਡਾਕੂ ਆ ਕੇ ਉਸਦੇ ਘਰ ਅੰਦਰ ਵੜ ਗਏ। ਪਹਿਲਾਂ ਜਾਂਦਿਆਂ ਉਨ੍ਹਾਂ ਜੈਦੀਪ ਦੀ ਸੁਖ-ਸਾਂਦ ਪੁੱਛੀ ਤੇ ਫਿਰ ਉਨ੍ਹਾਂ ਨੂੰ ਦਬੋਚ ਲਿਆ। ਉਨ੍ਹਾਂ ਦੇ ਹੱਥ-ਪੈਰ ਬੰਨ੍ਹ ਕੇ ਉਨ੍ਹਾਂ ਨੂੰ ਇਕ ਅੰਦਰ ਤਾੜ ਕੇ ਬਾਹਰੋਂ ਕੁੰਡਾ ਬੰਦ ਕਰ ਦਿੱਤਾ। ਉਹ ਆਪਣੀ ਮਰਜ਼ੀ ਨਾਲ ਆਏ ਤੇ ਮਰਜ਼ੀ ਨਾਲ ਘਰ ਦਾ ਗਹਿਣਾ ਗੱਟਾ, ਜ਼ਮੀਨ ਦੀ ਰਕਮ ਤੇ ਹੋਰ ਕੀਮਤੀ ਚੀਜ਼ਾਂ ਲੈ ਕੇ ਤਿੱਤਰ ਹੋਏ। ਪਿੰਡ ਵਾਲਿਆਂ ਨੂੰ ਇਸ ਡਾਕੇ ਦੀ ਭਿਣਕ ਨਾ ਪਈ। ਉਨ੍ਹਾਂ ਸਮਝਿਆ ਕਿ ਉਨ੍ਹਾਂ ਦੇ ਘਰ ਜੀਪ ਵਿਚ ਕੁਝ ਪ੍ਰਾਹੁਣੇ ਆਏ ਹਨ।

ਜੱਜ ਲੁਧਿਆਣੇ ਯੂਨੀਵਰਸਿਟੀ ਵਿਚ ਪੜ੍ਹ ਰਿਹਾ ਸੀ ਤੇ ਘਰ ਦੇ ਸਾਰੇ ਨੌਕਰ ਖੇਤਾਂ ਵਿਚ ਕੰਮ ਕਰ ਰਹੇ ਸਨ। ਗਵਾਂਢੀਆਂ ਦੀ ਇਕ ਬੁੱਢੀ ਔਰਤ ਕਿਸੇ ਕੰਮ ਨੰਬਰਦਾਰਨੀ ਨੂੰ ਮਿਲਣ ਆਈ ਤਾਂ ਇਸ ਵਾਰਦਾਤ ਦਾ ਪਤਾ ਲੱਗਾ। ਉਸਨੇ ਘਰ ਵਿਚ ਵੜ ਕੇ ਵੇਖਿਆ ਕਿ ਨੰਬਰਦਾਰ ਤੇ ਉਸਦੀ ਘਰ ਵਾਲੀ ਮਰੇ ਪਏ ਹਨ। ਬਾਹਰ ਹਵੇਲੀ ਵਿਚ ਘਰ ਦਾ ਕੁੱਤਾ ਵੀ ਮਰਿਆ ਪਿਆ ਸੀ। ਸ਼ਾਇਦ ਡਾਕੂਆਂ ਉਹਨੂੰ ਜ਼ਹਿਰੀਲੀ ਚੀਜ਼ ਖਵਾ ਦਿੱਤਾ ਸੀ। ਡਾਕੇ ਦਾ ਖੁਰਾ ਖੋਜ ਮਿਟਾਉਣ ਲਈ ਉਨ੍ਹਾਂ ਬਜ਼ੁਰਗਾਂ ਨੂੰ ਗਲ ਘੁੱਟ ਕੇ ਮਾਰਨਾ ਹੀ ਬੇਹਤਰ ਸਮਝਿਆ ਹੋਵੇਗਾ। ਗੁਆਂਢਣ ਦਾ ਰੌਲਾ ਸੁਣ ਕੇ ਸਾਰਾ ਪਿੰਡ ਇਕੱਠਾ ਹੋ ਗਿਆ। ਉਧਰੋਂ ਜੈਦੀਪ ਅਤੇ ਧੀਰਜ ਸੌਦਾ ਪੱਤਾ ਲੈ ਕੇ ਘਰ ਮੁੜੇ। ਘਰ ਦੇ ਅੰਦਰ ਬਾਹਰ ਭੀੜ ਵੇਖ ਕੇ ਉਹ ਭੈਭੀਤ ਹੋ ਗਏ। ਉਨ੍ਹਾਂ ਨੇ ਜਦ ਅੰਦਰ ਆ ਕੇ ਸਭ ਕੁਝ ਆਪਣੇ ਕੰਨਾਂ ਨਾਲ ਸੁਣਿਆ ਤੇ ਅੱਖਾਂ ਨਾਲ ਵੇਖਿਆ ਤਾਂ ਉਹ ਚਕਰਾ ਗਏ। ਧੀਰੋ, ਸ਼ਰੀਕ ਤੇ ਪਿੰਡ ਵਾਲੇ ਦੋਵਾਂ ਬਜ਼ੁਰਗਾਂ ਨੂੰ ਮਰਿਆ ਵੇਖ ਕੇ ਰੋਣ-ਪਿੱਟਣ ਲੱਗੇ। ਹਾਲੇ ਉਨ੍ਹਾਂ ਨੂੰ ਗਹਿਣੇ-ਗੱਟੇ ਤੇ ਜ਼ਮੀਨ ਦੀ ਰਕਮ ਬਾਰੇ ਕੋਈ ਖ਼ਬਰ ਨਹੀਂ ਸੀ। ਜੈਦੀਪ ਨੂੰ ਇਹ ਸਭ ਕੁਝ ਜਾਣ ਕੇ ਅਜਿਹਾ ਝਟਕਾ ਲੱਗਾ ਕਿ ਉਹ ਗੁੰਮ-ਸੁੰਮ ਹੋ ਗਿਆ। ਧੀਰਜ ਸਣੇ ਬਾਕੀ ਅੰਗਾਂ-ਸਾਕਾਂ ਨੇ ਤਾਂ ਰੋ-ਕੁਰਲਾ ਕੇ ਆਪਣਾ ਗੁਬਾਰ ਕੱਢ ਲਿਆ ਪਰ ਜੈਦੀਪ ਪੱਥਰ ਬਣਿਆ ਬੈਠਾ ਸੀ। ਡਾਕਟਰ ਆਖਦੇ ਸਨ ਕਿ ਉਸਦਾ ਇਸ ਤਰ੍ਹਾਂ ਰਹਿਣਾ ਖ਼ਤਰਨਾਕ ਹੋ ਸਕਦਾ ਹੈ। ਉਸਦਾ ਬੋਲਣਾ ਬਹੁਤ ਜ਼ਰੂਰੀ ਸੀ ਪਰ ਡਾਕਟਰਾਂ ਦੀਆਂ ਦਵਾਈਆਂ ਤੇ ਰਿਸ਼ਤੇਦਾਰਾਂ ਦੀਆਂ ਨਸੀਹਤਾਂ ਉਹਨੂੰ ਰਵਾ ਨਾ ਸਕੀਆਂ। ਉਸਦਾ ਬੋਲਣਾ ਜ਼ਰੂਰੀ ਸੀ ਪਰ ਉਸਨੂੰ ਬੋਲਿਆਂ ਅੱਜ ਪੰਦਰਾਂ ਦਿਨ ਹੋ ਗਏ ਸਨ।

ਧੀਰੋ ਇਕ ਤਾਂ ਅਫ਼ਸੋਸ ਕਰਨ ਵਾਲਿਆਂ ਨੂੰ ਸਾਂਭਦੀ ਤੇ ਦੂਜਾ ਸਾਰਾ ਦਿਨ ਜੈਦੀਪ ਨਾਲ ਗੱਲਾਂ-ਬਾਤਾਂ ਕਰਕੇ ਉਸਨੂੰ ਬੁਲਾਉਣ ਦੀ ਕੋਸ਼ਿਸ਼ ਕਰਦੀ ਪਰ ਉਹ ਕਾਮਯਾਬ ਨਾ

ਹੋ ਸਕੀ। ਇਕ ਰਾਤ ਉਹ ਅੱਧੀ ਰਾਤ ਉੱਠ ਕੇ ਉਪਰ ਕੋਠੇ ਚੜ੍ਹ ਗਿਆ ਤੇ ਉੱਚੀ-ਉੱਚੀ ਰੋਣ ਲੱਗਾ। ਹੁਣ ਧੀਰੋ ਉਸਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਉਸਨੂੰ ਹੁਣ ਡਾਕਟਰਾਂ ਚੁੱਪ ਹੋਣ ਦੀਆਂ ਦਵਾਈਆਂ ਦੇਣ ਵਿਚ ਵਿਅਸਤ ਸਨ। ਪਰ ਜਦੋਂ ਜੈਦੀਪ ਨੂੰ ਦੌਰਾ ਪੈਂਦਾ, ਉਹ ਤਿੰਨ-ਤਿੰਨ ਘੰਟੇ ਬੋਲਦਾ ਰਹਿੰਦਾ। ਉਹ ਭਾਵੇਂ ਹੱਸ-ਹੱਸ ਕੇ ਗੱਲਾਂ-ਬਾਤਾਂ ਕਰਦਾ ਸੀ ਪਰ ਧੀਰੋ ਉਸਦਾ ਇਹ ਭਿਆਨਕ ਹਾਸਾ ਸੁਣ ਕੇ ਘਬਰਾ ਜਾਂਦੀ ਸੀ। ਉਸਦੇ ਇਹ ਦੌਰੇ ਕਾਬੂ ਵਿਚ ਨਹੀਂ ਆ ਰਹੇ ਸਨ। ਇਹ ਰੋਗ ਉਸਦਾ ਕਰਮ ਰੋਗ ਹੀ ਹੁੰਦਾ ਜਾ ਰਿਹਾ ਸੀ। ਨਜ਼ਦੀਕੀਆਂ ਨੇ ਧੀਰੋ ਨੂੰ ਜੈਦੀਪ ਨੂੰ ਪਾਗਲਾਂ ਵਾਲੇ ਹਸਪਤਾਲ ਦਾਖ਼ਲ ਕਰਵਾਉਣ ਦਾ ਮਸ਼ਵਰਾ ਦਿੱਤਾ ਪਰ ਉਹ ਆਪਣੇ ਪਤੀ ਨੂੰ ਇਸ ਤਰ੍ਹਾਂ ਜ਼ਲੀਲ ਨਹੀਂ ਸੀ ਕਰਨਾ ਚਾਹੁੰਦੀ।

ਜੈਦੀਪ ਨੂੰ ਲਾਇਲਾਜ ਹੁੰਦਾ ਤੱਕ ਕੇ ਘਰ ਵਾਲਿਆਂ ਉਸਨੂੰ ਇਕ ਅੰਦਰ ਡੱਕਣਾ ਸ਼ੁਰੂ ਕਰ ਦਿੱਤਾ। ਜੈਦੀਪ ਨੇ ਜੱਜ ਦਾ ਰਿਸ਼ਤਾ ਆਪ ਹੀ ਆਪਣੇ ਇਕ ਦੋਸਤ ਦੀ ਕੁੜੀ ਨਾਲ ਤਹਿ ਕੀਤਾ ਸੀ ਜਦੋਂ ਲੜਕੀ ਵਾਲਿਆਂ ਨੂੰ ਵਿਆਹ ਦੇਣ ਬਾਰੇ ਆਖਿਆ ਤਾਂ ਉਨ੍ਹਾਂ ਨੇ ਕੋਈ ਹੂੰ-ਹਾਂ ਨਾ ਕੀਤੀ। ਰਿਸ਼ਤਾ ਟੁੱਟ ਗਿਆ। ਧੀਰੋ ਦੇ ਭਰਾ ਨੇ ਇਕ ਹੋਰ ਸਰਕਾਰੀ ਟੀਚਰ ਲੱਗੀ ਲੜਕੀ ਦਾ ਰਿਸ਼ਤਾ ਆਪਣੇ ਭਣੇਵੇ ਜੱਜ ਨਾਲ ਕਰਵਾ ਦਿੱਤਾ। ਜਿਸ ਦਿਨ ਜੱਜ ਦੀ ਬਰਾਤ ਨਿਕਲ ਸੀ, ਜੈਦੀਪ ਨੂੰ ਇਕ ਕਮਰੇ ਵਿਚ ਬੰਦ ਰੱਖਿਆ ਗਿਆ ਸੀ। ਉਹ ਰੋ-ਰੋ ਕੇ ਨਾਲ ਜਾਣ ਦੀ ਜ਼ਿਦ ਕਰ ਰਿਹਾ ਸੀ ਪਰ ਉਸਨੂੰ ਨਾਲ ਖੜਨ ਦੀ ਬਜਾਇ ਕਮਰੇ ਨੂੰ ਇਕ ਜਿੰਦਰਾ ਹੋਰ ਲਾ ਦਿੱਤਾ ਅਤੇ ਬਰਾਤ ਲੈ ਕੇ ਚਲਦੇ ਬਣੇ। ਧੀਰੋ ਇਹ ਸਾਰਾ ਕਾਰਜ ਦਿਲ 'ਤੇ ਪੱਥਰ ਰੱਖ ਕੇ ਕਰ ਰਹੀ ਸੀ। ਉਹ ਜੈਦੀਪ ਨੂੰ ਸ਼ਗਨਾਂ ਵਾਲੀ ਪਗੜੀ ਬੰਨ੍ਹ ਕੇ ਨਾਲ ਲਿਜਾਣਾ ਚਾਹੁੰਦੀ ਸੀ ਪਰ ਉਸਦੇ ਭਰਾਵਾਂ ਨੇ ਸਖ਼ਤੀ ਨਾਲ ਰੋਕ ਦਿੱਤਾ। ਧੀਰੋ ਨੂੰ ਕੌੜਾ ਘੁੱਟ ਪੀਣਾ ਪਿਆ। ਜਦੋਂ ਧੀਰੋ ਨੂੰਹ ਨੂੰ ਵਿਆਹ ਕੇ ਘਰ ਲਿਆਈ ਤਾਂ ਸਭ ਤੋਂ ਪਹਿਲਾਂ ਨੂੰਹ ਨੂੰ ਉਸਦੇ ਕਮਰੇ ਵਿਚ ਲੈ ਕੇ ਗਈ। ਜੈਦੀਪ ਸਵੇਰ ਦਾ ਅੰਦਰ ਤਾੜਿਆ ਹੋਇਆ ਸੀ। ਉਸਨੇ ਨੂੰਹ ਨੂੰ ਪਿਆਰ ਦੇਣ ਦੀ ਜਗ੍ਹਾ ਧੱਕਾ ਮਾਰ ਕੇ ਸੁੱਟ ਦਿੱਤਾ। ਲਾਗੇ ਖੜਾ ਜੱਜ ਜਰ ਨਾ ਸਕਿਆ। ਉਸਨੇ ਆਪਣੇ ਪਿਤਾ ਨੂੰ ਹੂਰੇ ਮਾਰ ਕੇ ਕੰਧ ਨਾਲ ਮਾਰਿਆ ਤੇ ਘਰਵਾਲੀ ਨੂੰ ਲੈ ਕੇ ਗਾਲ੍ਹਾਂ ਕੱਢਦਾ ਦੂਜੇ ਕਮਰੇ ਵਿਚ ਚਲਾ ਗਿਆ। ਇਹ ਸਾਰੇ ਦ੍ਰਿਸ਼ ਨੇ ਧੀਰੋ ਦਾ ਕਲੇਜਾ ਵਿੰਨ ਸੁੱਟਿਆ। ਉਹ ਨਾ ਕੁਝ ਜੈਦੀਪ ਨੂੰ ਕਹਿ ਸਕਦੀ ਸੀ ਤੇ ਨਾ ਹੀ ਜੱਜ ਨੂੰ। ਉਹ ਇਸ ਘਟਨਾ ਦੀ ਚੀਸ ਅੰਦਰੋ-ਅੰਦਰੀ ਪੀ ਗਈ ਸੀ।

ਹੌਲੀ-ਹੌਲੀ ਬੀਤੇ ਦੇ ਜ਼ਖ਼ਮਾਂ ਨੂੰ ਅੰਗੂਰ ਆ ਰਿਹਾ ਸੀ। ਇਕ ਰਾਤ ਧੀਰਜ ਦੇ ਲਾਗੇ ਸੁੱਤਾ ਜੈਦੀਪ ਉੱਠ ਪਿਆ ਤੇ ਜੱਜ ਦੇ ਕਮਰੇ ਵਿਚ ਜਾ ਵੜਿਆ। ਉਥੇ ਜੱਜ ਤੇ ਉਸਦੀ ਪਤਨੀ ਘੂਕ ਸੁੱਤੇ ਪਏ ਸਨ। ਉਸਨੇ ਜੱਜ ਨੂੰ ਸੁੱਤੇ ਨੂੰ ਗਲੋਂ ਫੜ ਲਿਆ ਤੇ ਉਸ ਵਕਤ ਹੀ ਛੱਡਿਆ ਜਦੋਂ ਉਸ ਵਿਚ ਸਾਹ ਸਤ ਨਾ ਰਿਹਾ। ਲਾਗੇ ਸੁੱਤੀ ਨੂੰਹ ਨੇ ਛੁਡਾਉਣ ਦੀ ਬਥੇਰੀ ਕੋਸ਼ਿਸ ਕੀਤੀ ਪਰ ਜੈਦੀਪ ਵਿਚ ਉਸ ਵਕਤ ਪਤਾ ਨਹੀਂ ਕਿਥੋਂ ਏਨਾ ਜ਼ੋਰ ਆ ਗਿਆ ਸੀ ਕਿ ਉਸਨੇ ਉਸਨੂੰ ਜਿੰਦਹੀਣ ਕਰਕੇ ਹੀ ਸਾਹ ਲਿਆ। ਦੂਜੇ ਕਮਰੇ ਵਿਚੋਂ ਚੀਕ ਸੁਣ

ਕੇ ਧੀਰਜ ਵੀ ਭੱਜ ਆਈ ਪਰ ਆਉਣ ਤੋਂ ਪਹਿਲਾਂ ਦੁਰਘਟਨਾ ਵਾਪਰ ਚੁੱਕੀ ਸੀ। ਜੱਜ ਨੂੰ ਮਰਿਆ ਵੇਖ ਕੇ ਉਸਦੀ ਘਰਵਾਲੀ ਰਸੋਈ ਵਿਚ ਗਈ ਤੇ ਲੂਣ-ਘੋਟਣਾ ਲਿਆ ਕੇ ਜੈਦੀਪ ਦੇ ਕਮਰੇ ਵਿਚ ਜਾ ਵੜੀ। ਜੈਦੀਪ ਮੰਜੇ 'ਤੇ ਬੈਠਾ ਮੁਸਕਰਾ ਰਿਹਾ ਸੀ। ਨੂੰਹ ਨੂੰ ਵੇਖ ਕੇ ਉਸ ਭੱਜਣ ਦੀ ਕੋਸ਼ਿਸ਼ ਕੀਤੀ ਪਰ ਜੱਜ ਦੀ ਘਰਵਾਲੀ ਸੱਤੀ ਨੇ ਉਸਦੇ ਸਿਰ ਵਿਚ ਘੋਟਣੇ ਮਾਰ-ਮਾਰ ਕੇ ਉਸਨੂੰ ਢੇਰੀ ਕਰ ਦਿੱਤਾ। ਦੂਜੇ ਕਮਰੇ ਵਿਚੋਂ ਲਾਸ਼ ਨੂੰ ਛੱਡ ਕੇ ਧੀਰਜ ਵੀ ਭੱਜੀ ਆਪਣੇ ਕਮਰੇ ਵਿਚ ਆਈ। ਦੂਜੀ ਦੁਰਘਟਨਾ ਵਾਪਰ ਚੁੱਕੀ ਸੀ। ਨੂੰਹ ਤੇ ਸੱਸ ਆਪੋ-ਆਪਣੇ ਬੰਦਿਆਂ ਦੀਆਂ ਲਾਸ਼ਾਂ ਸਾਹਮਣੇ ਬੈਠ ਕੇ ਕੀਰਨੇ ਪਾ ਰਹੀਆਂ ਸਨ। ਉਨ੍ਹਾਂ ਦਾ ਇਹ ਸਾਰਾ ਚੀਕ-ਚਿਹਾੜਾ ਸੁਣ ਕੇ ਗੁਆਂਢੀਆਂ ਨੇ ਆ ਕੇ ਹੀ ਚੁੱਪ ਕਰਾਇਆ ਤੇ ਹੌਲੀ-ਹੌਲੀ ਉਨ੍ਹਾਂ ਨੂੰ ਇਸ ਅਣਹੋਣੀ ਦੇ ਵਾਪਰਨ ਬਾਰੇ ਜਾਣਕਾਰੀ ਮਿਲੀ।

ਅਗਲੇ ਦਿਨ ਪਿੰਡ ਵਾਲਿਆਂ ਹੀ ਪਿਉ-ਪੁੱਤਰ ਦਾ ਸਸਕਾਰ ਕੀਤਾ। ਧੀਰੋ ਤੇ ਸੱਤੀ ਰੋ-ਰੋ ਕੇ ਸ਼ਾਂਤ ਹੋ ਗਈਆਂ ਸਨ। ਉਨ੍ਹਾਂ ਵਿਚ ਕੋਈ ਸਤਿਆ ਬਾਕੀ ਨਹੀਂ ਸੀ ਰਹੀ। ਧੀਰੋ ਤਾਂ ਸੋਚ ਰਹੀ ਸੀ ਕਿ ਜੈਦੀਪ ਦੇ ਨਾਲ ਹੀ ਦਮ ਤਿਆਗ ਦਿੱਤੇ ਜਾਣ। ਉਹ ਪਿਉ-ਪੁੱਤਰਾਂ ਦੇ ਜਾਣ ਬਾਅਦ ਜੀਊਣਾ ਹਰਾਮ ਸਮਝਦੀ ਸੀ। ਜਦੋਂ ਅੰਗ ਸਾਕ ਦੋਹਾਂ ਦਾ ਸਸਕਾਰ ਕਰਕੇ ਵਾਪਸ ਮੁੜੇ ਤਾਂ ਧੀਰਜ ਪਿਛਲੇ ਅੰਦਰ ਮਰੀ ਪਈ ਸੀ। ਉਸਨੇ ਕੀੜੇਮਾਰ ਦਵਾਈ ਖਾ ਕੇ ਆਪਣੀ ਜੀਵਨ ਲੀਲਾ ਖ਼ਤਮ ਕਰ ਲਈ ਸੀ। ਨੂੰਹ ਦੂਜੇ ਅੰਦਰ ਗੁੰਮ-ਸੁੰਮ ਪਈ ਸੀ। ਉਸਨੂੰ ਆਪਣੇ ਆਪ ਦੀ ਕੋਈ ਸੁੱਧ-ਬੁੱਧ ਨਹੀਂ ਸੀ। ਦੂਜੇ ਪਾਸੇ ਅੰਗ-ਸਾਕ ਧੀਰੋ ਦਾ ਵੀ ਦਾਹ ਸਸਕਾਰ ਕਰਨ ਲਈ ਤਿਆਰੀਆਂ ਕਰ ਰਹੇ ਸਨ। 'ਐ ਮੁਹੱਬਤ ਤੇਰੇ ਅੰਜਾਮ ਪੇ ਰੋਨਾ ਆਇਆ'। ਧੀਰੋ ਦੇ ਸੀਨੇ ਦੀ ਲੰਕਾ ਉੱਜੜ ਚੁੱਕੀ ਸੀ।

ਮਿਤਰੋ ਭੈਣ ਜੀ

ਉਸਦਾ ਪੂਰਾ ਨਾਮ ਗੁਰਮਿਤਰ ਕੌਰ ਸੀ ਪਰ ਘਰ ਵਿਚ ਉਸਨੂੰ ਮਿਤਰੋ ਹੀ ਕਹਿੰਦੇ ਸਨ। ਉਸਦਾ ਸੁਭਾਅ ਬੜਾ ਨਿੱਘਾ ਸੀ। ਉਹ ਜਿਸ ਕਿਸੇ ਨੂੰ ਵੀ ਮਿਲਦੀ ਬਸ ਆਪਣੀ ਹੀ ਬਣਾ ਲੈਂਦੀ ਸੀ। ਇਸ ਲਈ ਲੋਕਾਂ ਨੇ ਵੀ ਉਸਨੂੰ ਮਿਤਰੋ ਕਹਿ ਕੇ ਨਿਵਾਜਿਆ। ਉਹ ਇੰਜ ਬੋਲਦੀ ਸੀ ਜਿਵੇਂ ਲਾਡ ਲਡਾ ਰਹੀ ਹੋਵੇ। ਉਹ ਆਹਿਸਤਾ-ਆਹਿਸਤਾ ਬੋਲਦੀ ਤੇ ਨਾਲੋ-ਨਾਲ ਆਪਣੇ ਬੋਲਾਂ ਵਿਚ ਮਿਸ਼ਰੀ ਘੋਲਦੀ ਜਾਂਦੀ ਸੀ। ਕਈ ਵਾਰ ਸੁਣਨ ਵਾਲੇ ਨੂੰ ਪ੍ਰਤੀਤ ਹੁੰਦਾ ਜਿਵੇਂ ਉਹ ਕੋਈ ਖੁੱਲ੍ਹੀ ਕਵਿਤਾ ਬੋਲ ਰਹੀ ਹੋਵੇ। ਉਸਦਾ ਅੰਦਾਜ਼ੇ-ਬਿਆਨ ਬੜਾ ਨਵਾਂ ਤੇ ਨਵੇਕਲਾ ਸੀ।

ਉਹ ਜਦੋਂ ਖ਼ਾਲਸਾ ਕਾਲਜ ਪੜ੍ਹਦੀ ਸੀ ਤਾਂ ਉਹ ਵਿਦਿਆਰਥੀ ਸਭਾ ਵਿਚ ਸ਼ਾਮਲ ਹੋ ਗਈ। ਉਸਨੇ ਰੂਸ ਤੇ ਚੀਨ ਬਾਰੇ ਬੜਾ ਕੁਝ ਪੜ੍ਹਿਆ ਸੀ ਇਸੇ ਲਈ ਉਹ ਸਭਾ ਦੀਆਂ ਮੀਟਿੰਗਾਂ ਵਿਚ ਲੰਮੇ-ਚੌੜੇ ਭਾਸ਼ਨ ਦਿੰਦੀ ਤੇ ਸਰੋਤਿਆਂ ਨੂੰ ਆਪਣੇ ਗਿਆਨ ਅਤੇ ਵਕਤਾਪਣ ਨਾਲ ਡਾਹਢਾ ਪ੍ਰਭਾਵਤ ਕਰਦੀ। ਉਸਦੀ ਭਾਸ਼ਣ ਸ਼ੈਲੀ ਵੀ ਆਪਣੀ ਹੀ ਸੀ। ਉਸਨੂੰ ਪੰਜਾਬੀ ਤੇ ਉਰਦੂ ਦੇ ਕਈ ਸ਼ੇਅਰ ਜ਼ਬਾਨੀ ਯਾਦ ਸਨ, ਜਿਨ੍ਹਾਂ ਦੇ ਸਹਾਰੇ ਉਹ ਆਪਣੇ ਭਾਸ਼ਣ ਵਿਸ਼ੇ ਨੂੰ ਹੋਰ ਪ੍ਰਭਾਵਸ਼ਾਲੀ ਬਣਾ ਲੈਂਦੀ ਸੀ। ਉਸਦੇ ਸ਼ਬਦਾਂ ਵਿਚ ਜਾਦੂ ਸੀ, ਜਿਸ ਕਰਕੇ ਕਾਲਜ ਦੀਆਂ ਬਹੁਤ ਸਾਰੀਆਂ ਕੁੜੀਆਂ ਤੇ ਮੁੰਡੇ ਇਸ ਵਿਦਿਆਰਥੀ ਜਥੇਬੰਦੀ ਦੇ ਮੈਂਬਰ ਬਣ ਗਏ। ਜਦੋਂ ਅਗਲੇ ਸਾਲ ਸਾਲਾਨਾ ਚੋਣ ਹੋਈ ਤਾਂ ਉਹ ਜਥੇਬੰਦੀ ਦੇ ਇਸਤਰੀ ਵਿੰਗ ਦੀ ਪ੍ਰਧਾਨ ਬਣ ਗਈ ਜਿਸ ਕਰਕੇ ਗੁਰਮਿਤਰ ਨੂੰ ਸਾਰੇ ਕਾਲਜ ਦੇ ਵਿਦਿਆਰਥੀ ਜਾਨਣ ਲੱਗ ਪਏ ਸਨ।

ਉਹ ਪੜ੍ਹਾਈ ਵਿਚ ਵੀ ਪਿੱਛੇ ਨਹੀਂ ਸੀ। ਉਹ ਭਾਵੇਂ ਜਥੇਬੰਦੀ ਲਈ ਬਾਕੀ ਕਾਲਜਾਂ ਵਿਚ ਆਪਣੇ ਸਹਿਯੋਗੀਆਂ ਨਾਲ ਜਾਂਦੀ ਆਉਂਦੀ ਸੀ ਪਰ ਫਿਰ ਵੀ ਪੜ੍ਹਾਈ ਲਈ ਰਾਤ ਜਾਗ ਕੇ ਸਮਾਂ ਕੱਢ ਹੀ ਲੈਂਦੀ ਸੀ। ਬੀ.ਏ. ਪਾਸ ਕਰਨ ਉਪਰੰਤ ਉਸਨੇ ਲਗਦੇ ਹੱਥ ਬੀ.ਐੱਡ ਕਰ ਲਈ ਸੀ। ਉਸਨੂੰ ਚੋਣ ਕਮੇਟੀ ਵਾਲੇ ਪਹਿਲਾਂ ਹੀ ਭਲੀਭਾਂਤ ਜਾਣਦੇ ਸਨ ਇਸ ਲਈ ਉਹ ਸਰਾਕਰੀ ਅਧਿਆਪਕਾ ਚੁਣੀ ਗਈ ਤੇ ਲਾਗਲੇ ਪਿੰਡ ਅਕਾਲਗੜ੍ਹ ਵਿਚ ਜਾ ਲੱਗੀ। ਨੌਕਰੀ ਕਰਨ ਵੇਲੇ ਉਸਨੇ ਵਿਦਿਆਰਥੀ ਜਥੇਬੰਦੀ ਛੱਡ ਕੇ ਅਧਿਆਪਕ ਜਥੇਬੰਦੀ ਵਿਚ ਸ਼ਾਮਲ ਹੋ ਗਈ। ਉਸਨੇ ਸਾਰੇ ਜ਼ਿਲ੍ਹੇ ਦਾ ਆਪਣੇ ਸਹਿਯੋਗੀ ਮੈਂਬਰ ਨਾਲ ਦੌਰਾ ਕਰਕੇ ਆਪਣੀ

ਮੈਂਬਰਸ਼ਿਪ ਵਧਾਈ ਤੇ ਚੰਦਾ ਇਕੱਤਰ ਕੀਤਾ ਤੇ ਆਪਣਾ ਨਾਤਾ ਸੂਬਾਈ ਜਥੇਬੰਦੀ ਨਾਲ ਜੋੜ ਲਿਆ। ਉਹ ਬਾਹਰ ਅੰਦਰ ਅਸਾਨੀ ਨਾਲ ਆ ਜਾ ਸਕਦੀ ਸੀ ਕਿਉਂਕਿ ਉਸਦਾ ਪਿਤਾ ਕਾਮਰੇਡ ਕੇਵਲ ਸਿੰਘ ਕਮਿਊਨਿਸਟ ਪਾਰਟੀ ਦਾ ਸਰਗਰਮ ਮੈਂਬਰ ਸੀ। ਜਦੋਂ ਸੂਬਾ ਪੱਧਰ ਦੀਆਂ ਇਕੱਤਰਤਾਵਾਂ ਹੁੰਦੀਆਂ ਤਾਂ ਉਹ ਦੋ-ਦੋ, ਚਾਰ-ਚਾਰ ਦਿਨ ਘਰੋਂ ਬਾਹਰ ਰਹਿੰਦੀ। ਉਹ ਆਪਣੀ ਕਾਬਲੀਅਤ ਨਾਲ ਹੀ ਸੂਬਾਈ ਮਹਿਲਾ ਵਿੰਗ ਦੀ ਮੀਤ ਪ੍ਰਧਾਨ ਬਣ ਗਈ ਸੀ। ਜਦੋਂ ਕੋਈ ਜਥੇਬੰਦੀ ਦੀ ਮੀਟਿੰਗ ਹੁੰਦੀ ਤਾਂ ਸਟੇਜ ਸਕੱਤਰ ਗੁਰਮਿਤਰ ਕੌਰ ਦਾ ਉਦਘਾਟਨੀ ਭਾਸ਼ਣ ਰੱਖਦਾ ਸੀ।

ਇਸ ਕਾਲ ਵਿਚ ਉਹਨੂੰ ਕਈ ਵਾਰ ਭੁੱਲ ਹੀ ਜਾਂਦਾ ਕਿ ਉਹ ਇਕ ਲੜਕੀ ਹੈ ਤੇ ਕੰਵਾਰੀ ਹੈ। ਜਦੋਂ ਸਾਥੀ ਅਧਿਆਪਕ ਉਸਨੂੰ ਮਿਤਰ ਭੈਣ ਜੀ ਕਹਿ ਕੇ ਬੁਲਾਉਂਦੇ ਤਾਂ ਉਹ ਮਰਦ ਮੈਂਬਰਾਂ ਨੂੰ ਵੀ ਕਈ ਵਾਰ ਗਲੇ ਲੱਗ ਕੇ ਮਿਲਦੀ। ਹੱਥ ਤਾਂ ਉਹ ਸੁੱਟਦੀ ਹੀ ਸੀ। ਉਸ ਦੀਆਂ ਇਨ੍ਹਾਂ ਦੋਹਾਂ ਅਦਾਵਾਂ ਨੇ ਜਥੇਬੰਦੀ ਨੂੰ ਸਰਗਰਮ ਕਰ ਰੱਖਿਆ ਸੀ। ਕਈ ਉਹਦੇ ਦਰਸ਼ਨ ਕਰਨ ਲਈ ਹੀ ਮੀਟਿੰਗ ਵਿਚ ਆ ਜਾਂਦੇ। ਉਨ੍ਹੀਂ ਦਿਨੀਂ ਹੀ ਅਧਿਆਪਕਾਂ ਨੇ ਆਪਣੀਆਂ ਕੁਝ ਆਰਥਕ ਮੰਗਾਂ ਨੂੰ ਮੁੱਖ ਰੱਖ ਕੇ ਸੂਬਾ ਪੱਧਰ ਤੇ ਹੜਤਾਲ ਕਰ ਦਿੱਤੀ। ਹਰ ਰੋਜ਼ ਅਧਿਆਪਕ ਜ਼ਿਲ੍ਹਾ ਕਚਹਿਰੀਆਂ ਵਿਚ ਡੀ.ਸੀ. ਦਫ਼ਤਰ ਮੂਹਰੇ ਰੋਸ ਮੁਜ਼ਾਹਰਾ ਕਰਦੇ ਅਤੇ ਸ਼ਹਿਰ ਦੇ ਮੁੱਖ ਬਾਜ਼ਾਰਾਂ ਵਿਚ ਘੁੰਮ ਕੇ ਨਾਅਰੇਬਾਜ਼ੀ ਕਰਦੇ ਅਤੇ ਭਰਵੇਂ ਜਲੂਸ ਕੱਢਦੇ ਸਨ। ਇਨ੍ਹਾਂ ਮੌਕਿਆਂ ਤੇ ਮਿਤਰੋ ਬੜੇ ਭੜਕਾਊ ਭਾਸ਼ਣ ਦਿੰਦੀ ਤੇ ਆਖਦੀ ਕਿ ਉਹ ਮੰਗਾਂ ਪੂਰੀਆਂ ਹੋਣ ਤੋਂ ਬਾਅਦ ਹੀ ਹੜਤਾਲ ਵਾਪਸ ਲੈਣਗੇ ਭਾਵੇਂ ਸਰਕਾਰ ਜਿੰਨੀਆਂ ਮਰਜ਼ੀ ਸਖ਼ਤੀਆਂ ਕਰੇ।

ਭਾਵੇਂ ਸਾਰੇ ਅਧਿਆਪਕ ਤੇ ਨੇਤਾ ਥੋਕ ਛੁੱਟੀ 'ਤੇ ਸਨ ਪਰ ਸਰਕਾਰ ਨੇ ਹੜਤਾਲ ਨੂੰ ਫੇਲ੍ਹ ਕਰਨ ਲਈ ਮੁੱਖ-ਮੁੱਖ ਨੇਤਾਵਾਂ ਦੀ ਛੁੱਟੀ ਮੰਜ਼ੂਰ ਨਾ ਕੀਤੀ ਤੇ ਉਨ੍ਹਾਂ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ। ਇਸ ਫ਼ੈਸਲੇ ਨਾਲ ਜਥੇਬੰਦੀ ਹੋਰ ਭੜਕ ਪਈ। ਮੁਅੱਤਲ ਨੇਤਾਵਾਂ ਨੇ ਹੀ ਆਪੋ-ਆਪਣੇ ਜ਼ਿਲ੍ਹਿਆਂ ਵਿਚ ਭੁੱਖ ਹੜਤਾਲ ਦਾ ਐਲਾਨ ਕਰ ਦਿੱਤਾ। ਹੜਤਾਲ ਹੋਰ ਤੇਜ਼ ਹੋ ਗਈ। ਸਰਕਾਰ ਖ਼ਿਲਾਫ਼ ਖਾੜਕੂ ਮੁਜ਼ਾਹਰੇ ਹੋਣ ਲੱਗੇ। ਅਧਿਆਪਕਾਂ ਦੇ ਪੱਖ ਵਿਚ ਵਿਦਿਆਰਥੀ ਜਥੇਬੰਦੀਆਂ ਨੇ ਵੀ ਅਧਿਆਪਕਾਂ ਦੀਆਂ ਮੰਗਾਂ ਦੀ ਪ੍ਰੋੜਤਾ ਕੀਤੀ ਤੇ ਨਾ ਮੰਨੇ ਜਾਣ ਦੀ ਸੂਰਤ ਵਿਚ, ਹੜਤਾਲ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ। ਭੁੱਖ ਹੜਤਾਲ ਅੱਜ ਸਤਵੇਂ ਦਿਨ ਪੁੱਜ ਗਈ ਤੇ ਕਈ ਹੜਤਾਲੀਆਂ ਦੀ ਸਿਹਤ ਤੇਜ਼ੀ ਨਾਲ ਖ਼ਰਾਬ ਹੋ ਰਹੀ ਸੀ। ਕਈ ਜ਼ਿਲ੍ਹਿਆਂ ਵਿਚ ਸਰਕਾਰ ਨੇ ਭੁੱਖ ਹੜਤਾਲੀਆਂ ਨੂੰ ਜਬਰਦਸਤੀ ਚੁੱਕ ਕੇ ਗ੍ਰਿਫ਼ਤਾਰ ਕਰ ਲਿਆ ਸੀ। ਇਕ ਜਗ੍ਹਾ ਇਸ ਸਿਲਸਿਲੇ ਵਿਚ ਪੁਲਿਸ ਨੇ ਹੜਤਾਲੀਆਂ ਦਵਾਲੇ ਭੀੜ ਨੂੰ ਖਿੰਡਾਉਣ ਲਈ ਲਾਠੀਚਾਰਜ ਕੀਤਾ ਤਾਂ ਇਕ ਅਧਿਆਪਕ ਦੇ ਸਿਰ 'ਤੇ ਸੱਟ ਲੱਗਣ ਕਾਰਨ ਉਸਦੀ ਹਸਪਤਾਲ ਜਾ ਕੇ ਮੌਤ ਹੋ ਗਈ। ਇਸਦੇ ਪ੍ਰਤੀਕਰਮ ਵਿਚ ਮੁਜ਼ਾਹਰੇ ਹਿੰਸਕ ਹੋ ਗਏ। ਹੜਤਾਲੀਆਂ ਨੇ ਜ਼ਿਲ੍ਹਾ ਦਫ਼ਤਰਾਂ ਨੂੰ ਘੇਰਾ ਪਾ ਲਿਆ

ਤੇ ਕਿਸੇ ਕਿਸਮ ਦਾ ਸਰਕਾਰੀ ਕੰਮ-ਕਾਜ ਬੰਦ ਕਰ ਦਿੱਤਾ।

ਅਖ਼ੀਰ ਵਿਦਿਆਰਥੀਆਂ ਨੇ ਜਥੇਬੰਦੀ ਨਾਲ ਅਹਿਮ ਮੀਟਿੰਗ ਕੀਤੀ ਤੇ ਉਨ੍ਹਾਂ ਦੀਆਂ ਤਕਰੀਬਨ ਸਾਰੀਆਂ ਮੰਗਾਂ ਮੰਨਣ ਦਾ ਐਲਾਨ ਕੀਤਾ ਗਿਆ। ਗੁਰਮਿਤਰ ਨੂੰ ਡੀ.ਸੀ. ਸਾਹਿਬ ਨੇ ਸੰਤਰੇ ਦੇ ਰਸ ਦਾ ਗਿਲਾਸ ਪਿਲਾ ਕੇ ਉਸਦਾ ਵਰਤ ਤੋੜਿਆ। ਉਹ ਬਹੁਤ ਕਮਜ਼ੋਰ ਹੋ ਗਈ ਸੀ ਪਰ ਉਸਦੇ ਹੌਂਸਲੇ ਬੁਲੰਦ ਸਨ। ਸਰਕਾਰ ਨੇ ਸਾਰੇ ਮੁਅੱਤਲ ਕਰਮਚਾਰੀਆਂ ਨੂੰ ਮੁੜ ਬਹਾਲ ਕੀਤਾ। ਮਿੱਤਰੋ ਨੇ ਆਪਣੇ ਸਾਥੀ ਅਧਿਆਪਕਾਂ ਨੂੰ ਹੁਣ ਵਾਧੂ ਸਮਾਂ ਲਾ ਕੇ ਪੜ੍ਹਾਈ ਕਰਾਉਣ ਦਾ ਮਸ਼ਵਰਾ ਦਿੱਤਾ ਤਾਂ ਕਿ ਵਿਦਿਆਰਥੀ ਕਿਸੇ ਤਰ੍ਹਾਂ ਵੀ ਪੜ੍ਹਾਈ ਵਿਚ ਪਿੱਛੇ ਨਾ ਰਹਿ ਜਾਣ। ਉਹ ਆਪ ਵੀ ਸਕੂਲ ਜਾ ਕੇ ਬੜੀ ਗੰਭੀਰਤਾ ਤੇ ਸ਼ਰਧਾ ਨਾਲ ਵਿਦਿਆਰਥੀਆਂ ਨੂੰ ਪੜ੍ਹਾਉਣ ਲੱਗੀ। ਇਸ ਸਫ਼ਲਤਾ ਅਤੇ ਪ੍ਰਾਪਤੀ ਕਾਰਨ ਮਿੱਤਰੋ ਨੂੰ ਸਾਥੀ ਅਧਿਆਪਕਾਂ ਅਤੇ ਹੋਰ ਮੁਲਾਜ਼ਮ ਨੇਤਾਵਾਂ ਦੇ ਫ਼ੋਨ ਤੇ ਪੱਤਰ ਆ ਰਹੇ ਸਨ। ਸਾਰੇ ਜ਼ਿਲ੍ਹੇ ਵਿਚ ਮਿਤਰੋ ਨੂੰ ਅਧਿਆਪਕ ਤੇ ਵਿਦਿਆਰਥੀ ਜਾਨਣ ਲੱਗ ਪਏ ਸਨ।

ਗੁਰਮਿਤਰ ਨੂੰ ਇਸੇ ਸਾਲ ਉਸਦੇ ਮਾਪਿਆਂ ਨੇ ਉਹਦੀ ਮਰਜ਼ੀ ਨਾਲ ਇਕ ਹੋਣਹਾਰ ਲੜਕੇ ਨਾਲ, ਜੋ ਕਿ ਨਗਰ ਨਿਗਮ ਵਿਚ ਬਿਲਡਿੰਗ ਇੰਸਪੈਕਟਰ ਲੱਗਾ ਹੋਇਆ ਸੀ, ਵਿਆਹ ਦਿੱਤਾ। ਉਹ ਹੁਣ ਸ਼ਹਿਰ ਰਹਿਣ ਲੱਗ ਪਈ। ਉਸਦੇ ਘਰ ਹੇਠ ਉਪਰ ਦੋ ਬੇਟੀਆਂ ਡੇਢ ਸਾਲ ਦੀ ਵਿੱਥ ਬਾਅਦ ਹੋਈਆਂ। ਉਨ੍ਹਾਂ ਲੜਕੇ ਦੀ ਬਿਨਾਂ ਉਡੀਕ ਕੀਤਿਆਂ, ਅਪਰੇਸ਼ਨ ਕਰਵਾ ਲਿਆ ਤੇ ਪਰਿਵਾਰ ਨਿਯੋਜਨ ਹੋ ਗਿਆ। ਉਹ ਧੀਆਂ ਨੂੰ ਹੀ ਪੁੱਤਰ ਸਮਝਦੀ ਸੀ। ਉਸਨੇ ਬਾਕੀ ਸਾਰੇ ਕੰਮ ਛੱਡ ਕੇ ਆਪਣੇ ਬੱਚਿਆਂ ਨੂੰ ਸੇਕਰਡ ਹਾਰਟ ਸਕੂਲ ਵਿਚ ਪੜ੍ਹਾਇਆ। ਲੜਕੀਆਂ ਪੜ੍ਹਾਈ ਵਿਚ ਤੇਜ ਸਨ ਅਤੇ ਮਿਤਰੋ ਵੀ ਘਰ ਵਿਚ ਉਨ੍ਹਾਂ ਨੂੰ ਪੜ੍ਹਾਉਣ ਲੱਗੀ।

ਉਸਦਾ ਘਰਵਾਲਾ ਸਿਕੰਦਰ ਸਿੰਘ ਬੜਾ ਚੁਸਤ ਚਲਾਕ ਤੇ ਜ਼ਮਾਨੇ ਸਾਜ਼ ਸੀ। ਤਨਖਾਹ ਦੇ ਨਾਲ-ਨਾਲ ਉੱਤੋਂ ਦੀ ਆਮਦਨੀ ਨਾਲ ਉਹ ਤਜੋਰੀਆਂ ਭਰ ਰਿਹਾ ਸੀ। ਉਹ ਹਰ ਰੋਜ਼ ਰਾਤ ਨੂੰ ਲੇਟ ਦਾਰੂ ਨਾਲ ਧੁੱਤ ਹੋ ਕੇ ਘਰ ਪਰਤਦਾ। ਮਿਤਰੋ ਭਾਵੇਂ ਹਰ ਰੋਜ਼ ਜਲਦੀ ਆਉਣ ਲਈ ਆਖਦੀ ਪਰ ਫਿਰ ਵੀ ਉਸਨੇ ਆਪਣੀ ਰੁਟੀਨ ਨਾ ਤੋੜੀ। ਕਈ ਵਰ੍ਹੇ ਇਹ ਸਿਲਸਿਲਾ ਨਿਰੰਤਰ ਚਲਦਾ ਰਿਹਾ। ਮਿਤਰੋ ਦਾ ਘਰ ਘੁੱਗ ਵੱਸ ਰਿਹਾ ਸੀ ਤੇ ਸ਼ਹਿਰ ਵਿਚ ਉਸਨੂੰ ਬੜੀ ਇੱਜ਼ਤ ਨਾਲ ਵੇਖਿਆ ਜਾਂਦਾ ਸੀ। ਇਕ ਰਾਤ ਰੋਜ਼ ਵਾਂਗ ਸਿਕੰਦਰ ਪਾਰਟੀ ਤੋਂ ਵਾਪਸ ਘਰ ਪਰਤ ਰਿਹਾ ਸੀ। ਉਸਦਾ ਸਕੂਟਰ ਇਕ ਤੇਜ਼ ਆ ਰਹੇ ਟਰੱਕ ਨਾਲ ਜਾ ਵੱਜਾ। ਟਰੱਕ ਵਾਲਾ ਉਸਦਾ ਸਿਰ ਫੇਹ ਕੇ ਚਲਦਾ ਬਣਿਆ। ਸਿਕੰਦਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮਿਤਰੋ ਦੀ ਦੁਨੀਆ ਵੀਰਾਨ ਹੋ ਗਈ। ਹਾਲੇ ਉਸਦੇ ਬੇਟੀਆਂ ਨੌਵੀਂ-ਦਸਵੀਂ ਵਿਚ ਹੀ ਪੜ੍ਹਦੀਆਂ ਸਨ। ਪਹਿਲਾਂ ਉਸਦੇ ਘਰ ਅਧਿਆਪਕ ਲੀਡਰਾਂ ਤੇ ਅਫ਼ਸਰਾਂ ਦਾ ਤਾਂਤਾ ਲੱਗਾ ਰਹਿੰਦਾ ਸੀ ਪਰ ਹੁਣ ਉਸ ਨਾਲ ਅਫ਼ਸੋਸ ਕਰਨ ਵਾਲੇ ਆਉਂਦੇ ਜਾਂਦੇ ਸਨ। ਮਿਤਰੋ ਸਾਰਾ ਦਿਨ ਉਨ੍ਹਾਂ ਨਾਲ ਰੁੱਝੀ ਰਹਿੰਦੀ। ਉਸਦੇ ਪੁਰਾਣੇ ਸਾਥੀ ਤੇ ਉਸਦੇ ਪਤੀ ਦੇ

ਯਾਰ ਦੋਸਤ ਜੋ ਪਹਿਲਾਂ ਆਮ ਉਸਦੇ ਘਰ ਵੜੇ ਰਹਿੰਦੇ ਸਨ, ਉਸਨੂੰ ਹੌਸਲਾ ਰੱਖਣ ਅਤੇ ਆਪਣੀਆਂ ਬੇਟੀਆਂ ਦੀ ਖ਼ਾਤਰ ਜ਼ਿੰਦਾਦਿਲੀ ਨਾਲ ਜੀਣ ਦੀ ਪ੍ਰੇਰਨਾ ਦੇਂਦੇ ਸਨ ਪਰ ਦੁੱਖ ਜਿਸ ਨੂੰ ਹੁੰਦਾ ਹੈ ਉਹ ਜਾਣਦਾ ਹੈ ਕਿ ਉਸਦਾ ਦੁੱਖ ਕਿੰਨਾ ਕੁ ਡੂੰਘਾ ਸੀ। ਉਸਨੇ ਲੰਮੀ ਛੁੱਟੀ ਲੈ ਰੱਖੀ ਸੀ। ਉਹ ਬੜਾ ਜੇਰਾ ਕਰਦੀ ਪਰ ਉਸਦੀ ਹਿੰਮਤ ਕੰਮ ਨਹੀਂ ਸੀ ਕਰ ਰਹੀ। ਉਹ ਸਿਰ ਸੁੱਟ ਕੇ ਰੋਂਦੀ ਰਹਿੰਦੀ। ਭਾਵੇਂ ਭੈਣ ਭਰਾ ਤੇ ਰਿਸ਼ਤੇਦਾਰ ਬੜੇ ਦਿਲਾਸੇ ਦੇਂਦੇ ਪਰ ਉਹ ਗੁੱਛੀ ਮਾਰ ਕੇ ਬੈਠੀ ਰਹਿੰਦੀ।

ਮਰਿਆਂ ਨਾਲ ਮਰਿਆ ਤਾਂ ਨਹੀਂ ਜਾਂਦਾ। ਆਪਣੀਆਂ ਜ਼ਿੰਮੇਵਾਰੀਆਂ ਤੋਂ ਖਹਿੜਾ ਛੁਡਾਇਆ ਨਹੀਂ ਜਾ ਸਕਦਾ। ਮਿਤਰੋ ਦਾ ਅੰਤਹਕਰਨ ਕੰਮ ਕੀਤਾ ਤੇ ਇਕ ਦਿਨ ਹੰਭਲਾ ਮਾਰ ਕੇ ਉਹ ਉੱਠ ਪਈ। ਉਸਨੇ ਆਪਣੀ ਨੌਕਰੀ ਤੇ ਜਾਣਾ ਸ਼ੁਰੂ ਕਰ ਦਿੱਤਾ ਸੀ। ਵੈਸੇ ਤਾਂ ਸਿਕੰਦਰ ਦੀ ਮਾਇਆ ਨਾਲ ਘਰ ਭਰ ਗਿਆ ਸੀ ਪਰ ਫਿਰ ਵੀ ਉਚੇਰੀ ਪੜ੍ਹਾਈ ਲਿਖਾਈ ਲਈ ਪਾਈ-ਪਾਈ ਦੀ ਲੋੜ ਪੈਂਦੀ ਹੈ। ਉਸਨੇ ਲੜਕੀਆਂ ਨੂੰ ਖਾਲਸਾ ਕਾਲਜ ਦਾਖ਼ਲ ਕਰਵਾ ਦਿੱਤਾ। ਲੜਕੀਆਂ ਨੇ ਪੂਰੀ ਲਗਨ ਨਾਲ ਪੜ੍ਹਨਾ ਸ਼ੁਰੂ ਕੀਤਾ ਤੇ ਬੀ.ਐੱਸ.ਸੀ. ਕਰਕੇ ਹੀ ਹਟੀਆਂ। ਮਿਤਰੋ ਨੇ ਲਗਦੇ ਹੱਥ ਉਨ੍ਹਾਂ ਨੂੰ ਬੀ.ਐੱਡ ਕਰਵਾ ਦਿੱਤੀ। ਵੱਡੀ ਲੜਕੀ ਤਾਂ ਪਿਤਾ ਸਿਕੰਦਰ ਸਿੰਘ ਦੇ ਕੋਟੇ ਵਿਚੋਂ ਸਰਕਾਰੀ ਅਧਿਆਪਕ ਚੁਣੀ ਗਈ ਤੇ ਦੂਜੀ ਨੇ ਆਪਣੀ ਮੈਰਿਟ ਨਾਲ ਹੀ ਨੌਕਰੀ ਹਾਸਿਲ ਕਰ ਲਈ। ਲੜਕੀਆਂ ਦੇ ਦਾਦੇ ਨੇ ਵਿਚ ਪੈ ਕੇ ਦੋਨਾਂ ਲੜਕੀਆਂ ਨੂੰ ਬੇਗਾਨਾ ਧੰਨ ਸਮਝ ਕੇ ਜਲਦੀ ਵਿਆਹੁਣ ਦੀ ਕੋਸ਼ਿਸ਼ ਕੀਤੀ। ਦੂਜਾ ਮਿਤਰੋ ਵੀ ਚਾਹੁੰਦੀ ਸੀ ਕਿ ਪਿਤਾ ਦਾ ਸਾਇਆ ਨਾ ਹੋਣ ਕਰਕੇ ਉਹ ਜਲਦੀ ਆਪਣੇ-ਆਪਣੇ ਘਰ ਜਾ ਵੱਸਣ।

ਜਦੋਂ ਲੜਕੀਆਂ ਘਰ ਵਿਚ ਹੁੰਦੀਆਂ ਸਨ ਤਾਂ ਮਿਤਰੋ ਆਪਣੇ ਪੁਰਾਣੇ ਕਿਸੇ ਸੰਗੀ ਸਾਥੀ ਨਾਲ ਖੁੱਲ੍ਹ ਕੇ ਮਿਲਣ ਤੋਂ ਕਤਰਾਉਂਦੀ ਸੀ। ਇਸ ਲਈ ਉਸਨੇ ਕੁੜੀਆਂ ਨੂੰ ਵਿਆਹ ਕੇ ਸਿਰ ਉਪਰੋਂ ਭਾਰ ਲਾਹਿਆ ਤੇ ਸੁਖ ਦਾ ਸਾਹ ਲਿਆ। ਵਿਦਿਆਰਥੀ ਜੀਵਨ ਵੇਲੇ ਉਸਦੇ ਕਈ ਸਾਥੀ ਵਿਦਿਆਰਥੀਆਂ ਨਾਲ ਯਰਾਨੇ ਰਹੇ ਸਨ। ਉਸਨੂੰ ਆਪਣੀਆਂ ਖੁੱਲ੍ਹਾਂ ਦੀਆਂ ਸੀਮਾਵਾਂ ਦਾ ਉਸ ਵਕਤ ਹੀ ਗਿਆਨ ਸੀ। ਇਸ ਲਈ ਉਸਨੇ ਕਿਸੇ ਨੂੰ ਵੀ ਉਸ ਉਪਰ ਹਾਵੀ ਹੋ ਕੇ ਸਵਾਰ ਨਹੀਂ ਸੀ ਹੋਣ ਦਿੱਤਾ। ਉਹ ਸੋਚਦੀ ਸੀ ਕਿ ਕੁਦਰਤ ਨੇ ਉਸ ਨਾਲ ਬੇਇਨਸਾਫ਼ੀ ਕੀਤੀ ਹੈ। ਉਹ ਪਰੰਪਰਾਵਾਦੀ ਸਮਾਜਕ ਕੀਮਤਾਂ ਦੇ ਪ੍ਰਭਾਵ ਹੇਠ ਆਪਣੇ ਜੀਵਨ ਦੇ ਮੌਲਿਕ ਅਧਿਕਾਰ ਛੱਡਣਾ ਨਹੀਂ ਸੀ ਚਾਹੁੰਦੀ। ਉਸਨੇ ਆਪਣੇ ਪੁਰਾਣੇ ਗੂੜ੍ਹੇ ਮਿੱਤਰਾਂ ਨਾਲ ਭਾਵੇਂ ਉਨ੍ਹਾਂ ਵਿਚ ਬਹੁਤੇ ਵਿਆਹੇ ਹੀ ਸਨ, ਨਾਲ ਖੁੱਲ੍ਹ ਕੇ ਮਿਲਣਾ ਸ਼ੁਰੂ ਕਰ ਦਿੱਤਾ। ਉਹ ਆਪਣੇ ਸਮਾਜਕ ਤੇ ਪਰਿਵਾਰਕ ਫ਼ਰਜ਼ ਵੀ ਨਿਭਾਉਂਦੀ ਪਰ ਆਪਣੇ ਸ਼ਕਸੀ ਜੀਵਨ ਨੂੰ ਵੀ ਨਜ਼ਰ ਅੰਦਾਜ਼ ਨਹੀਂ ਸੀ ਕਰਦੀ।

ਉਸ ਉਪਰ ਹੁਸਨ ਦੁਬਾਰਾ ਆ ਗਿਆ ਸੀ। ਉਸ ਦੀਆਂ ਗੱਲ੍ਹਾਂ ਵਿਚ ਪਏ ਚਿੱਬ ਉਭਰ ਆਏ ਸਨ ਤੇ ਮੱਥੇ ਦੀਆਂ ਲਕੀਰਾਂ ਮੱਧਮ ਹੋ ਗਈਆਂ ਸਨ। ਉਸਦਾ ਰੰਗ-ਰੂਪ ਹਾਲੇ ਗਵਾਚਾ

ਨਹੀਂ ਸੀ। ਉਸਨੂੰ ਚਾਹੁਣ ਵਾਲੇ ਅਜੇ ਵੀ ਵੇਖ ਕੇ ਰਾਲਾਂ ਟਪਕਾਉਣ ਲੱਗ ਪਏ ਸਨ। ਬਹੁਤਿਆਂ ਨੂੰ ਤਾਂ ਮਿਤਰੋ ਆਪਣੀ ਮਨੋਹਰ ਮਿੱਠੀ ਬਾਣੀ ਨਾਲ ਹੀ ਨਿਹਾਲ ਕਰ ਦਿੰਦੀ ਸੀ। ਉਹ ਉਸਦੇ ਕਿਸੇ ਕੰਮ ਦੇ ਬਹਾਨੇ ਦਰਸ਼ਨ ਕਰਕੇ ਹੀ ਮੁਗਧ ਹੋ ਜਾਂਦੇ ਅਤੇ ਇਕ ਅਕਹਿ ਨਸ਼ੇ ਨਾਲ ਸਰਸ਼ਾਰ ਹੋ ਕੇ ਵਾਪਸ ਜਾਂਦੇ। ਦੋ ਕੁ ਅਫ਼ਸਰਾਂ ਨਾਲ ਉਸਦੇ ਗੂੜ੍ਹੇ ਸੰਬੰਧ ਸਨ। ਉਹ ਉਸਦੇ ਘਰ ਰਾਤ ਵੀ ਰਹਿ ਜਾਂਦੇ ਸਨ। ਇਸ ਮਾਹੌਲ ਵਿਚ ਮਿਤਰੋ ਨੂੰ ਭੁੱਲ ਹੀ ਗਿਆ ਕਿ ਉਸ ਨਾਲ ਕੋਈ ਹਾਦਸਾ ਵੀ ਹੋਇਆ ਸੀ। ਉਹ ਹੁਣ ਆਪਣੇ ਆਪ ਨੂੰ ਬੇਵਾ ਕਦਾਚਿਤ ਨਹੀਂ ਸੀ ਸਮਝਦੀ।

ਉਸਦੇ ਸੌਹਰਿਆਂ ਤੇ ਪੇਕਿਆਂ ਵੱਲੋਂ ਮਿਤਰੋ ਦੇ ਖੁੱਲ੍ਹੇ-ਖੁਲਾਸੇ ਸੁਭਾਅ ਅਤੇ ਵਿਹਾਰ ਦੀ ਚਰਚਾ ਹੋਣੇਂ ਲੱਗੀ। ਭਾਵੇਂ ਉਸਦੇ ਘਰ ਕਾਮਰੇਡਾਂ ਵਾਲਾ ਮਾਹੌਲ ਰਿਹਾ ਸੀ ਪਰ ਫਿਰ ਵੀ ਮਿਤਰੋ ਦੇ ਆਪਹੁਦਰੇਪਣ ਨਾਲ ਸਹਿਮਤ ਨਹੀਂ ਸੀ। ਇਸੇ ਤਰ੍ਹਾਂ ਸਿਕੰਦਰ ਦੇ ਭਰਾਵਾਂ ਭਰਜਾਈਆਂ ਨੇ ਮਿਤਰੋ ਦੀ ਰੱਜ ਕੇ ਮਿੱਟੀ ਪੁੱਟਣੀ ਸ਼ੁਰੂ ਕਰ ਦਿੱਤੀ। ਉਸਦਾ ਸੱਸ ਸੌਹਰਾ ਆਪਣੇ ਪੁੱਤਰ ਦੇ ਘਰ ਨੂੰ ਸੰਭਾਲਣ ਦੇ ਖ਼ਿਆਲ ਨਾਲ, ਮਿਤਰੋ ਕੋਲ ਆ ਕੇ ਹੀ ਰਹਿਣ ਲੱਗੇ। ਮਿਤਰੋ ਉਪਰ ਇਸ ਚਰਚਾ ਦਾ ਬੜਾ ਸਾਰਥਕ ਅਸਰ ਹੋਇਆ। ਉਸਨੇ ਸੋਚਿਆ ਕਿ ਇਸ ਤਰ੍ਹਾਂ ਬਾਹਰੋ-ਬਾਹਰ ਐਸ਼ਪ੍ਰਸਤੀ ਕਰਕੇ ਉਹ ਦੋਹਾਂ ਘਰਾਂ ਨੂੰ ਉਜਾੜ ਰਹੀ ਹੈ। ਕਿਉਂਕਿ ਉਸਦੇ ਦੋਸਤ ਦੋਵੇਂ ਵਿਆਹੇ-ਵਰੇ ਸਨ। ਉਸਨੇ ਆਪਣੇ ਸੱਸ ਸੌਹਰੇ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਦੀ ਸੇਵਾ ਵਿਚ ਰੁੱਝ ਗਈ।

ਮਿਤਰੋ ਦੀ ਇਹ ਚਾਣਚੱਕ ਨੀਤੀ ਉਸਦੇ ਚਾਹੁਣ ਵਾਲਿਆਂ ਦੇ ਰਾਸ ਨਾ ਆਈ। ਉਹ ਖਫ਼ਾ ਹੋਣ ਲੱਗੀ। ਉਨ੍ਹਾਂ ਲਈ ਸੁਨਹਿਰੀ ਦਰਵਾਜ਼ਾ ਅਚਾਨਕ ਹੀ ਬੰਦ ਹੋ ਗਿਆ ਸੀ। ਮਿਤਰੋ ਹੁਣ ਮੁੱਖ-ਅਧਿਆਪਕਾ ਬਣ ਗਈ ਸੀ। ਉਸ ਉਪਰ ਮਹਿਕਮੇ ਵੱਲੋਂ ਫੰਡਾਂ ਦੀ ਹੇਰਾਫੇਰੀ ਦੇ ਇਲਜ਼ਾਮ ਲਾਏ ਗਏ। ਵਿਭਾਗੀ ਪੜਤਾਲਾਂ ਕਰਕੇ ਉਹਨੂੰ ਪ੍ਰੇਸ਼ਾਨ ਕੀਤਾ ਗਿਆ। ਪ੍ਰੇਸ਼ਾਨ ਕਰਨ ਵਾਲਾ ਉਸਦਾ ਨਜ਼ਦੀਕੀ ਰਿਹਾ ਸੀ। ਮਿਤਰੋ ਨੇ ਵੀ ਆਪਣੇ ਵੱਕਾਰ ਦਾ ਸਵਾਲ ਬਣਾ ਕੇ ਇਹ ਸਾਰਾ ਮਾਮਲਾ 'ਆਜ ਤਕ' ਟੀ.ਵੀ. ਚੈਨਲ ਨਾਲ ਸਾਂਝਾ ਕੀਤਾ। ਚੈਨਲ ਵਾਲਿਆਂ ਉਸ ਵਿਰੁੱਧ ਪੜਤਾਲ ਕਰਨ ਵਾਲੇ ਅਫ਼ਸਰ ਨਾਲ ਰਾਬਤਾ ਪੈਦਾ ਕੀਤਾ। ਚੈਨਲ ਦੇ ਪਰਸਾਰ ਵਿਚ ਉਸ ਅਫ਼ਸਰ ਦੀ ਮਹਿਲਾ ਮੁਲਾਜ਼ਮਾਂ ਪ੍ਰਤੀ ਬਦਮਾਸ਼ੀ ਨੂੰ ਰੱਜ ਕੇ ਭੰਡਿਆ ਗਿਆ। ਮਹਿਕਮੇ ਨੂੰ ਇਹ ਪੜਤਾਲ ਵਾਪਸ ਲੈਣੀ ਪਈ ਤੇ ਪੜਤਾਲੀਆ ਅਫ਼ਸਰ ਨੂੰ ਮੁਅੱਤਲ ਕਰ ਦਿੱਤਾ ਗਿਆ।

ਇਹ ਖ਼ਬਰ ਵੇਖ ਕੇ ਉਸਦੇ ਨਰਾਜ਼ ਚਹੇਤਿਆਂ ਨੂੰ ਮੂੰਹ ਦੀ ਖਾਣੀ ਪਈ। ਉਹ ਹੁਣ ਮਿਤਰੋ ਕੋਲੋਂ ਡਰਨ ਲੱਗੇ। ਉਸਦੇ ਘਰ ਲੋਕਾਂ ਦਾ ਆਉਣਾ ਜਾਣਾ ਬਹੁਤ ਸੀਮਤ ਹੋ ਗਿਆ। ਉਸਦੇ ਕਈ ਪ੍ਰਸੰਸਕ ਬਹੁਤ ਵਫ਼ਾਦਾਰ ਤੇ ਖ਼ੈਰਖਾਹ ਸਨ। ਉਸਨੇ ਆਪਣੀ ਯੋਗਤਾ ਅਤੇ ਸਿਫਾਰਸ਼ ਨਾਲ ਉਸ ਸਾਲ ਦਾ ਸਰਵੋਤਮ ਅਧਿਆਪਕ ਦਾ ਪੁਰਸਕਾਰ ਹਾਸਲ ਕੀਤਾ। ਜਦੋਂ ਇਨਾਮ ਵੰਡ ਸਮਾਰੋਹ ਹੋਇਆ ਤਾਂ ਉਸਦੇ ਘਰ ਵਾਲਿਆਂ ਦੇ ਨਾਲ ਉਸਦੀਆਂ ਧੀਆਂ

ਤੇ ਜਵਾਈ ਵੀ ਸ਼ਾਮਲ ਸਨ। ਉਸਦੇ ਪਿੰਡੋਂ ਵੀ ਕਈ ਪਤਵੰਤੇ ਸੱਜਣ, ਆਪਣੇ ਪਿੰਡ ਦੀ ਧੀ ਧਿਆਣੀ ਦੇ ਸਨਮਾਨ ਵਿਚ ਸ਼ਾਮਲ ਹੋਏ।

ਪੱਦ-ਮੁਕਤ ਹੋ ਕੇ ਉਸਨੇ ਧਾਰਮਕ ਕੰਮਾਂ ਵਿਚ ਰੁਚੀ ਲੈਣੀ ਸ਼ੁਰੂ ਕਰ ਦਿੱਤੀ। ਉਹ ਹਰ ਰੋਜ਼ ਹਰਿਮੰਦਰ ਸਾਹਿਬ ਜਾਂਦੀ ਤੇ ਉਥੇ ਕਈ ਕਈ ਘੰਟੇ ਸੇਵਾ ਕਰਦੀ ਰਹਿੰਦੀ। ਉਸਦੇ ਸ਼ਰਧਾਲੂ ਆਖਣ ਲੱਗ ਪਏ ਕਿ ਉਹ ਕੇਵਲ ਲੋਕਾਂ ਦੀ ਹੀ ਮਿੱਤ ਨਹੀਂ ਸਗੋਂ ਗੁਰੂ ਮਹਾਰਾਜ ਦੀ ਵੀ ਮਿੱਤ ਹੈ। ਉਸਦੀ ਸੇਵਾ ਗੁਰੂ ਨੂੰ ਪ੍ਰਵਾਨ ਹੋਵੇ। ਚੰਦ ਨੇ ਚੜ੍ਹਦੇ ਰਹਿਣਾ ਏ, ਕੁੱਤਿਆਂ ਭੌਂਕਦਿਆਂ ਰਹਿਣਾ ਏ, ਭੌਂਕਦੇ ਰਹਿਣ। ਆਮੀਨ !

ਦਰਸ਼ੋ—ਖਸਮਾਂ ਨੂੰ ਖਾਣੀ

ਬੰਦੇ ਖਾਣੀ ਦਰਸ਼ੋ ਸਾਡੇ ਪਿੰਡ ਨੂੰਹ ਬਣ ਕੇ ਆਈ ਸੀ। ਉਹ ਹਾਲੇ ਪੰਦਰਾਂ ਸੋਲਾਂ ਸਾਲ ਦੀ ਸੀ ਕਿ ਉਸਨੇ ਆਪਣੇ ਰੰਗ ਵਖਾਉਣੇ ਸ਼ੁਰੂ ਕਰ ਦਿੱਤੇ ਸਨ। ਉਹ ਕੋਠੇ ਕੰਧਾਂ ਟੱਪਣ ਲੱਗ ਪਈ ਸੀ ਤੇ ਘਰਦਿਆਂ ਨੂੰ ਉਸਦੇ ਵਿਆਹੁਣ ਦੀ ਚਿੰਤਾ ਲੱਗ ਗਈ ਸੀ। ਚਿੰਤਾ ਕੇਵਲ ਉਸਦੇ ਪਿਉ ਨੂੰ ਸੀ, ਮਾਂ ਤਾਂ ਉਸਦੀ ਉਸਤਾਦ ਸੀ। ਜਿਸ ਕਰਕੇ ਉਸਦਾ ਪਿਉ ਸਾਰੀ ਉਮਰ ਦਰਸ਼ੋ ਦੀ ਮਾਂ ਦਾ ਦੁੱਖ ਹੰਢਾਉਂਦਾ ਰਿਹਾ, ਉਹ ਨਹੀਂ ਸੀ ਚਾਹੁੰਦਾ ਕਿ ਇਤਿਹਾਸ ਨੂੰ ਫਿਰ ਦੁਹਰਾਇਆ ਜਾਵੇ। ਉਸਨੇ ਦਰਸ਼ੋ ਦੇ ਹੱਥ ਪੀਲੇ ਕਰਨ ਲਈ ਕਈ ਜਗ੍ਹਾ ਹੱਥ ਪੈਰ ਮਾਰੇ ਪਰ ਲੋਕ ਉਸਦੀ 'ਸ਼ੋਭਾ' ਸੁਣ ਕੇ ਪਿੱਛੇ ਹਟਣ ਵਿਚ ਹੀ ਆਪਣਾ ਭਲਾ ਸਮਝਦੇ ਸਨ।

ਦਰਸ਼ੋ ਦਾ ਕੱਦ ਦਰਮਿਆਨਾ, ਰੰਗ ਗੋਰਾ, ਮੋਟੀਆਂ-ਮੋਟੀਆਂ ਬਿੱਲੀਆਂ ਅੱਖਾਂ ਤੇ ਨੈਣ-ਨਕਸ਼ ਤਿੱਖੇ ਤੇ ਖਿਚਵੇਂ ਸਨ। ਜਦੋਂ ਉਸਦਾ ਪਿਉ ਸਾਡੇ ਪਿੰਡ ਲੰਬੜਾਂ ਦੇ ਘਰ ਰਿਸ਼ਤਾ ਲੈ ਕੇ ਆਇਆ ਤਾਂ ਉਸਦੇ ਮਾਤਾ-ਪਿਤਾ ਦੀ ਸ਼ਕਲ ਵੇਖ ਕੇ ਹੀ ਲੰਬੜ ਨੇ ਰਿਸ਼ਤੇ ਦੀ ਹਾਂ ਕਰ ਦਿੱਤੀ ਸੀ। ਜਦੋਂ ਉਹਨੇ ਕੁੜੀ ਨੂੰ ਵੇਖਿਆ ਤਾਂ ਉਸਨੇ ਆਪਣੀ ਹਾਂ ਉਪਰ ਠਾਹ ਕਰਕੇ ਮੋਹਰ ਲਾਈ। ਉਸਦਾ ਵੱਸ ਚੱਲਦਾ ਤਾਂ ਉਹ ਉਸ ਨਾਲ ਆਪ ਵਿਆਹ ਕਰਾਉਣ ਲਈ ਤਿਆਰ ਸੀ। ਪਰ ਉਸਨੂੰ ਮੁੰਡਿਆਂ ਦੀ ਸ਼ਰਮ ਮਾਰ ਰਹੀ ਸੀ। ਲੰਬੜ ਨੇ ਵਿਆਹ ਜਲਦੀ ਕਰਕੇ ਆਪਣੇ ਵੱਡੇ ਮੁੰਡੇ ਮੰਗਲ ਦਾ ਘਰ ਵਸਾਉਣ ਦੀ ਕੀਤੀ। ਉਸਨੂੰ ਡਰ ਸੀ ਕਿ ਏਡੀ ਸੋਹਣੀ ਕੁੜੀ ਕਿਸੇ ਹੋਰ ਦੇ ਪਸੰਦ ਨਾ ਆ ਜਾਵੇ।

ਦਰਸ਼ੋ ਜਦ ਲੰਬੜ ਦੇ ਘਰ ਨੂੰਹ ਬਣ ਕੇ ਆਈ ਤਾਂ ਉਸਨੇ ਆਪਣੀ ਇੱਜ਼ਤ ਨੂੰ ਬਹਾਲ ਕਰਨ ਲਈ ਸਾਰਾ ਜ਼ੋਰ ਲਗਾ ਦਿੱਤਾ। ਉਹ ਆਪਣੇ ਘਰਵਾਲੇ ਮੰਗਲ ਦਾ ਤਾਂ ਦਿਲ ਜਿੱਤ ਹੀ ਚੁੱਕੀ ਸੀ ਉਸਨੇ ਆਪਣੇ ਸਹੁਰੇ ਦੀ ਦੋ-ਤਿੰਨ ਸਾਲ ਰੱਜ ਕੇ ਸੇਵਾ ਕੀਤੀ। ਉਸਦੀ ਸੱਸ ਬਹੁਤ ਵਰ੍ਹੇ ਪਹਿਲਾਂ ਟੀ.ਬੀ. ਨਾਲ ਗੁਜ਼ਰ ਚੁੱਕੀ ਸੀ। ਸਹੁਰਾ ਸਾਹਿਬ ਦਰਸ਼ੋ ਦੀ ਟਹਿਲ ਸੇਵਾ ਤੋਂ ਸਦਕੇ ਜਾਂਦੇ ਸਨ। ਪਹਿਲਾਂ ਉਹ ਆਪਣੀ ਘਰਵਾਲੀ ਨੂੰ ਹੀ ਯਾਦ ਕਰੀ ਜਾਂਦਾ ਸੀ। ਹੁਣ ਉਸਨੂੰ ਘਰਵਾਲੀ ਦੀ ਯਾਦ ਧੁੰਦਲੀ ਹੋ ਰਹੀ ਸੀ ਤੇ ਉਸ ਉਪਰ ਦਰਸ਼ੋ ਦੇ ਪ੍ਰਭਾਵ ਗੂੜ੍ਹੇ ਹੁੰਦੇ ਜਾ ਰਹੇ ਸਨ। ਲੰਬੜ ਵੀ ਇਹੀ ਚਾਹੁੰਦਾ ਸੀ ਤੇ ਦਰਸ਼ੋ ਵੀ ਕੁਝ ਇਸ ਤਰ੍ਹਾਂ ਹੀ ਸੀ।

ਲੰਬੜ ਦਾ ਛੋਟਾ ਲੜਕਾ ਮਹਿੰਦਰ ਵੀ ਵਿਆਹੁਣ ਯੋਗ ਹੋ ਗਿਆ ਸੀ। ਉਹ ਵੀ ਦਰਸ਼ੋ ਵੱਲ ਬਹੁਤ ਧਿਆਨ ਦੇ ਰਿਹਾ ਸੀ। ਲੰਬੜ ਨੂੰ ਇਹ ਚੰਗਾ ਨਹੀਂ ਸੀ ਲੱਗਦਾ। ਉਸਨੇ ਆਪਣੇ

ਇਕ ਸਾਲੇ ਦੇ ਰਾਹੀਂ ਮਹਿੰਦਰ ਦਾ ਵੀ ਵਿਆਹ ਕਰ ਦਿੱਤਾ ਸੀ। ਮਹਿੰਦਰ ਦੀ ਘਰਵਾਲੀ ਇਕ ਭਾਈ ਦੀ ਦਸਵੀਂ ਪਾਸ ਲੜਕੀ ਸੀ। ਉਸਨੇ ਆਪਣੀ ਛੋਟੀ ਨੂੰਹ ਵਾਸਤੇ ਹਵੇਲੀ ਦੇ ਦੂਜੇ ਪਾਸੇ ਮਹਿੰਦਰ ਲਈ ਰਿਹਾਇਸ਼ ਦਾ ਪ੍ਰਬੰਧ ਕਰ ਦਿੱਤਾ ਜਿਵੇਂ ਕਿ ਮੰਗਲ ਲਈ ਹਵੇਲੀ ਦੇ ਸੱਜੇ ਪਾਸੇ ਉਸਨੇ ਰਿਹਾਇਸ਼ ਬਣਵਾਈ ਸੀ। ਮਹਿੰਦਰ ਆਪਣੀ ਘਰਵਾਲੀ ਨਾਲ ਰਚ ਮਿਚ ਗਿਆ ਤੇ ਆਪਣੇ ਪਰਿਵਾਰ ਵਿਚ ਰੁੱਝ ਗਿਆ। ਉਸਨੇ ਕੁਝ ਸਮੇਂ ਤੋਂ ਦਰਸ਼ੋ ਦਾ ਖਹਿੜਾ ਛੱਡ ਦਿੱਤਾ ਸੀ ਤੇ ਆਪਣੀ ਘਰਵਾਲੀ ਦੇ ਅੱਗੇ ਪਿੱਛੇ ਤੁਰਿਆ ਫਿਰਦਾ ਸੀ। ਦੋਵੇਂ ਜੀਅ ਆਪਣੇ ਘਰ ਵਿਚ ਖ਼ੁਸ਼ ਸਨ।

ਪਰ ਦਰਸ਼ੋ ਨੂੰ ਆਪਣੇ ਤੋਂ ਬਿਨਾਂ ਕਿਸੇ ਹੋਰ ਦੀ ਖ਼ੁਸ਼ੀ ਪ੍ਰਵਾਨ ਨਹੀਂ ਸੀ। ਉਸਨੂੰ ਮਹਿੰਦਰ ਬਹੁਤ ਚੰਗਾ ਲੱਗਦਾ ਸੀ। ਉਸਨੇ ਮਹਿੰਦਰ ਦੇ ਘਰ ਜਾਣਾ ਫਿਰ ਆਰੰਭ ਦਿੱਤਾ। ਪਹਿਲਾਂ ਤਾਂ ਮਹਿੰਦਰ ਆਪਣੀ ਘਰਵਾਲੀ ਤੋਂ ਡਰਦਾ ਦਰਸ਼ੋ ਵੱਲ ਨਾ ਵੇਖਦਾ ਪਰ ਉਸਦੀ ਤੱਕਣੀ ਵਿਚ ਏਨੀ ਖਿੱਚ ਸੀ ਕਿ ਮਹਿੰਦਰ ਵਰਗਾ ਉਸ ਤੋਂ ਬਚ ਨਹੀਂ ਸੀ ਸਕਦਾ। ਉਹ ਜਿਉਂ-ਜਿਉਂ ਦਰਸ਼ੋ ਨੂੰ ਨਫ਼ਰਤ ਕਰਦਾ, ਤਿਉਂ-ਤਿਉਂ ਉਸ ਵੱਲ ਖਿੱਚਿਆ ਆਉਂਦਾ। ਉਸਨੂੰ ਖ਼ੁਦ ਨੂੰ ਸਮਝ ਨਹੀਂ ਸੀ ਆਉਂਦਾ ਕਿ ਉਹ ਕੀ ਕਰ ਰਿਹਾ ਏ ਤੇ ਕਿਧਰ ਜਾ ਰਿਹਾ ਏ। ਉਸਦੀ ਘਰਵਾਲੀ ਨੂੰ ਦਰਸ਼ੋ ਦਾ ਬਹੁਤਾ ਉਸਦੇ ਘਰ ਬੈਠਾ ਰਹਿਣਾ ਪਸੰਦ ਨਾ ਆਇਆ। ਹੌਲੀ-ਹੌਲੀ ਉਸਨੇ ਮਹਿੰਦਰ ਨੂੰ ਗੱਲੀਂ-ਗੱਲੀਂ ਕਹਿਣਾ ਸ਼ੁਰੂ ਕਰ ਦਿੱਤਾ ਪਰ ਜਦੋਂ ਉਸਦਾ ਘਰ ਵਾਲਾ ਉਸਦੇ ਚੁੰਬਕ ਖੇਤਰ ਵਿਚੋਂ ਬਾਹਰ ਜਾਂਦਾ ਵੇਖਿਆ ਤਾਂ ਉਹ ਖਿਝ ਕੇ ਮਹਿੰਦਰ ਨੂੰ ਕਹਿਣ ਲੱਗੀ, "ਦਰਸ਼ੋ ਆਪਣੇ ਘਰਵਾਲੇ ਨੂੰ ਛੱਡ ਏਥੇ ਐਵੇਂ ਕਿਉਂ ਬੈਠੀ ਰਹਿੰਦੀ ਏ ? ਉਸਨੂੰ ਰੋਕੋ ਨਹੀਂ ਤਾਂ ਮੈਂ ਰੋਕਾਂਗੀ।" ਮਹਿੰਦਰ ਨੇ ਕਿਹਾ, "ਮੇਰੀ ਵੱਡੀ ਭਰਜਾਈ ਏ, ਮੈਂ ਉਸਨੂੰ ਘਰ ਆਉਣੋਂ ਰੋਕ ਨਹੀਂ ਸਕਦਾ।" ਜਦੋਂ ਅੱਕ ਕੇ ਇਕ ਦਿਨ ਮਹਿੰਦਰ ਦੀ ਘਰਵਾਲੀ ਰੱਜੋ ਨੇ ਦਰਸ਼ੋ ਨੂੰ ਆਪਣੇ ਘਰ ਬੈਠਿਆਂ ਵੇਖ ਕੇ ਆਖਿਆ, "ਭੈਣ ਜੀ, ਤੁਹਾਡਾ ਘਰ ਤਾਂ ਵੱਸ ਰਿਹਾ ਏ ਮੇਰਾ ਘਰ ਵੀ ਤਾਂ ਵੱਸਣ ਦਿਉ। ਜਾਉ ਮੇਰੇ 'ਤੇ ਮਿਹਰ ਕਰੋ।" ਦਰਸ਼ੋ ਨੇ ਭੜਕ ਕੇ ਕਿਹਾ, "ਮਿਹਰ ਚਾਹੀਦੀ ਏ ਤਾਂ ਆਪਣੇ ਖਸਮ ਨੂੰ ਆਖ। ਉਹ ਬੁਲਾਉਂਦਾ ਏ ਤਾਂ ਮੈਂ ਆਉਨੀ ਆਂ। ਮੈਂ ਉਹਨੂੰ ਸੱਦਣ ਨਹੀਂ ਜਾਂਦੀ।" ਜਦੋਂ ਮਹਿੰਦਰ ਨੂੰ ਇਸ ਤਕਰਾਰ ਦਾ ਪਤਾ ਲੱਗਾ ਤਾਂ ਉਹ ਆਪਣੀ ਘਰਵਾਲੀ ਰੱਜੋ ਨਾਲ ਲੜਿਆ ਤੇ ਉਸਨੂੰ ਵਰਜਿਆ ਕਿ ਉਹ ਭਰਜਾਈ ਨੂੰ ਆਉਣ ਤੋਂ ਹਰਗਿਜ਼ ਨਾ ਰੋਕੇ। ਕੁਝ ਚਿਰ ਤਾਂ ਦਰਸ਼ੋ ਤੇ ਰੱਜੋ ਦੀ ਇਹ ਕਸ਼ਮਕਸ਼ ਹੁੰਦੀ ਰਹੀ ਪਰ ਅਖ਼ੀਰ ਵਿਚ ਰੱਜੋ ਨੇ ਆਪਣੇ ਖਸਮ ਦੀ ਕਾਣੀ ਨੀਅਤ ਵੇਖ ਕੇ ਆਪਣੇ ਪੇਕੇ ਹੀ ਰੁੱਸ ਕੇ ਜਾਣਾ ਠੀਕ ਸਮਝਿਆ।

ਮਹਿੰਦਰੋ ਤੇ ਦਰਸ਼ੋ ਲਈ ਮੈਦਾਨ ਖ਼ਾਲੀ ਹੋ ਗਿਆ। ਮਹਿੰਦਰ ਨਾ ਤਾਂ ਰੱਜੋ ਨੂੰ ਮਨਾਉਣ ਗਿਆ ਤੇ ਨਾ ਹੀ ਉਹ ਵਾਪਸ ਆਈ। ਲੰਬੜ ਨੇ ਬੜੀ ਕੋਸ਼ਿਸ਼ ਕੀਤੀ ਕਿ ਇਹ ਘਰ ਵੱਸਿਆ ਰਹੇ ਪਰ ਸਥਿਤੀ ਉਸਦੇ ਵੱਸ ਤੋਂ ਬਾਹਰ ਜਾ ਰਹੀ ਸੀ। ਉਸਨੇ ਦਰਸ਼ੋ ਨੂੰ ਮਾੜਾ ਜਿਹਾ ਦਬਕਾ ਮਾਰਿਆ ਪਰ ਦਰਸ਼ੋ ਇਹੋ ਜਿਹੇ ਦਬਕਿਆਂ ਨੂੰ ਕੀ ਸਮਝਦੀ ਸੀ। ਉਸਨੇ ਉਲਟਾ ਆਪਣੇ

ਸਹੁਰੇ ਨੂੰ ਮਿਲਣਾ-ਗਿਲਣਾ ਬੰਦ ਕਰ ਦਿੱਤਾ। ਉਸਦਾ ਘਰਵਾਲਾ ਮੰਗਲ ਜਮਾਂ ਹੀ ਸਾਈਂ ਲੋਕ ਸੀ ਇਸ ਲਈ ਉਸਨੂੰ ਘਰ ਦੀਆਂ ਗਤੀਵਿਧੀਆਂ ਦੀ ਬਹੁਤ ਘੱਟ ਸਮਝ ਸੀ। ਜਦੋਂ ਦਰਸ਼ੋ ਨੇ ਲੰਬੜ ਨੂੰ ਰੋਟੀ ਪਾਣੀ ਪੁੱਛਣਾ ਬੰਦ ਕਰ ਦਿੱਤਾ ਤਾਂ ਉਸਦਾ ਬਖੀਆ ਕਾਫ਼ੀ ਤੰਗ ਹੋ ਗਿਆ। ਉਹ ਪਛਤਾਉਣ ਲੱਗਾ ਕਿ ਉਸਨੇ ਦਰਸ਼ੋ ਨੂੰ ਐਵੇਂ ਦਬਕਾ ਮਾਰਿਆ ਹੈ। ਉਸਨੇ ਇਕ ਦਿਨ ਦਰਸ਼ੋ ਨੂੰ ਬੁਲਾ ਕੇ ਆਖਿਆ, "ਦਰਸ਼ੋ ਪੁੱਤਰ ਤੂੰ ਤਾਂ ਐਵੇਂ ਗੁੱਸਾ ਕਰ ਲਿਆ, ਮੈਂ ਤਾਂ ਸਭਾਉਕੀ ਤੈਨੂੰ ਮਹਿੰਦਰ ਬਾਰੇ ਆਖਿਆ ਸੀ। ਰੱਜੋ ਤਾਂ ਨਿਰੀ ਪਾਗਲ ਏ। ਉਸਨੂੰ ਭਲਾ ਘਰ ਛੱਡ ਕੇ ਜਾਣ ਦੀ ਕੀ ਲੋੜ ਸੀ ? ਤੇਰੇ ਉੱਤੇ ਖਾਹਮਖਾਹ ਸ਼ੱਕ ਕਰ ਰਹੀ ਆ। ਮਰਦ ਆਪਣਾ ਨਹੀਂ ਸਾਂਭਿਆ ਜਾਂਦਾ ਤੇ ਤੋੜਾ ਤੇਰੇ 'ਤੇ ਝਾੜੀ ਜਾਂਦੀ ਆ। ਦਫ਼ਾ ਕਰ ਇਨ੍ਹਾਂ ਦੋਵਾਂ ਨੂੰ। ਇਨ੍ਹਾਂ ਕਰਕੇ ਮੇਰੇ ਨਾਲ ਕਿਉਂ ਰੁੱਸ ਬੈਠੀ ਏਂ ?" ਉਸਨੇ ਦਰਸ਼ੋ ਵੱਲ ਸ਼ਰਾਰਤ ਭਰੀ ਨਜ਼ਰ ਨਾਲ ਵੇਖਿਆ। ਦਰਸ਼ੋ ਇਹੀ ਤਾਂ ਚਾਹੁੰਦੀ ਸੀ।

ਉਸਦਾ ਮਹਿੰਦਰ ਨਾਲ ਚਾਅ ਲੱਥ ਚੁੱਕਾ ਸੀ। ਉਸਦੀ ਆਦਤ ਸੀ ਕਿ ਉਹ ਬਹੁਤਾ ਚਿਰ ਕਿਸੇ ਨਾਲ ਟਿਕ ਨਹੀਂ ਸੀ ਸਕਦੀ। ਉਸ ਦਿਨ ਤੋਂ ਉਹ ਲੰਬੜ ਨਾਲ ਫਿਰ ਵਰਤਣ ਲੱਗੀ। ਲੰਬੜ ਨੂੰ ਰੋਟੀ-ਪਾਣੀ ਵੇਲੇ ਸਿਰ ਮਿਲਣ ਲੱਗਾ ਤੇ ਜਦੋਂ ਮਹਿੰਦਰ ਤੇ ਮੰਗਲ ਪਾਣੀ ਲਾਉਣ ਰਾਤ-ਬਰਾਤੇ ਖੇਤਾਂ ਨੂੰ ਜਾਂਦੇ ਤਾਂ ਮਗਰੋਂ ਦਰਸ਼ੋ ਆਪਣੇ ਬੱਚਿਆਂ ਨੂੰ ਸੰਵਾ ਕੇ ਲੰਬੜ ਦੇ ਕਮਰੇ ਜਾ ਵੜਦੀ ਤੇ ਉਸ ਨਾਲ ਇਵੇਂ ਹੱਸਦੀ ਖੇਡਦੀ ਕਿ ਲੰਬੜ ਨੂੰ ਜਵਾਨੀ ਚੇਤੇ ਆ ਜਾਂਦੀ। ਉਸਨੂੰ ਇਹ ਭੁੱਲ ਜਾਂਦਾ ਕਿ ਉਹ ਰੰਡਾ ਹੈ। ਦਰਸ਼ੋ ਨੂੰ ਵੀ ਇਹ ਭੁੱਲ ਜਾਂਦਾ ਕਿ ਉਹ ਲੰਬੜ ਦੀ ਨੂੰਹ ਹੈ। ਮੁੰਡਿਆਂ ਦੇ ਪਰਤਣ ਤੋਂ ਪਹਿਲਾਂ ਉਹ ਫਿਰ ਬੱਚਿਆਂ ਕੋਲ ਜਾ ਸੌਂਦੀ ਸੀ।

ਦਰਸ਼ੋ ਦੇ ਤਿੰਨ ਬੱਚੇ ਸਨ। ਮਾਂ ਤਾਂ ਤਿੰਨਾਂ ਦੀ ਇਕੋ ਹੀ ਸੀ ਪਰ ਪਿਉ ਹਰ ਇਕ ਦੇ ਆਪੋ-ਆਪਣੇ ਸਨ। ਬੱਚਿਆਂ ਨਾਲ ਮਹਿੰਦਰ ਤੇ ਮੰਗਲ ਬਹੁਤ ਪਿਆਰ ਕਰਦੇ ਸਨ ਤੇ ਲੰਬੜ ਵੀ ਉਨ੍ਹਾਂ ਨੂੰ ਮੋਢਿਆਂ 'ਤੇ ਹੀ ਚੁੱਕੀ ਰੱਖਦਾ ਸੀ। ਹਰ ਕੋਈ ਬੱਚਿਆਂ ਨੂੰ ਵੇਖ ਕੇ ਉਨ੍ਹਾਂ ਵਿਚੋਂ ਆਪਣੇ ਨਕਸ਼ ਭਾਲਣ ਦੀ ਕੋਸ਼ਿਸ਼ ਕਰਦਾ ਪਰ ਇਸਦਾ ਨਿਤਾਰਾ ਕਰਨਾ ਮੁਸ਼ਕਿਲ ਸੀ। ਇਸ ਲਈ ਤਿੰਨੇ ਜਣੇ ਤਿੰਨੇ ਬੱਚਿਆਂ ਨਾਲ ਪਿਆਰ ਕਰਨ ਲਈ ਮਜ਼ਬੂਰ ਸਨ। ਪਿੰਡ ਵਾਲੇ ਮੂੰਹ 'ਤੇ ਤਾਂ ਉਨ੍ਹਾਂ ਨੂੰ ਲੰਬੜਾਂ ਦੇ ਟੱਬਰ ਕਹਿ ਕੇ ਬੁਲਾਉਂਦੇ ਸਨ ਪਰ ਪਿੱਠ ਪਿੱਛੇ 'ਕੰਜਰਾਂ ਦਾ ਟੱਬਰ' ਕਹਿੰਦੇ ਸਨ। ਉਨ੍ਹਾਂ ਦੀਆਂ ਕਹਾਣੀਆਂ ਬੜੀ ਦਿਲਚਸਪੀ ਤੇ ਮਜ਼ਾਕ ਨਾਲ ਸੁਣਾਇਆ ਕਰਦੇ ਸਨ।

ਘਰ ਫਤਹਿ ਕਰਕੇ ਦਰਸ਼ੋ ਨੇ ਬਾਹਰ ਵੱਲ ਕੂਚ ਕੀਤਾ। ਬਾਹਰ ਦੇ ਪਿੰਡ ਦੇ ਲੋਕਾਂ ਨੂੰ ਦਰਸ਼ੋ ਦੀ ਮੁਸ਼ਕ ਆਣ ਪਹੁੰਚੀ ਸੀ। ਉਨ੍ਹਾਂ ਨੇ ਵੀ ਉਸਦੀ ਆਸ਼ਕੀ ਤੇ ਮਨਚਲੀ ਦੀਆਂ ਕਹਾਣੀਆਂ ਸੁਣੀਆਂ ਸਨ। ਇਸ ਲਈ ਉਹ ਆਦਮ ਬੋ, ਆਦਮ ਬੋ ਕਰਨ ਲੱਗੇ। ਸਭ ਤੋਂ ਪਹਿਲਾਂ ਉਸਦੇ ਸੌਹਰੇ ਲੰਬੜ ਨੇ ਉਹਨੂੰ ਬਾਹਰ ਖੇਹ ਖਾਣ ਤੋਂ ਵਰਜਿਆ ਪਰ ਉਹ ਮਾਂ ਦੀ ਧੀ ਕਿਸੇ ਵਰਜ ਨੂੰ ਗੁਸਤਾਖੀ ਸਮਝਦੀ ਸੀ। ਉਸਨੂੰ ਪੈਂਖੜ ਪਾਉਣਾ ਮੁਸ਼ਕਲ ਸੀ।

ਉਸਦੇ ਰੋਜ਼ ਦੇ ਕੁੱਤੀ ਚੀਕੇ ਤੋਂ ਦਰਸ਼ੋ ਬਹੁਤ ਖ਼ਫ਼ਾ ਸੀ। ਉਧਰੋਂ ਲੰਬੜ ਨੇ ਉਦਾਸੀ ਵਿਚ ਦਾਰੂ ਪੀਣਾ ਸ਼ੁਰੂ ਕਰ ਦਿੱਤਾ ਸੀ। ਉਹ ਜਦੋਂ ਘਰ ਪਰਤਦਾ ਤਾਂ ਨਸ਼ੇ ਵਿਚ ਚੂਰ ਹੋਇਆ ਬਿਸਤਰ ਉਪਰ ਠਾਹ ਡਿੱਗਦਾ। ਉਹ ਘਰ ਦੀ ਇੱਜ਼ਤ ਬਾਹਰ ਨਹੀਂ ਸੀ ਜਾਣ ਦੇਣਾ ਚਾਹੁੰਦਾ। ਆਪਣੇ ਫਲਾਏ ਜਾਲ ਵਿਚੋਂ ਉਹ ਨਿਕਲਣਾ ਚਾਹੁੰਦਾ ਸੀ। ਉਹ ਹਰ ਰੋਜ਼ ਕਈ ਹੀਲੇ-ਵਸੀਲੇ ਸੋਚਦਾ ਤੇ ਰਾਤ ਨੂੰ ਬਿਨਾਂ ਕਿਸੇ ਪੱਤਨ ਲੱਗਿਆਂ ਗੁੱਟ ਹੋ ਕੇ ਸੌਂ ਜਾਂਦਾ।

ਇਕ ਅਜਿਹੀ ਰਾਤ ਨੂੰ ਉਹ ਘੂਕ ਸੁੱਤਾ ਪਿਆ ਸੀ। ਪੋਲੇ ਪੈਰੀਂ ਦਰਸ਼ੋ ਮੌਕਾ ਤਾੜ ਕੇ ਉਸਦੇ ਕਮਰੇ ਵਿਚ ਗਈ ਤੇ ਉਸਨੇ ਜਾਂਦਿਆਂ ਹੀ ਉਸਦੇ ਗਲ ਗੂਠ ਦੇ ਕੇ ਜ਼ੋਰ ਦੀ ਦਬਾਇਆ ਤੇ ਲੰਬੜ ਦੂਜੀ ਦੁਨੀਆ ਵਿਚ ਪਹੁੰਚ ਗਿਆ। ਦਿਨ ਚੜ੍ਹੇ ਜਦ ਦਰਸ਼ੋ ਨੇ ਵੱਡੇ ਲੜਕੇ ਨੂੰ ਚਾਹ ਦੇ ਕੇ ਭੇਜਿਆ ਤਾਂ ਪਤਾ ਲੱਗਾ ਕਿ ਬਾਪੂ ਚੱਲ ਵੱਸਿਆ ਹੈ। ਦਰਸ਼ੋ ਨੇ ਮੰਗਲ ਤੇ ਮਹਿੰਦਰ ਨੂੰ ਉਠਾਇਆ। ਸਾਰੇ ਭੱਜੇ ਲੰਬੜ ਦੇ ਕਮਰੇ ਵਿਚ ਗਏ। ਦਰਸ਼ੋ ਲੰਬੜ ਦੇ ਪੈਂਦੀ ਵੱਲ ਬੈਠੀ ਦੁਹੱਥੜਾਂ ਮਾਰ ਰਹੀ ਸੀ। ਕਾਤਲ ਦੀ ਕੋਈ ਸੂਹ ਨਾ ਲੱਗੀ। ਸਾਰੇ ਇਹੀ ਸੋਚ ਰਹੇ ਸਨ ਕਿ ਇਹ ਕਾਰਾ ਦਰਸ਼ੋ ਨੇ ਹੀ ਕਿਸੇ ਆਪਣੇ ਯਾਰ-ਬੇਲੀ ਕੋਲੋਂ ਕਰਵਾਇਆ ਹੈ। ਪਰ ਕੀਹਦੇ 'ਤੇ ਸ਼ੱਕ ਕਰਦੇ, ਆਉਂਦੇ ਜਾਂਦੇ ਤਾਂ ਕਈ ਜਣੇ ਸਨ। ਲੰਬੜ ਦੀ ਮੌਤ ਅਜਾਈਂ ਭੰਗ ਦੇ ਭਾੜੇ ਗਈ। ਮੰਗਲ ਤੇ ਮਹਿੰਦਰ ਦੋਵੇਂ ਠਠੰਬਰ ਗਏ ਸਨ। ਉਨ੍ਹਾਂ ਨੂੰ ਦਰਸ਼ੋ ਕੋਲੋਂ ਡਰ ਲੱਗਣ ਲੱਗਾ ਸੀ।

ਉਧਰ ਦਰਸ਼ੋ ਦੀਆਂ ਪੰਜੇ ਘਿਉ ਵਿਚ ਸਨ। ਪਰ ਘਰ ਵਿਚ ਉਸਦਾ ਜਾਦੂ ਫਿੱਕਾ ਪੈ ਗਿਆ ਸੀ। ਮਹਿੰਦਰ ਨੂੰ ਜਦ ਹੌਲੀ-ਹੌਲੀ ਅਸਲੀਅਤ ਦਾ ਪਤਾ ਲੱਗਾ ਤਾਂ ਉਸਨੇ ਲੜ-ਝਗੜ ਕੇ ਆਪਣਾ ਅੱਧਾ ਹਿੱਸਾ ਜ਼ਮੀਨ ਵਿਚ ਲੈ ਲਿਆ। ਦਰਸ਼ੋ ਨੇ ਹਿੱਸਾ ਤਾਂ ਦਿਉਰ ਨੂੰ ਦੇ ਦਿੱਤਾ ਪਰ ਬਾਹਰ ਅੰਦਰ ਜਾਣਾ ਜਾਰੀ ਰੱਖਿਆ। ਮਹਿੰਦਰ ਨੇ ਕਈ ਵਿਚੋਲਿਆਂ ਰਾਹੀਂ ਦੁਬਾਰਾ ਸ਼ਾਦੀ ਕਰਨ ਦੀ ਕੋਸ਼ਿਸ਼ ਕੀਤੀ। ਕਈ ਰਿਸ਼ਤੇ ਆਏ ਪਰ ਦਰਸ਼ੋ ਵਿਚ ਭਾਨੀ ਮਾਰ ਕੇ ਰਿਸ਼ਤਾ ਤੁੜਵਾ ਦਿੰਦੀ ਸੀ। ਕਈ ਲੋਕ ਇਸ ਟੱਬਰ ਦੀ ਸ਼ੋਭਾ ਸੁਣ ਕੇ ਹੀ ਦੌੜ ਜਾਂਦੇ ਸਨ। ਅਖ਼ੀਰ ਉਸਨੇ ਆਪਣੀ ਪਹਿਲੀ ਘਰਵਾਲੀ, ਜੋ ਕਿ ਅਜੇ ਪੇਕੇ ਹੀ ਬੈਠੀ ਸੀ ਉਸ ਨਾਲ ਮਾਫ਼ੀਆਂ ਮੰਗ ਕੇ ਸੁਲਾਹ ਕਰ ਲਈ ਤੇ ਉਹ ਅੱਡ ਬਾਹਰ, ਦਰਸ਼ੋ ਤੋਂ ਪਰ੍ਹੇ ਜਾ ਕੇ ਰਹਿਣ ਲੱਗਾ। ਉਸਦੀ ਗੱਡੀ ਲੀਹ 'ਤੇ ਆ ਗਈ ਸੀ।

ਦੂਜੇ ਪਾਸੇ ਦਰਸ਼ੋ ਦਾ ਘਰਵਾਲਾ ਮੰਗਲ ਹਾਲੇ ਵੀ ਮੰਝਧਾਰ ਵਿਚ ਫਸਿਆ ਸੀ। ਉਹ ਅਜੇ ਵੀ ਦਰਸ਼ੋ ਦੇ ਵਾਕਫ਼ਕਾਰਾਂ ਦਾ ਟਹਿਲ ਪਾਣੀ ਕਰਦਾ ਤੇ ਡਰਦਾ ਹੀ ਹਰ-ਹਰ ਕਰਦਾ ਰਹਿੰਦਾ। ਪਿੰਡ ਦੇ ਸ਼ਰੀਕਾਂ ਨੇ ਆਪਣਾ ਤੀਰ ਮੰਗਲ ਗ੍ਰਹਿ 'ਤੇ ਛੱਡਿਆ। ਉਸਨੂੰ ਉਹ ਦਾਰੂ ਪਿਲਾ ਕੇ ਤਗੜਾ ਕਰਦੇ ਤੇ ਦਰਸ਼ੋ ਵਿਭਚਾਰਨ੍ ਦੇ ਵਿਰੁੱਧ ਚੁੱਕਦੇ। ਜਦ ਤਕ ਦਾਰੂ ਦਾ ਅਸਰ ਰਹਿੰਦਾ ਉਹ ਦਰਸ਼ੋ ਨੂੰ ਗਾਲ੍ਹਾਂ ਕੱਢਦਾ ਰਹਿੰਦਾ। ਜਦ ਦਿਨ ਚੜ੍ਹੇ ਅਸਰ ਜਾਇਆ ਹੁੰਦਾ ਤਾਂ ਦਰਸ਼ੋ ਤੋਂ ਉਸਨੂੰ ਡਰ ਲੱਗਣ ਲੱਗਦਾ। ਇਕ ਦਿਨ ਉਸਨੇ ਹਿੰਮਤ ਕਰਕੇ ਘਰ ਬੈਠੇ ਦੋ ਦਰਸ਼ੋ ਦੇ ਚਹੇਤਿਆਂ ਨੂੰ ਘਰੋਂ ਬਾਹਰ ਦਫ਼ਾ ਹੋਣ ਦਾ ਦਬਕਾ ਮਾਰਿਆ। ਦਰਸ਼ੋ ਰਸੋਈ

ਵਿਚ ਰੋਟੀਆਂ ਪਕਾ ਰਹੀ ਸੀ। ਮੰਗਲ ਦੀ ਆਵਾਜ਼ ਸੁਣ ਕੇ ਉਹ ਵੇਲਣੇ ਸਮੇਤ ਆਈ ਤੇ ਆ ਕੇ ਮੰਗਲ ਨੂੰ ਗਾਲ੍ਹ ਮੰਦਾ ਕਰਨ ਲੱਗੀ। ਉਸਨੇ ਧੱਕੇ ਮਾਰ ਕੇ ਮੰਗਲ ਨੂੰ ਬੈਠਕੋਂ ਬਾਹਰ ਕੱਢ ਦਿੱਤਾ। ਉਹ ਬੁੜ-ਬੁੜ ਕਰਦਾ ਘਰੋਂ ਬਾਹਰ ਨਿਕਲ ਗਿਆ।

ਉਸੇ ਰਾਤ ਦਰਸ਼ੋ ਨੇ ਮੰਗਲ ਨੂੰ ਕੋਲ ਬਿਠਾ ਕੇ ਸਮਝਾਇਆ—"ਜਿਹੜੇ ਬੰਦੇ ਅੱਜ ਮੈਨੂੰ ਮਿਲਣ ਆਏ ਸਨ ਉਹ ਕੋਈ ਬੇਗ਼ਾਨੇ ਨਹੀਂ ਸਨ। ਉਹ ਮੇਰੀ ਮਾਸੀ ਦੇ ਪੁੱਤਰ ਭਰਾ ਸਨ। ਰਿਸ਼ਤੇਦਾਰਾਂ ਨਾਲ ਜੇ ਨਹੀਂ ਮਿਲਣਾ ਤਾਂ ਕੀਹਦੇ ਨਾਲ ਮਿਲਣਾ ਹੈ ? ਪਿੰਡ ਦੇ ਲੋਕਾਂ ਤਾਂ ਤੇਰਾ ਪਿਉ ਨਹੀਂ ਛੱਡਿਆ, ਮਰਵਾ ਕੇ ਹੀ ਸਾਹ ਲਿਆ। ਤੂੰ ਐਵੇਂ ਇਨ੍ਹਾਂ ਦੇ ਮਗਰ ਲੱਗ ਕੇ ਆਪਣਾ ਘਰ ਨਾ ਖ਼ਰਾਬ ਕਰ। ਹੁਣ ਤਾਂ ਮਹਿੰਦਰ ਵੀ ਤੇਰੇ ਨਾਲ ਨਹੀਂ। ਉਹ ਵੀ ਸਾਡੇ ਘਰ ਨੂੰ ਬਰਬਾਦ ਕਰਨਾ ਚਾਹੁੰਦੈ।" ਮੰਗਲ ਇਹ ਗੱਲਾਂ ਭਾਵੇਂ ਚੁੱਪ-ਚਾਪ ਸੁਣ ਰਿਹਾ ਸੀ। ਪਰ ਉਸਦੀਆਂ ਮੋਮੋਠੱਗਣੀਆਂ ਤੇ ਉਸਦਾ ਭੋਰਾ ਵੀ ਇਤਬਾਰ ਨਹੀਂ ਸੀ ਰਿਹਾ। ਉਸਨੇ ਫਿਰ ਵੀ ਦਰਸ਼ੋ ਦੀ ਨੋਕਾ-ਟੋਕੀ ਜਾਰੀ ਰੱਖੀ।

ਦਰਸ਼ੋ ਨੂੰ ਮੰਗਲ ਕੰਡੇ ਵਾਂਗ ਚੁਭ ਰਿਹਾ ਸੀ। ਪਿਛਲੇ ਦਿਨਾਂ ਵਿਚ ਉਸਨੇ ਉਸਦੇ ਕਈ 'ਰਿਸ਼ਤੇਦਾਰਾਂ' ਦੀ ਸ਼ਰੇਆਮ ਬੇਇੱਜ਼ਤੀ ਤੇ ਭੰਡੀ ਕੀਤੀ ਸੀ। ਉਹ ਕਈ ਨਰਾਜ਼ ਹੋ ਕੇ ਉਸਦੇ ਘਰੋਂ ਚਲੇ ਗਏ ਸਨ। ਦਰਸ਼ੋ ਨੂੰ ਆਪਣੇ ਸੋਨੇ ਦੀ ਲੰਕਾ ਢਹਿੰਦੀ ਨਜ਼ਰ ਆਉਣ ਲੱਗੀ। ਮੰਗਲ ਭਾਵੇਂ ਉਸਦਾ ਪਤੀ ਸੀ ਪਰ ਦਿਲੋਂ ਉਸਨੇ ਕਦੀ ਵੀ ਉਸਨੂੰ ਨੌਕਰ ਤੋਂ ਵੱਧ ਨਹੀਂ ਸੀ ਸਮਝਿਆ। ਉਸਦੀ ਮਦਦ ਨਾਲ ਉਸਨੇ ਆਪਣੇ ਕਈ ਕੁਕਰਮਾਂ 'ਤੇ ਪਰਦੇ ਪਾਏ ਸਨ ਜਿਨ੍ਹਾਂ ਨੂੰ ਮੰਗਲ ਹੁਣ ਲਾਹੀ ਜਾ ਰਿਹਾ ਸੀ। ਇਸ ਲਈ ਦਰਸ਼ੋ ਮੰਗਲ ਦੀ ਵੀ ਫੱਟੀ ਪੋਚਣ ਬਾਰੇ ਸੋਚਣ ਲੱਗੀ। ਇਸ ਕਾਰਜ ਲਈ ਉਸਨੇ ਆਪਣੇ ਸੁਹਿਰਦ ਰਿਸ਼ਤੇਦਾਰਾਂ ਦੀ ਸਹਾਇਤਾ ਲਈ। ਉਹ ਇਕ ਰਾਤ ਆ ਕੇ ਜਾਣ ਲੱਗਿਆਂ ਮੰਗਲ ਨੂੰ ਮਾਰ ਕੇ ਚਲਦੇ ਬਣੇ। ਮੰਗਲ ਦਾਰੂ ਨਾਲ ਲਾਮਲੇਟ ਹੋਇਆ ਪਿਆ ਸੀ। ਇਸ ਲਈ ਇਹ ਕਾਰਾ ਨਿਰਵਿਘਨ ਸਮਾਪਤ ਹੋ ਗਿਆ। ਜਦੋਂ ਉਸਦੇ ਕਾਤਲ ਪਿੰਡੋਂ ਦੂਰ ਚਲੇ ਗਏ ਤਾਂ ਦਰਸ਼ੋ ਨੇ ਰੌਲਾ ਪਾ ਦਿੱਤਾ। ਪਿੰਡ ਵਾਲੇ ਭੱਜੇ ਆਏ। ਮੰਗਲ ਮੰਜੇ 'ਤੇ ਮਰਿਆ ਪਿਆ ਸੀ। ਇਸੇ ਤਰ੍ਹਾਂ ਹੀ ਲੰਬੜ ਨਾਲ ਹੋਇਆ ਸੀ। ਦਰਸ਼ੋ ਦੇ ਕਹਿਣ 'ਤੇ ਲੋਕ ਹਥਿਆਰ ਲੈ ਕੇ ਇਧਰ-ਉਧਰ ਭੱਜੇ। ਅੰਨ੍ਹੇ ਕੁੱਤੇ ਹਿਰਨਾਂ ਮਗਰ। ਜਿੰਨੇ ਮੂੰਹ ਓਨੀਆਂ ਗੱਲਾਂ। ਮਹਿੰਦਰ ਤੇ ਉਹਦੇ ਸ਼ਰੀਕ ਦਰਸ਼ੋ ਨੂੰ ਹੀ ਡੈਣ ਸਮਝਦੇ ਸਨ, ਜਿਸਨੇ ਉਸਦੇ ਪਿਤਾ ਤੇ ਭਰਾ ਨੂੰ ਨਿਗਲਿਆ ਸੀ ਪਰ ਦਰਸ਼ੋ ਦਾ ਹਮਦਰਦੀ ਗਰੁੱਪ, ਪਹਿਲੇ ਗਰੁੱਪ ਨੂੰ ਮੰਗਲ ਦਾ ਕਾਤਲ ਸਮਝੀ ਬੈਠਾ ਸੀ। ਅਜਿਹਿਆਂ ਮੌਕਿਆਂ 'ਤੇ ਲੋਕ ਹਮਦਰਦੀ ਦੀ ਆੜ ਵਿਚ ਆਪੋ-ਆਪਣੇ ਉੱਲੂ ਸਿੱਧੇ ਕਰਦੇ ਫਿਰਦੇ ਸਨ।

ਦਰਸ਼ੋ ਆਪਣੇ ਬੱਚਿਆਂ ਨੂੰ ਬਾਹਵਾਂ ਵਿਚ ਲੈ ਕੇ ਰੋ ਰਹੀ ਸੀ। ਘਰਾਂ ਨੂੰ ਜਾਂਦੇ ਲੋਕ ਸੋਚ ਰਹੇ ਸਨ ਕਿ ਵੇਖਦੇ ਆਂ ਕਿ ਹੁਣ ਡੈਣ ਦਾ ਅਗਲਾ ਸ਼ਿਕਾਰ ਕਿਹੜਾ ਹੋਵੇਗਾ ? ਭਾਊ ਜੀ ਜ਼ਰਾ ਬਚ ਕੇ ?

ਠੇਕੇਦਾਰਨੀ ਲਾਜਵੰਤੀ

'ਤੈਨੂੰ ਲੱਜ ਰਤਾ ਨਾ ਆਈ, ਨਿਲੱਜੀਏ ਲਾਜਵੰਤੀਏ !'

ਹੌਲਦਾਰ ਗਿਆਨ ਸਿੰਘ ਦੀਆਂ ਪੰਜ ਬੇਟੀਆਂ ਵਿਚੋਂ ਉਹ ਸਭ ਤੋਂ ਛੋਟੀ ਸੀ। ਉਹ ਪੜ੍ਹਾਈ ਵਿਚ ਗੁਜ਼ਾਰਾ-ਵਜਾਰਾ ਹੀ ਸੀ। ਇਸ ਲਈ ਹੌਲਦਾਰ ਨੇ ਦਸਵੀਂ ਪਾਸ ਕਰਨ ਬਾਅਦ ਉਹਦਾ ਵਿਆਹ ਸਾਡੇ ਪਿੰਡ ਦੇ ਰੇਸ਼ਮ ਸਿੰਘ ਹੌਲਦਾਰ ਨਾਲ ਕਰ ਦਿੱਤਾ। ਉਹ ਮੂੰਹ-ਮੱਥੇ ਲੱਗਦੀ ਚੰਚਲ ਮੁਟਿਆਰ ਸੀ। ਪਰ ਰੇਸ਼ਮ ਸਿੰਘ ਭਾਵੇਂ ਪੁਲਿਸ ਵਿਚ ਸੀ ਫਿਰ ਵੀ ਸਾਊ ਤੇ ਠਰ੍ਹੰਮੇ ਵਾਲਾ ਇਨਸਾਨ ਸੀ। ਆਪਣੀ ਚੁਸਤ ਚਲਾਕੀ ਤੇ ਹੁਸਨ ਨਾਲ ਆਉਂਦਿਆਂ ਹੀ ਉਸਨੇ ਹੌਲਦਾਰ ਰੇਸ਼ਮ ਸਿੰਘ ਨੂੰ ਆਪਣੇ ਹੱਥੀਂ ਪਾ ਲਿਆ। ਪਹਿਲੇ ਸਾਲ ਤਾਂ ਉਸਨੇ ਆਪਣੀ ਸੱਸ ਤੇ ਸਹੁਰੇ ਨੂੰ ਆਪਣੀ ਹੁਸ਼ਿਆਰੀ ਨਾਲ ਪ੍ਰਭਾਵਤ ਕੀਤਾ। ਉਹ ਇਸਦੇ ਹੱਥੀਂ ਛਾਵਾਂ ਕਰਨ ਲੱਗੇ ਤੇ ਘਰ ਬਾਹਰ ਦੇ ਹਰ ਕੰਮ ਵਿਚ ਲਾਜਵੰਤੀ ਨੂੰ ਪੁੱਛ ਕੇ ਚੱਲਣ ਲੱਗੇ। ਵਾਹਿਗੁਰੂ ਨੇ ਦੂਜੇ ਸਾਲ ਉਸਨੂੰ ਹੀਰੇ ਵਰਗਾ ਪੁੱਤਰ ਦਿੱਤਾ। ਰੇਸ਼ਮ ਸਿੰਘ ਆਪਣੇ ਮਾਪਿਆਂ ਦੀ ਇਕੋ-ਇਕ ਔਲਾਦ ਸੀ ਤੇ ਉਨ੍ਹਾਂ ਨੇ ਬੜੀ ਦੇਰ ਬਾਅਦ ਘਰ ਵਿਚ ਕਿਸੇ ਬਾਲ ਦਾ ਮੂੰਹ ਵੇਖਿਆ ਸੀ। ਲਾਜਵੰਤੀ ਦਾ ਘਰ ਵਿਚ ਹੋਰ ਟੌਹਰ ਬਣ ਗਿਆ। ਘਰ ਵਿਚ ਖ਼ੁਸ਼ੀਆਂ ਮਨਾਈਆਂ ਗਈਆਂ, ਖੁਸਰੇ ਵਾਧੂ ਨੱਚੇ ਤੇ ਭੰਡਾਂ ਨੇ ਡਾਹਢੀ ਰੌਣਕ ਲਾਈ।

ਉਸ ਦੀਆਂ ਖ਼ੁਸ਼ੀਆਂ ਅਤੇ ਵਧਾਈਆਂ ਹਾਲੇ ਚਾਲੂ ਸਨ ਜਦੋਂ ਰੇਸ਼ਮ ਦੀ ਤਰੱਕੀ ਬਤੌਰ ਏ.ਐੱਸ.ਆਈ. ਹੋ ਗਈ। ਲੜਕੇ ਨੂੰ ਭਾਗਾਂ ਵਾਲਾ ਸਮਝ ਕੇ ਉਸ ਦਾ ਨਾਮ ਭਗਵੰਤ ਰੱਖਿਆ ਗਿਆ। ਭਗਵੰਤ ਦੇ ਦੋ ਕੁ ਵਰ੍ਹੇ ਬਾਅਦ ਉਸਦੀ ਭੈਣ ਕੁਲਵੰਤ ਨੇ ਜਨਮ ਲਿਆ। ਦੋਵਾਂ ਬੱਚਿਆਂ ਨੂੰ ਦਾਦਾ-ਦਾਦੀ ਖਿਡਾਉਂਦੇ ਨਹੀਂ ਸਨ ਥੱਕਦੇ। ਉਨ੍ਹਾਂ ਨੂੰ ਇਹ ਦੋ ਖਿਡੌਣੇ ਮਿਲੇ ਸਨ ਜਿਨ੍ਹਾਂ ਨਾਲ ਉਹ ਚੱਤੇ ਪਹਿਰ ਰੁੱਝੇ ਰਹਿੰਦੇ ਸਨ। ਲਾਜਵੰਤੀ ਘਰ ਵਿਚ ਵਿਹਲੀ ਰਹਿਣ ਲੱਗ ਪਈ। ਉਸਨੇ ਪਰਿਵਾਰ ਦੀ ਆਮਦਨ ਵਧਾਉਣ ਖ਼ਾਤਰ ਘਰ ਵਿਚ ਹੀ ਕਮੇਟੀਆਂ ਦਾ ਕੰਮ ਸ਼ੁਰੂ ਕਰ ਲਿਆ। ਥੋੜ੍ਹੇ ਤੋਂ ਸ਼ੁਰੂ ਕਰਕੇ ਉਸਨੇ ਕਾਫ਼ੀ ਵਧਾ ਲਿਆ। ਆਪਣੀਆਂ ਰੋਜ਼ਮੱਰਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਪਿੰਡ ਦੀਆਂ ਜ਼ਨਾਨੀਆਂ ਉਸ ਕੋਲ ਹੁੰਮ-ਹੁਮਾ ਕੇ ਕਮੇਟੀਆਂ ਪਾਉਣ ਲੱਗੀਆਂ। ਬੋਲੀ ਵਾਲੇ ਦਿਨ ਬਹੁਤ ਰੌਣਕ ਹੁੰਦੀ ਸੀ। ਜਿਸਦੀ ਕਮੇਟੀ ਨਿਕਲਦੀ ਉਹ ਬਾਕੀ ਮੈਂਬਰਾਂ ਨੂੰ ਚਾਹ-ਪਾਣੀ ਪਿਆਉਂਦੀ ਸੀ ਤੇ ਬਾਅਦ ਵਿਚ ਲਾਜਵੰਤੀ ਵੀ ਖ਼ੁਸ਼ੀ ਨਾਲ ਬਾਕੀ ਜ਼ਨਾਨੀਆਂ ਵਿਚ ਨੱਚਦੀ ਟੱਪਦੀ ਤੇ ਬੋਲੀਆਂ ਪਾਉਂਦੀ। ਉਸਦੇ

ਮੈਂਬਰਾਂ ਦੀ ਗਿਣਤੀ ਵਧਦੀ ਗਈ।

ਲੋਕਾਂ ਦੇ ਪੈਸੇ ਉਸ ਪਾਸ ਅਮਾਨਤ ਸਨ। ਉਸਦਾ ਦਿਲ ਬੇਈਮਾਨ ਹੋ ਗਿਆ। ਉਹ ਇਕ ਦਿਨ ਬੱਚਿਆਂ ਨੂੰ ਨਾਲ ਲੈ ਕੇ ਫਗਵਾੜੇ ਚਲੀ ਗਈ, ਜਿਥੇ ਰੇਸ਼ਮ ਸਿੰਘ ਠਾਣੇਦਾਰ ਲੱਗਾ ਸੀ। ਉਸਨੇ ਲੋਕਾਂ ਨੂੰ ਕਿਹਾ ਕਿ ਉਸਦੀ ਭੈਣ ਬਿਮਾਰ ਹੈ, ਉਹ ਉਸਦਾ ਹਾਲ-ਚਾਲ ਪੁੱਛਣ ਜਾ ਰਹੀ ਹੈ। ਜਦੋਂ ਉਹ ਕਾਫ਼ੀ ਦਿਨਾਂ ਬਾਅਦ ਵੀ ਨਾ ਮੁੜੀ ਤਾਂ ਲੋਕਾਂ ਨੇ ਉਸਦੇ ਸੱਸ-ਸੌਹਰੇ ਕੋਲ ਪੁੱਛਗਿੱਛ ਤੇ ਬਾਅਦ ਵਿਚ ਫਰਿਆਦ ਕਰਨੀ ਸ਼ੁਰੂ ਕਰ ਦਿੱਤੀ ਸੀ। ਉਹ ਵਿਚਾਰੇ ਕਹਿ ਛੱਡਦੇ ਕਿ ਉਸਦੀ ਭੈਣ ਹਾਲੇ ਠੀਕ ਨਹੀਂ ਹੋਈ। ਪਰ ਜਦੋਂ ਉਨ੍ਹਾਂ ਨੂੰ ਲੋਕਾਂ ਨੇ ਬਹੁਤ ਸਤਾਉਣਾ ਸ਼ੁਰੂ ਕਰ ਦਿੱਤਾ ਤਾਂ ਉਹ ਵੀ ਤੰਗ ਆ ਕੇ ਇਕ ਦਿਨ ਰੇਸ਼ਮ ਸਿੰਘ ਕੋਲ ਫਗਵਾੜੇ ਹੀ ਚਲੇ ਗਏ ਤੇ ਘਰ ਨੂੰ ਤਾਲਾ ਲੱਗ ਗਿਆ। ਲੋਕੀ ਮਹੀਨਾ-ਦਸ ਦਿਨ ਰੌਲਾ ਰੱਪਾ ਪਾ ਕੇ ਹਟ ਗਏ ਤੇ ਗੱਲ ਆਈ ਗਈ ਹੋ ਗਈ।

ਫਗਵਾੜੇ ਜਦੋਂ ਉਸਦੇ ਸੱਸ-ਸਹੁਰਾ ਆਏ ਤਾਂ ਉਨ੍ਹਾਂ ਲਾਜਵੰਤੀ ਨੂੰ ਲੋਕਾਂ ਦੇ ਰੌਲੇ ਬਾਰੇ ਦੱਸਿਆ। ਲਾਜਵੰਤ ਨੇ ਕਿਹਾ—"ਮਾਤਾ ਜੀ ਇਨ੍ਹਾਂ ਲੋਕਾਂ ਨੇ ਮੇਰੇ ਵੀ ਹਜ਼ਾਰਾਂ ਰੁਪੈ ਦੇਣੇ ਹਨ, ਜੇਕਰ ਮੈਂ ਕਈਆਂ ਦੇ ਦੇਣੇ ਹਨ ਤਾਂ ਕਈਆਂ ਨੇ ਉਸ ਤੋਂ ਜ਼ਿਆਦਾ ਮੇਰੇ ਦੇਣੇ ਹਨ। ਇਸ ਲਈ ਤੁਸੀਂ ਚੁੱਪ ਕਰਕੇ ਵਾਪਸ ਚਲੇ ਜਾਓ ਤੇ ਘਰ ਦਾ ਖ਼ਿਆਲ ਰੱਖੋ। ਸੱਸ ਸਹਜਰਾ ਕੁਝ ਦਿਨ ਬਾਅਦ ਵਾਪਸ ਪਰਤ ਆਏ ਤਾਂ ਲੋਕਾਂ ਨਾਲ ਬਹਿਸਾਂ ਕਰਨ ਲੱਗੇ। ਉਹ ਆਪਣੀ ਨੂੰਹ ਦਾ ਪੱਖ ਪੂਰਦੇ ਹੋਏ ਲੋਕਾਂ ਨੂੰ ਦਲਾਸਾ ਦੇਣ ਲੱਗੇ ਕਿ ਜਦੋਂ ਲਾਜਵੰਤੀ ਦੇ ਪੈਸੇ ਵਾਪਸ ਆਉਣਗੇ, ਉਨ੍ਹਾਂ ਦੀ ਪਾਈ-ਪਾਈ ਮੋੜਦਿੱਤੀ ਜਾਵੇਗੀ। ਲੋਕੀ ਘਰਾਂ ਨੂੰ ਮੁੜਨ ਲੱਗੇ। ਬਸ ਫਿਰ ਕੀ ਸੀ 'ਨੌਵੀਂ ਰੂੰ ਤੇ ਤੇਰੀਂ ਕਪਾਹ'। ਲਾਜਵੰਤ ਦਾ ਮੰਤਰ ਚੱਲ ਗਿਆ ਸੀ ਤੇ ਉਹ ਸੱਸ-ਸੌਹਰੇ ਨੂੰ ਖਰਚ ਪੱਤੇ ਲਈ ਖੁੱਲ੍ਹੇ ਪੈਸੇ ਭੇਜ ਦਿੰਦੀ ਤੇ ਉਹ ਉਸਦੀ ਰਜ਼ਾ ਵਿਚ ਰਹਿਣ ਲੱਗੇ।

ਫਗਵਾੜੇ ਜਾ ਕੇ ਉਸਨੇ ਇਕ ਨਵਾਂ ਧੰਦਾ ਸ਼ੁਰੂ ਕੀਤਾ। ਉਸਦੇ ਦੋ ਜੀਜੇ ਜੋ ਸਕੇ ਭਰਾ ਵੀ ਸਨ, ਕੈਨੇਡਾ ਰਹਿੰਦੇ ਸਨ। ਉਸਨੇ ਉਨ੍ਹਾਂ ਦੀ ਮਦਦ ਨਾਲ ਬੰਦੇ ਬਾਹਰ ਵਿਦੇਸ਼ ਵਿਚ ਭੇਜਣੇ ਆਰੰਭ ਦਿੱਤੇ। ਉਸਦਾ ਇਕ ਜੀਜਾ ਫਗਵਾੜੇ ਆ ਕੇ ਬੰਦਿਆਂ ਨਾਲ ਲਾਜਵੰਤ ਦੇ ਘਰ ਗੱਲਬਾਤ ਕਰਦਾ ਤੇ ਉਨ੍ਹਾਂ ਕੋਲੋਂ ਲੱਖਾਂ ਰੁਪੈ ਲੈ ਕੇ ਉਨ੍ਹਾਂ ਨੂੰ ਨਾਲ ਹੀ ਬਾਹਰ ਕੈਨੇਡਾ ਲੈ ਜਾਂਦਾ। ਇਸ ਤਰ੍ਹਾਂ ਉਹਨੇ ਤਿੰਨਾਂ ਸਾਲਾਂ ਵਿਚ ਅੱਠ-ਦਸ ਬੰਦੇ ਬਾਹਰ ਭੇਜੇ। ਲੋਕੀ ਬਾਹਰ ਜਾਣ ਦੀ ਖ਼ਾਤਰ ਲਾਜਵੰਤ ਦੇ ਘਰ ਆਉਂਦੇ ਤੇ ਉਸ ਨਾਲ ਮੁੱਕ-ਮਕੱਈਆ ਕਰਕੇ ਉਸਦੇ ਜੀਜੇ ਦੇ ਆਉਣ ਦੀ ਉਡੀਕ ਕਰਦੇ।

ਇਕ ਵਾਰੀ ਉਸਨੇ ਅੱਠ-ਦਸ ਬੰਦਿਆਂ ਕੋਲੋਂ ਬਾਹਰ ਜਾਣ ਲਈ ਪੈਸੇ ਫੜੇ ਤੇ ਉਨ੍ਹਾਂ ਨੂੰ ਕੈਨੇਡਾ ਭੇਜਣ ਦਾ ਪ੍ਰੋਗਰਾਮ ਉਲੀਕਿਆ। ਲਾਜਵੰਤ ਬਹੁਤ ਪੈਸੇ ਆਪ ਰੱਖਣ ਲੱਗੀ ਤੇ ਜੀਜਿਆਂ ਨੂੰ ਥੋੜ੍ਹੇ ਹੀ ਮੋੜਦੀ। ਜਦੋਂ ਉਹ ਹਿਸਾਬ ਮੰਗਦੇ ਤਾਂ ਟਾਲਮਟੋਲ ਕਰ ਛੱਡਦੀ। ਉਨ੍ਹਾਂ ਨੇ ਵਿਚਾਰਿਆ ਕਿ ਬੰਦੇ ਤਾਂ ਅਸੀਂ ਆਪਣੇ-ਆਪ ਨੂੰ ਖ਼ਤਰੇ ਵਿਚ ਪਾ ਕੇ ਲਿਜਾਂਦੇ

ਹਾਂ ਤੇ ਲਾਜੋ ਕਾਹਦੇ ਪੈਸੇ ਖਿੱਚੀ ਜਾਂਦੀ ਐ ? ਲਾਜਵੰਤ ਨੂੰ ਇਹ ਗੱਲ ਚੁਭਦੀ ਸੀ ਕਿਉਂਕਿ ਉਹ ਸੋਚਦੀ ਸੀ ਕਿ ਬੰਦੇ ਤਾਂ ਉਹ ਸੱਚ-ਝੂਠ ਮਾਰ ਕੇ ਆਪ ਇਕੱਠੇ ਕਰਦੀ ਐ, ਉਸਦੇ ਜੀਜਿਆਂ ਦੀ ਜਿੰਨੀ ਕੁ ਭੂਮਿਕਾ ਹੈ, ਓਨੇ ਪੈਸੇ ਉਹ ਉਨ੍ਹਾਂ ਨੂੰ ਦੇ ਦਿੰਦੀ ਹੈ। ਇਸ ਤਰ੍ਹਾਂ ਦੋਹਾਂ ਵਿਚ ਮੱਤਭੇਦ ਵਧ ਗਿਹਾ ਸੀ। ਗੁੱਸੇ 'ਚ ਆ ਕੇ ਉਸਦੇ ਜੀਜਿਆਂ ਨੇ ਭਾਰਤ ਆਉਣਾ ਹੀ ਬੰਦ ਕਰ ਦਿੱਤਾ। ਲਾਜਵੰਤ ਨੇ ਲੋਕਾਂ ਪਾਸੋਂ ਲੱਖਾਂ ਰੁਪੈ ਹੱਥਦਸਤੀ ਫੜੇ ਸਨ। ਉਹ ਪੈਸੇ ਮੋੜਨ ਦੀ ਬਜਾਏ ਭੱਜ ਕੇ ਆਪਣੀ ਇਕ ਭੈਣ ਕੋਲ ਲੁਧਿਆਣੇ ਚਲੀ ਗਈ। ਬੱਚੇ ਉਸਨੇ ਪਿੰਡ ਭੇਜ ਦਿੱਤੇ। ਬਾਹਰ ਜਾਣ ਵਾਲੇ ਕਬੂਤਰ ਠਾਣੇਦਾਰ ਦੇ ਘਰ ਫੇਰੇ ਮਾਰਨ ਲੱਗੇ। ਉਹ ਤੰਗ ਤੇ ਪਰੇਸ਼ਾਨ ਤਾਂ ਬਹੁਤ ਹੋਇਆ। ਉਸਨੇ ਆਪਣੀ ਜਾਨ ਛੁਡਾਉਣ ਲਈ ਕਿਹਾ ਕਿ ਉਹ ਆਪਣੀ ਭੈਣ-ਜੀਜੇ ਕੋਲ ਕੈਨੇਡਾ ਚਲੇ ਗਈ ਹੈ ਤੇ ਪਤਾ ਨਹੀਂ ਕਦੋਂ ਮੁੜੇ ?

ਠਾਣੇਦਾਰ ਰੇਸ਼ਮ ਸਿੰਘ ਵਿਰੁੱਧ ਲੋਕਾਂ ਨੇ ਪੁਲਿਸ ਕੋਲ ਸ਼ਿਕਾਇਤਾਂ ਕੀਤੀਆਂ ਪਰ ਪੁਲਿਸ ਵਿਚ ਹੋਣ ਕਰਕੇ ਉਸਨੇ ਇਹ ਸ਼ਿਕਾਇਤਾਂ ਖੂੰਜੇ ਲਾ ਕੇ ਨਕਾਰਾ ਕਰ ਦਿੱਤੀਆਂ। ਉਸਦੀ ਬੇਇੱਜ਼ਤੀ ਤੇ ਬਦਨਾਮੀ ਤਾਂ ਘਰ ਵਾਲੀ ਦੇ ਕਾਰਨ ਬਹੁਤ ਹੋਈ ਪਰ ਉਹ ਘਰਵਾਲੀ ਸਾਹਮਣੇ ਕੁਸਕਣ ਦੀ ਜੁਰਅਤ ਨਹੀਂ ਸੀ ਰੱਖਦਾ। ਹਾਰ ਕੇ ਉਸਨੇ ਆਪਣੀ ਬਦਲੀ ਅੰਮ੍ਰਿਤਸਰ ਕਰਵਾ ਲਈ ਤੇ ਉਸਦਾ ਤਾਂ ਜਾ ਕੇ ਪੈਸੇ ਲੈਣ ਵਾਲੇ ਲੋਕਾਂ ਨੇ ਖਹਿੜਾ ਛੱਡਿਆ। ਅੰਮ੍ਰਿਤਸਰ ਬਦਲੀ ਸੁਣ ਕੇ ਲਾਜਵੰਤ ਬੱਚਿਆਂ ਨੂੰ ਨਾਲ ਲੈ ਕੇ ਉਸ ਪਾਸ ਪੁਲਿਸ ਕੁਆਰਟਰਾਂ ਵਿਚ ਆ ਗਈ। ਰੇਸ਼ਮ ਨਹੀਂ ਸੀ ਚਾਹੁੰਦਾ ਕਿ ਲਾਜਵੰਤੀ ਉਸ ਨਾਲ ਰਹੇ। ਪਰ ਬੱਚਿਆਂ ਦੀ ਖ਼ਾਤਰ ਉਸਨੇ ਬੇਵਸ ਹੋ ਕੇ ਉਸਨੂੰ ਕੋਲ ਰੱਖਣਾ ਮੰਨ ਲਿਆ। ਬੱਚਿਆਂ ਨੂੰ ਪੁਲਿਸ ਸਕੂਲ ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਲਾਜਵੰਤੀ ਨੇ ਇਕਦਮ ਗੁੱਛੀ ਮਾਰ ਕੇ ਚੁੱਪ ਧਾਰ ਲਈ ਤੇ ਮੌਕੇ ਦੀ ਨਜ਼ਾਕਤ ਨੂੰ ਵੇਖ ਕੇ ਘਰ ਵਿਚ ਹੀ ਦਿਨ ਕਟੀ ਕਰਨੀ ਮੁਨਾਸਬ ਸਮਝੀ। ਰੇਸ਼ਮ ਦੀ ਵਿਰੋਧਤਾ ਵੀ ਘਟ ਗਈ ਸੀ।

ਲੜਕਾ ਪੜ੍ਹਾਈ ਲਿਖਾਈ ਵਿਚ ਬਹੁਤ ਨਲਾਇਕ ਸੀ ਪਰ ਕੁੜੀ ਪੜ੍ਹਾਈ ਵਿਚ ਚੁਸਤ ਸੀ। ਲੜਕਾ ਅੱਗੇ ਪੜ੍ਹਨਾ ਵੀ ਨਹੀਂ ਸੀ ਚਾਹੁੰਦਾ ਪਰ ਉਸਨੂੰ ਜਬਰਦਸਤੀ ਕਾਲਜ ਵਿਚ ਦਾਖ਼ਲ ਕਰਵਾ ਕੇ ਹੋਸਟਲ ਭੇਜ ਦਿੱਤਾ ਗਿਆ। ਲੜਕੀ ਪੜ੍ਹਨਾ ਚਾਹੁੰਦੀ ਸੀ ਪਰ ਉਸਨੂੰ ਹਟਾ ਕੇ ਘਰ ਬਿਠਾਇਆ ਗਿਆ। ਘਰ ਵਿਚ ਉਹੀ ਹੋ ਸਕਦਾ ਸੀ ਜੋ ਲਾਜਵੰਤ ਨੂੰ ਕਾਬਲੇ ਕਬੂਲ ਹੋਵੇ। ਹੁਣ ਮਾਵਾਂ-ਧੀਆਂ ਸਾਰਾ ਦਿਨ ਇਕੱਲੀਆਂ ਹੀ ਘਰ ਰਹਿਣ ਲੱਗੀਆਂ। ਉਸਦੀ ਲੜਕੀ ਪਿੰਕੀ ਜੋ ਕਿ ਮਾਂ ਵਰਗੀ ਸੁੰਦਰ ਤੇ ਪਿਉ ਵਰਗੀ ਲੰਮੀ ਉੱਚੀ ਸੀ। ਰੇਸ਼ਮ ਦਾ ਇਕ ਯਾਰ ਠਾਣੇਦਾਰ ਉਸਦੇ ਘਰ ਆਮ ਆਉਂਦਾ ਜਾਂਦਾ ਸੀ, ਖ਼ਾਸ ਕਰਕੇ ਜਦੋਂ ਰੇਸ਼ਮ ਘਰ ਵਿਚ ਨਹੀਂ ਸੀ ਹੁੰਦਾ। ਉਸਦੀ ਲਾਜਵੰਤੀ ਨਾਲੋਂ ਨੇੜਤਾ ਵੱਧ ਗਈ। ਉਹ ਕਿਸੇ ਨਾ ਕਿਸੇ ਬਹਾਨੇ ਮਾਵਾਂ-ਧੀਆਂ ਨੂੰ ਘਰੋਂ ਬਾਹਰ ਲੈ ਜਾਂਦਾ ਤੇ ਉਨ੍ਹਾਂ ਦੀ ਮੁਲਾਕਾਤ ਵੱਖ-ਵੱਖ ਪੁਲਿਸ ਅਫ਼ਸਰਾਂ ਨਾਲ ਕਰਾਉਂਦਾ। ਪੁਲਿਸ ਅਫ਼ਸਰ ਮਾਵਾਂ ਧੀਆਂ ਵੱਲ ਵੇਖ ਕੇ ਲਾਲਾਂ ਟਪਕਾਉਂਦੇ ਅਤੇ ਉਨ੍ਹਾਂ ਦੀ ਸੰਗਤ ਮਾਣਦੇ। ਜਦੋਂ ਲਾਜਵੰਤੀ ਦੀ ਆਪਣੀ ਅਫ਼ਸਰਾਂ ਨਾਲ ਵਾਕਫ਼ੀਅਤ

ਹੋ ਗਈ ਤਾਂ ਉਹ ਬਿਨਾਂ ਕਿਸੇ ਵਿਚੋਲੇ ਦੇ ਸਿੱਧੀ ਉੱਚੇ ਪੁਲਿਸ ਅਫ਼ਸਰਾਂ ਕੋਲ ਜਾਣ ਲੱਗੀ। ਉਸਦੀ ਵਾਕਫ਼ੀਅਤ ਦਾ ਘੇਰਾ ਦਿਨੋ-ਦਿਨ ਚੌੜਾ ਹੋ ਰਿਹਾ ਸੀ। ਪੁਲਿਸ ਮੁਲਾਜ਼ਮ ਤੇ ਅਫ਼ਸਰ ਉਸਦੇ ਘਰ ਬਦਲੀ ਜਾਂ ਤਰੱਕੀ ਖ਼ਾਤਰ ਆਉਣ ਲੱਗੇ ਤੇ ਲਾਜਵੰਤੀ ਉਨ੍ਹਾਂ ਕੋਲੋਂ ਮੋਟੀਆਂ ਰਕਮਾਂ ਲੈ ਕੇ ਉਨ੍ਹਾਂ ਦੇ ਅਟਕੇ ਕੰਮ ਕਰਵਾ ਦਿੰਦੀ। ਅਫ਼ਸਰ ਲੋਕ ਹੁਣ ਮਾਂ ਨਾਲੋਂ ਧੀ ਦੇ ਵਧੇਰੇ ਮੰਨਦੇ ਸਨ। ਲਾਜਵੰਤ ਨੇ ਇਸੇ ਹੀ 'ਸਿਫਾਰਸ਼' ਨਾਲ ਰੇਸ਼ਮ ਸਿੰਘ ਨੂੰ ਛੋਟੇ ਤੋਂ ਵੱਡਾ ਠਾਣੇਦਾਰ ਬਣਾ ਦਿੱਤਾ ਸੀ।

ਉਹ ਹੁਣ ਸਰਕਾਰੀ ਰਿਹਾਇਸ਼ ਛੱਡ ਕੇ ਇਕ ਨਵੀਂ ਖ਼ਰੀਦੀ ਕੋਠੀ ਵਿਚ ਰਹਿਣ ਲੱਗੇ। ਪੁਲਿਸ ਵਿਚ ਰੇਸ਼ਮ ਸਿੰਘ ਦੀ ਵੀ ਬਹੁਤ ਚਲਦੀ ਸੀ। ਅਫ਼ਸਰ ਉਸਨੂੰ ਬਹੁਤ ਸਹੂਲਤਾਂ ਤੇ ਖੁੱਲ੍ਹਾਂ ਦੇ ਕੇ ਨਿਵਾਜਦੇ ਸਨ। ਇਹ ਸਾਰਾ ਲਾਜਵੰਤੀ ਤੇ ਉਸਦੀ ਧੀ ਪਿੰਕੀ ਦਾ ਪ੍ਰਤਾਪ ਸੀ। ਉਧਰ ਰਾਜਨ, ਪਿੰਕੀ ਦਾ ਭਰਾ ਕਾਲਜ ਤੋਂ ਕਈ-ਕਈ ਦਿਨ ਗ਼ਾਇਬ ਰਹਿੰਦਾ ਤੇ ਅਵਾਰਾਗਰਦੀ ਕਰਦਾ ਰਹਿੰਦਾ। ਰੇਸ਼ਮ ਸਿੰਘ ਨੇ ਆਪਣੇ ਸਾਂਢੂਆਂ ਦੀ ਮਦਦ ਨਾਲ ਉਸਨੂੰ ਕੈਨੇਡਾ ਆਪਣੇ ਮਾਸੜਾਂ ਕੋਲ ਭੇਜ ਦਿੱਤਾ ਤੇ ਉਹ ਹਰ ਰੋਜ਼ ਦੇ ਮੁੰਡੇ ਦੇ ਉਲ੍ਹਾਮਿਆਂ ਤੋਂ ਬਚ ਗਿਆ।

ਪਿੰਕੀ ਨੂੰ ਉਸਦੀ ਮਾਂ ਨੇ ਜਬਰੀ ਆਪਣੇ ਧੰਦੇ ਵਿਚ ਪਾਇਆ ਸੀ। ਉਹ ਕਦੀ-ਕਦੀ ਆਪਣੇ ਭਵਿੱਖ ਬਾਰੇ ਚਿੰਤਤ ਹੁੰਦੀ ਤੇ ਆਪਣੀ ਮਾਂ ਦੇ ਚੁੰਗਲ ਵਿਚੋਂ ਨਿਕਲਣ ਦੀ ਕੋਸ਼ਿਸ਼ ਕਰਦੀ ਪਰ ਉਸਨੂੰ ਕੋਈ ਰਸਤਾ ਨਹੀਂ ਸੀ ਲੱਭ ਰਿਹਾ। ਉਹ ਵਿਆਹ ਕਰਾਉਣਾ ਚਾਹੁੰਦੀ ਸੀ ਪਰ ਉਸਦੀ ਮਾਂ ਉਸਨੂੰ ਸ਼ਾਦੀ ਵਾਲੇ ਪਾਸੇ ਆਉਣ ਤੋਂ ਰੋਕਦੀ ਸੀ। ਉਸਦਾ ਪਿਤਾ ਵੀ ਉਸਨੂੰ ਜਲਦ ਵਿਆਹੁਣਾ ਲੋਚਦਾ ਸੀ ਪਰ ਲਾਜਵੰਤੀ ਦੀ ਪ੍ਰਵਾਨਗੀ ਤੋਂ ਬਿਨਾਂ ਘਰ ਵਿਚ ਪੱਤਾ ਵੀ ਨਹੀਂ ਸੀ ਹਿੱਲ ਸਕਦਾ। ਉਹ ਨਾਂ ਦਾ ਹੀ ਘਰਵਾਲਾ ਸੀ, ਘਰ ਦੀ ਵਾਗਡੋਰ ਪੂਰੀ ਲਾਜਵੰਤੀ ਦੇ ਹੱਥ ਸੀ। ਘਰ ਵਾਲਿਆਂ ਦੀ ਬੇਰੁਖੀ ਤੇ ਅਣਗਹਿਲੀ ਤੋਂ ਤੰਗ ਆ ਕੇ ਇਕ ਦਿਨ ਪਿੰਕੀ ਨੇ ਇਕ ਪੁਲਿਸ ਇੰਸਪੈਕਟਰ ਦੇ ਮੁੰਡੇ ਨਾਲ ਚੋਰੀ ਅਦਾਲਤੀ ਸ਼ਾਦੀ ਕਰ ਲਈ ਤੇ ਘਰੋਂ ਭੱਜ ਗਈ। ਮੁੰਡਾ ਵੀ ਪੁਲਿਸ ਵਿਚ ਸੀ। ਲਾਜਵੰਤੀ ਨੇ ਗ਼ੁੱਸੇ ਵਿਚ ਆ ਕੇ ਉਸਨੂੰ ਘਰੋਂ ਬਾਹਰ ਹੀ ਰਹਿਣ ਦਾ ਫ਼ੁਰਮਾਨ ਛੱਡਿਆ। ਪਰ ਰੇਸ਼ਮ ਸਿੰਘ ਵਿਚੋਂ ਖ਼ੁਸ਼ ਸੀ ਕਿ ਉਸਦੀ ਲੜਕੀ ਚੰਗੇ ਘਰ ਚਲੀ ਗਈ ਹੈ, ਭਾਵੇਂ ਉਸਨੂੰ ਘਰ ਵਿਚ ਸੱਦਣ ਦੀ ਉਸ ਵਿਚ ਹਿੰਮਤ ਨਹੀਂ ਸੀ।

ਪਿੰਕੀ ਦੇ ਘਰੋਂ ਜਾਣ ਨਾਲ ਲਾਜਵੰਤ ਦਾ ਦਬਦਬਾ ਤੇ ਕਸ਼ਿਸ਼ ਅੱਧੀ ਰਹਿ ਗਈ। ਪਿੰਕੀ ਤੋਂ ਬਗ਼ੈਰ ਅਫ਼ਸਰ ਲੋਕ ਉਸ ਤੋਂ ਕੰਨੀਂ ਕਤਰਾਉਣ ਲੱਗੇ। ਉਹ ਹੌਲੀ-ਹੌਲੀ ਖੋਟਾ ਪੈਸਾ ਹੁੰਦੀ ਜਾ ਰਹੀ ਸੀ। ਰੇਸ਼ਮ ਸਿੰਘ ਤੇ ਲਾਜਵੰਤੀ ਵਿਚਕਾਰ ਰੋਜ਼ ਲੜਾਈ ਝਗੜਾ ਤੇ ਬੋਲਬੁਲਾਰਾ ਹੋਣ ਲੱਗਾ। ਘਰ ਵਿਚ ਬੱਚਿਆਂ ਨਾਲ ਜੋ ਵਾਪਰਿਆ, ਉਸਦਾ ਜ਼ਿੰਮੇਵਾਰ ਉਹ ਇਕ ਦੂਜੇ ਨੂੰ ਠਹਿਰਾਉਣ ਲੱਗੇ। ਘਰ ਵਿਚ ਨਾ ਚੱਲਣ ਕਾਰਨ, ਰੇਸ਼ਮ ਸਿੰਘ ਘਰ ਛੱਡ ਕੇ ਫਿਰ ਪੁਲਿਸ ਰਿਹਾਇਸ਼ ਵਿਚ ਚਲਾ ਗਿਆ। ਲਾਜਵੰਤੀ ਘਰ ਵਿਚ ਇਕੱਲੀ ਰਹਿ

ਗਈ। ਉਸਨੇ ਇਕ ਵਾਰੀ ਖ਼ੁਦਕੁਸ਼ੀ ਦਾ ਵੀ ਨਾਟਕ ਰਚਿਆ ਪਰ ਗੁਆਂਢੀਆਂ ਨੇ ਰੌਲਾ ਸੁਣ ਕੇ ਬਚਾ ਲਿਆ। ਇਨ੍ਹੀਂ ਦਿਨੀਂ ਉਸਦਾ ਹਾਲ ਪੁੱਛਣ ਦੇ ਬਹਾਨੇ ਇਕ ਪੁਰਾਣਾ ਵਾਕਫ਼ਕਾਰ ਉਸਦੇ ਘਰ ਆਇਆ। ਉਹ ਵੀ ਦੁਖੀ ਸੀ ਕਿਉਂਕਿ ਉਸਦੀ ਘਰਵਾਲੀ ਪੂਰੀ ਹੋ ਚੁੱਕੀ ਸੀ। ਲਾਜਵੰਤੀ ਨੇ ਉਸ ਵੱਲ ਫਿਰ ਦੋਸਤੀ ਦਾ ਹੱਥ ਵਧਾਇਆ। ਦੋਵਾਂ ਨੇ ਇਕੱਠੇ ਰਹਿਣ ਲਈ ਸਕੀਮ ਬਣਾ ਲਈ। ਲਾਜਵੰਤੀ ਨੇ ਰੇਸ਼ਮ ਸਿੰਘ ਨੂੰ ਤਲਾਕ ਦੀ ਪੇਸ਼ਕਸ਼ ਕੀਤੀ ਜੋ ਉਸਨੇ 'ਰੱਬੀ ਦਾਤ' ਸਮਝ ਕੇ ਪਰਵਾਨ ਕਰ ਲਈ। ਦੋਵਾਂ ਲਈ ਰਸਤਾ ਮੋਕਲਾ ਹੋ ਗਿਆ। ਉਹ ਆਪਣਾ ਗਹਿਣਾ ਗੱਟਾ ਤੇ ਨਕਦੀ ਲੈ ਕੇ ਉਸ ਪੱਦ ਮੁਕਤ ਠਾਣੇਦਾਰ ਦੇ ਘਰ ਚਲੀ ਗਈ ਤੇ ਘਰ ਦੀਆਂ ਚਾਬੀਆਂ ਰੇਸ਼ਮ ਸਿੰਘ ਨੂੰ ਪੁਚਾ ਦਿੱਤੀਆਂ ਗਈਆਂ।

ਰੇਸ਼ਮ ਸਿੰਘ ਲਾਜਵੰਤੀ ਕੋਲੋਂ ਰਿਹਾਅ ਹੋ ਕੇ ਅਤਿਅੰਤ ਖ਼ੁਸ਼ ਹੋਇਆ। ਉਹ ਘਰ ਪਰਤਿਆ। ਲੜਕੇ ਨਾਲ ਤਾਂ ਪਹਿਲਾਂ ਹੀ ਉਸਦਾ ਰਾਬਤਾ ਕਾਇਮ ਸੀ। ਹੁਣ ਉਸਨੇ ਲੜਕੀ ਤੇ ਉਸਦੇ ਪਤੀ ਨੂੰ ਘਰ ਆਉਣ ਦਾ ਸੱਦਾ ਦਿੱਤਾ। ਪਿੰਕੀ ਵੀ ਘਰ ਆਉਣਾ ਚਾਹੁੰਦੀ ਸੀ। ਮਾਂ ਦੇ ਜਾਣ ਦੀ ਖ਼ਬਰ ਸੁਣ ਕੇ ਉਹ ਦੁਖੀ ਵੀ ਹੋਈ ਸੀ ਪਰ ਖ਼ੁਸ਼ ਵੀ ਹੋਈ ਕਿਉਂਕਿ ਉਹ ਆਪਣੇ ਪਿਤਾ ਨੂੰ ਖ਼ੁਸ਼ ਵੇਖਣਾ ਚਾਹੁੰਦੀ ਸੀ। ਉਸਨੇ ਪਿਤਾ ਦੀ ਦੁਰਗਤ ਹੁੰਦੀ ਤਾਂ ਹਮੇਸ਼ਾ ਹੀ ਵੇਖੀ ਸੀ ਪਰ ਅੱਜ ਉਸਨੂੰ ਪਹਿਲੇ ਦਿਨ ਖ਼ੁਸ਼ ਵੇਖ ਕੇ ਉਹ ਵੀ ਘੁੱਟ-ਘੁੱਟ ਪਿਤਾ ਦੇ ਗਲ ਲੱਗ ਰਹੀ ਸੀ। ਰੇਸ਼ਮ ਸਿੰਘ ਇਸ ਖੇੜੇ ਦੇ ਆਲਮ ਵਿਚ ਰਾਜਨ ਨੂੰ ਕੈਨੇਡਾ ਫੋਨ ਕਰਕੇ ਪਿੰਕੀ ਦੇ ਆਉਣ ਦੀ ਖ਼ਬਰ ਦੇ ਰਿਹਾ ਸੀ। ਪਿੰਕੀ ਵੀ ਫੋਨ ਫੜ ਕੇ ਰਾਜਨ ਨੂੰ ਜਲਦੀ ਭਾਰਤ ਆਉਣ ਬਾਰੇ ਕਹਿ ਰਹੀ ਸੀ ਕਿਉਂਕਿ ਉਸਨੇ ਉਹਦੇ ਵਾਸਤੇ ਆਪਣੀ ਇਕ ਸਹੇਲੀ ਨੂੰ ਭਾਬੀ ਬਣਾਉਣ ਬਾਰੇ ਸੋਚ ਰੱਖਿਆ ਸੀ।

ਕੁਦੇਸਣਾਂ

'ਸ਼ਰੀਕਾਂ ਦੇ ਦਾਣੇ, ਢਿੱਡ ਦੁਖਦਿਆਂ ਵੀ ਖਾਣੇ !'

ਧੰਨਾ, ਮੰਨਾ ਤੇ ਚੰਨਾ, ਨੱਥਾ ਸਿੰਘ ਬੇ-ਜ਼ਮੀਨੇ ਦੇ ਤਿੰਨ ਪੁੱਤਰ ਸਨ ਤੇ ਬੀਰੋ ਤੇ ਸ਼ੀਰੋ ਉਹਦੀਆਂ ਬੇਟੀਆਂ ਸਨ। ਕੋਈ ਜੱਟ ਜ਼ਿਮੀਂਦਾਰ ਬੇਜਮੀਰਾ ਹੋਵੇ ਤਾਂ ਸਰ ਜਾਂਦਾ ਹੈ ਪਰ ਬੇਜ਼ਮੀਨਾ ਹੋਣ ਨਾਲ ਗੱਡੀ ਨਹੀਂ ਚਲਦੀ। ਨੱਥਾ ਸਿੰਘ ਦੀਆਂ ਬੇਟੀਆਂ ਤਾਂ ਜਿਵੇਂ-ਕਿਵੇਂ ਵਿਆਹੀਆਂ ਗਈਆਂ ਪਰ ਬੇਜ਼ਮੀਨਾ ਹੋਣ ਕਰਕੇ ਕੋਈ ਵੀ ਲੜਕਾ ਵਿਆਹਿਆ ਨਾ ਗਿਆ। ਵੱਡੇ ਲੜਕੇ ਧੰਨੇ ਨੂੰ ਕਈਆਂ ਰਿਸ਼ਤਿਆਂ ਦੀ ਦੱਸ ਵੀ ਪਈ ਸੀ ਪਰ ਓੜਕ ਜਦੋਂ ਜ਼ਮੀਨ ਦਾ ਵੇਰਵਾ ਆਉਂਦਾ ਤਾਂ ਗੱਡੀ ਉਥੇ ਹੀ ਰੁਕ ਜਾਂਦੀ ਸੀ ਅਤੇ ਵਿਚੋਲਾ ਹੱਥ ਖੜ੍ਹੇ ਕਰ ਦਿੰਦਾ ਸੀ। ਉਸਦੀਆਂ ਭੈਣਾਂ ਦੇ ਵਿਆਹ ਵੀ ਬੜੀ ਮੁਸ਼ਕਲ ਨਾਲ ਮਸਾਂ ਗਰੀਬ ਘਰਾਂ ਵਿਚ ਹੀ ਹੋਏ ਸਨ। ਉਨ੍ਹਾਂ ਨੇ ਆਪਣੇ ਭਰਾ ਦਾ ਘਰ ਵਸਾਉਣ ਦੀ ਸਿਰਤੋੜ ਕੋਸ਼ਿਸ਼ ਕੀਤੀ ਪਰ ਕੋਈ ਨਾ ਕੋਈ ਭਾਨੀ ਵੱਜਣ ਕਾਰਨ ਗੱਲ ਉਥੇ ਦੀ ਉਥੇ ਰਹਿ ਜਾਂਦੀ ਸੀ।

ਧੰਨਾ ਤੇ ਉਸਦੇ ਭਰਾ ਘਰ ਦੀ ਗ਼ਰੀਬੀ ਕਾਰਨ ਪੜ੍ਹ ਨਹੀਂ ਸਨ ਸਕੇ। ਕੋਈ ਵੀ ਸਤਵੀਂ-ਅਠਵੀਂ ਤੋਂ ਅੱਗੇ ਨਹੀਂ ਸੀ ਜਾ ਸਕਿਆ। ਉਸਦੇ ਦਾਦੇ ਦੇ ਦੋ ਟੱਬਰ ਸਨ ਤੇ ਨੱਥਾ ਸਿੰਘ ਪਹਿਲੀ ਜ਼ਨਾਨੀ ਵਿਚੋਂ ਸੀ। ਉਸਦੇ ਦਾਦੇ ਨੇ ਦੂਜੀ ਦਾਦੀ ਦੇ ਚੁੰਗਲ ਵਿਚ ਆ ਕੇ ਨੱਥਾ ਸਿੰਘ ਦੀ ਮਾਂ ਜੋ ਉਸਦੀ ਪਹਿਲੀ ਵਿਆਹੁਤਾ ਪਤਨੀ ਸੀ, ਉਸਨੂੰ ਘਰੋਂ ਕੱਢ ਕੇ ਬੇਦਖਲ ਕਰ ਦਿੱਤਾ ਸੀ। ਹੱਕ ਰਸੀ ਦਾ ਮੁਕੱਦਮਾ ਵੀ ਚਲਦਾ ਰਿਹਾ ਪਰ ਉਨ੍ਹਾਂ ਦੇ ਪਿੜ ਪੱਲੇ ਕੁਝ ਨਾ ਪਿਆ। ਨੱਥਾ ਸਿੰਘ ਤੇ ਉਸਦੀ ਮਾਂ ਕਚਹਿਰੀਆਂ ਵਿਚ ਹੀ ਰੁਲ ਗਏ ਸਨ। ਸਿਰ ਘੱਟਾ ਹੀ ਪਿਆ ਸੀ ਜੋ ਕਿ ਸਾਰੀ ਉਮਰ ਨਾ ਨਿਕਲ ਸਕਿਆ। ਜਿਸ ਦਿਨ ਨੱਥਾ ਸਿੰਘ ਦੀ ਮਾਂ ਦੇ ਖ਼ਿਲਾਫ਼ ਫ਼ੈਸਲਾ ਹੋਇਆ ਸੀ ਉਹ ਸੁਣਦਿਆਂ ਹੀ ਦਮ ਤੋੜ ਗਈ ਸੀ ਤੇ ਨੱਥਾ ਸਿੰਘ ਡਾਵਾਂਡੋਲ ਹੋ ਗਿਆ ਸੀ। ਜਦੋਂ ਧੰਨੇ ਦੇ ਰਿਸ਼ਤਿਆਂ ਦੀਆਂ ਭਾਨੀਆਂ ਵੱਜਦੀਆਂ ਸਨ ਤਾਂ ਉਸਦੇ ਦਿਲ ਦਾ ਰੁੱਗ ਭਰਿਆ ਜਾਂਦਾ ਸੀ। ਉਹ ਵੀ ਆਪਣੇ ਪੁੱਤਰਾਂ ਦਾ ਘਰ ਵਸਾਉਣ ਨੂੰ ਤਰਸਦਾ ਇਸ ਫਾਨੀ ਜਹਾਨ ਤੋਂ ਕੂਚ ਕਰ ਗਿਆ ਸੀ।

ਪਿੱਛੇ ਰਹਿ ਗਏ ਸਨ ਤਿੰਨੇ ਭਰਾ ਸ਼ਰੀਕਾਂ ਦੇ ਤਾਹਨੇ-ਮਿਹਣੇ ਖਾਣ ਨੂੰ। ਪਿੰਡ ਵਾਲੇ ਤੇ ਕਈ ਰਿਸ਼ਤੇਦਾਰ ਉਨ੍ਹਾਂ ਨਾਲ ਹਮਦਰਦੀ ਤਾਂ ਕਰਦੇ ਸਨ ਪਰ ਇਮਦਾਦ ਨਹੀਂ। ਆਪ ਧੰਨਾ ਟਰੱਕ ਚਲਾਉਣ ਲੱਗ ਗਿਆ ਸੀ ਤੇ ਉਸਦੇ ਭਰਾ ਸ਼ਹਿਰ ਕਾਰਖ਼ਾਨਿਆਂ ਵਿਚ ਮਾੜੇ

ਮੋਟੇ ਕੰਮ ਕਰਨ ਲੱਗ ਪਏ ਸਨ। ਉਨ੍ਹਾਂ ਦੇ ਮਾਮਾ-ਮਾਮੀ ਉਨ੍ਹਾਂ ਨਾਲ ਤੇਹ ਕਰਦੇ ਸਨ ਪਰ ਜਦੋਂ ਉਹ ਵੀ ਚੱਲ ਵੱਸੇ ਤਾਂ ਪਿੱਛੇ ਉਨ੍ਹਾਂ ਦੇ ਮਮੇਰੇ ਭਰਾ ਵੀ ਸ਼ਰੀਕ ਬਣ ਬੈਠੇ ਸਨ। ਕਹਿਣ ਨੂੰ ਤਾਂ ਨੱਥਾ ਸਿੰਘ ਦਾ ਪਰਿਵਾਰ ਜ਼ਿਮੀਂਦਾਰਾ ਸੀ ਪਰ ਉਨ੍ਹਾਂ ਦੀ ਮਾਇਕ ਤੇ ਸਮਾਜਕ ਹਾਲਤ ਬਹੁਤ ਪਤਲੀ ਪੈ ਗਈ ਸੀ। ਪਿੰਡ ਦੇ ਕਈ ਕੰਮੀਂ ਉਨ੍ਹਾਂ ਨਾਲੋਂ ਵਧੀਆ ਰੋਟੀ ਖਾਂਦੇ ਸਨ। ਕਈ ਵੇਰ ਲੋਕਾਂ ਦੀਆਂ ਚੁਭਵੀਆਂ ਸੁਣ ਕੇ ਉਨ੍ਹਾਂ ਦਾ ਪਿੰਡ ਛੱਡ ਕੇ ਸ਼ਹਿਰ ਵੱਸਣ ਨੂੰ ਦਿਲ ਕਰਦਾ ਸੀ ਪਰ ਕੋਈ ਪੱਕਾ ਹੀਲਾ-ਵਸੀਲਾ ਨਾ ਹੋਣ ਕਰਕੇ ਸਾਰੀਆਂ ਸਲਾਹਾਂ ਵਿਚੇ ਰਹਿ ਜਾਂਦੀਆਂ ਸਨ।

ਧੰਨਾ ਜਿਸ ਕੰਪਨੀ ਵਿਚ ਲੱਗਾ ਸੀ ਉਨ੍ਹਾਂ ਦੇ ਟਰੱਕ ਬੰਬਈ-ਕਲਕੱਤੇ ਵੀ ਆਇਆ ਜਾਇਆ ਕਰਦੇ ਸਨ। ਧੰਨਾ ਵੀ ਕਈ ਵਾਰ ਇਨ੍ਹਾਂ ਸ਼ਹਿਰਾਂ ਵਿਚ ਜਾਂਦਾ-ਆਉਂਦਾ ਸੀ। ਛੜਾ ਮਲੰਗ ਜਾਣ ਕੇ ਉਸਦੇ ਇਕ ਡਰਾਈਵਰ ਸਾਥੀ ਨੇ ਉਸਦਾ ਗੰਢ-ਤੁਪ ਇਕ ਬੰਗਾਲਣ ਕੁੜੀ ਨਾਲ ਕਰਵਾ ਦਿੱਤਾ। ਕੁੜੀ ਦੇ ਪਿਉ ਨੇ ਪੰਜ ਹਜ਼ਾਰ ਰੁਪੈ ਲੈ ਕੇ ਆਪਣੀ ਕੁੜੀ ਧੰਨੇ ਨਾਲ ਤੋਰ ਦਿੱਤੀ। ਧੰਨਾ ਚਾਈਂ-ਚਾਈਂ ਉਸਨੂੰ ਘਰਵਾਲੀ ਬਣਾ ਕੇ ਪਿੰਡ ਲੈ ਆਇਆ। ਸਾਰੇ ਪਿੰਡ ਵਿਚ ਧੁੰਮ ਗਿਆ ਕਿ ਧੰਨੇ ਨੇ ਕੁਦੇਸਣ ਲਿਆਂਦੀ ਹੈ। ਧੰਨੇ ਦੇ ਘਰ ਰੋਟੀ ਦਾ ਬੜਾ ਵਿਗੋਚਾ ਸੀ। ਰੋਟੀ ਪਾਣੀ ਆਪ ਹੀ ਕਰਦੇ ਸਨ, ਕਿਉਂਕਿ ਉਨ੍ਹਾਂ ਦੇ ਘਰ ਕੋਈ ਜ਼ਨਾਨੀ ਕੰਮ ਕਰਨ ਤੋਂ ਝਿਜਕਦੀ ਸੀ। ਕੁਝ ਦਿਨ ਜ਼ਨਾਨੀਆਂ ਕੰਮ ਕਰਦੀਆਂ ਤੇ ਫਿਰ ਲੋਕਾਂ ਦੀਆਂ ਗੱਲਾਂ-ਬਾਤਾਂ ਸੁਣ ਕੇ ਕੰਮ ਛੱਡ ਜਾਂਦੀਆਂ ਸਨ। 'ਛੜਿਆਂ ਦੀ ਮਾਂ ਮਰ ਗਈ ਕੋਈ ਹਿਰਖ ਕਰਨ ਨਾ ਜਾਵੇ'। ਧੰਨੇ ਦੀ ਪਤਨੀ ਆਉਣ ਨਾਲ ਉਨ੍ਹਾਂ ਦੀ ਰੋਟੀ ਦਾ ਮਸਲਾ ਹੱਲ ਹੋ ਗਿਆ ਸੀ। ਕੁਝ ਦਿਨ ਰਹਿ ਕੇ ਧੰਨਾ ਫਿਰ ਆਪਣੇ ਕੰਮ 'ਤੇ ਚਲਾ ਗਿਆ ਤੇ ਸੀਮਾ (ਕੁਦੇਸਣ) ਨੂੰ ਪਿੱਛੇ ਭਰਾਵਾਂ ਕੋਲ ਛੱਡ ਘਰ ਛੱਡ ਗਿਆ।

ਉਸਦਾ ਛੋਟਾ ਭਰਾ ਮੰਨਾ ਬਹੁਤ ਸੋਹਣਾ ਜਵਾਨ ਨਿਕਲਿਆ ਸੀ। ਉਸ ਉਪਰ ਪਿੰਡ ਦੀਆਂ ਕਈ ਕੁੜੀਆਂ ਮਰਦੀਆਂ ਸਨ। ਪਿੰਡ ਦੀ ਕਿਸੇ ਕੁੜੀ ਨਾਲ ਤਾਂ ਮੰਨੇ ਦਾ ਵਿਆਹ ਹੋ ਨਹੀਂ ਸੀ ਸਕਦਾ ਇਸ ਲਈ ਉਹ ਬਹੁਤੀ ਗੂੜ੍ਹੀ ਯਾਰੀ ਨਹੀਂ ਸੀ ਲਾਉਂਦਾ। ਲੜਕੀਆਂ ਨੂੰ ਅਜਿਹਾ ਅਹਿਸਾਸ ਹੋਵੇਗਾ, ਉਹ ਵੀ ਮੰਨੇ ਨੂੰ ਛੱਡ ਕੇ ਵਿਆਹੀਆਂ ਜਾਂਦੀਆਂ ਤੇ ਆਪਣੇ ਸੌਹਰੀਂ ਜਾ ਵੱਸਦੀਆਂ। ਦੋਵੇਂ ਪਾਸੇ ਕੋਈ ਗਿਲਾ ਗੁੱਸਾ ਨਹੀਂ ਸੀ ਹੁੰਦਾ। ਪਿੰਡਾਂ ਦੀ ਮਰਿਆਦਾ ਦਾ ਖ਼ਿਆਲ ਰੱਖਦਿਆਂ ਪਿੰਡ ਦੇ ਮੁੰਡੇ ਕੁੜੀਆਂ ਦੇ ਇਹ ਯਰਾਨੇ, ਪਹਿਲੇ ਹੱਲੇ ਹੀ ਟੁੱਟ ਜਾਂਦੇ ਤੇ ਹਰ ਕੋਈ ਆਪਣੇ-ਆਪਣੇ ਰਾਹ ਤੁਰ ਪੈਂਦਾ।

ਘਰ ਵਿਚ ਭਰਜਾਈ ਦੇ ਆਉਣ ਨਾਲ ਮੰਨੇ ਦਾ ਧਿਆਨ ਘਰ ਵੱਲ ਪਰਤਣ ਲੱਗਾ। ਉਸਦੇ ਸਭ ਤੋਂ ਛੋਟੇ ਭਰਾ ਚੰਨੇ ਦਾ ਹਾਲੇ ਇਨ੍ਹਾਂ ਗੱਲਾਂ ਵੱਲ ਖ਼ਿਆਲ ਨਹੀਂ ਸੀ ਆਉਂਦਾ। ਉਹ ਆਪਣੇ ਕੰਮ ਨਾਲ ਕੰਮ ਰੱਖਦਾ ਤੇ ਵਿਹਲੇ ਵੇਲੇ ਪਿੰਡ ਦੇ ਹਾਣੀਆਂ ਨਾਲ ਗੱਪਸ਼ੱਪ ਮਾਰਨ ਲਈ ਘਰੋਂ ਬਾਹਰ ਚਲਾ ਜਾਂਦਾ। ਉਨ੍ਹਾਂ ਦੀ ਭਰਜਾਈ ਟੁੱਟੀ-ਫੁੱਟੀ ਹਿੰਦੀ ਬੋਲ ਲੈਂਦੀ ਸੀ ਤੇ ਇਧਰੋਂ ਵੀ ਮੰਨਾ ਤੇ ਚੰਨਾ ਮਾੜੀ-ਮੋਟੀ ਹਿੰਦੀ ਬੋਲ ਕੇ ਕੰਮ ਚਲਾਉਣ ਲੱਗੇ। ਹਫ਼ਤੇ

ਦਸੀਂ ਦਿਨੀਂ ਧੰਨਾ ਵੀ ਪਿੰਡ ਆ ਜਾਂਦਾ ਸੀ ਤੇ ਤਿੰਨੇ ਭਰਾ ਇਕੱਠੇ ਹੋ ਕੇ ਖਾਂਦੇ-ਪੀਂਦੇ ਤੇ ਹੱਸਦੇ ਖੇਡਦੇ ਸਨ। ਘਰ ਵਿਚ ਬੜੇ ਅਰਸੇ ਬਾਅਦ ਖ਼ੁਸ਼ੀਆਂ ਨੇ ਫੇਰਾ ਪਾਇਆ ਸੀ। ਇਕ ਵਾਰੀ ਧੰਨਾ ਜਦੋਂ ਪਿੰਡ ਆਇਆ ਹੋਇਆ ਸੀ ਤਾਂ ਨੰਬਰਦਾਰ ਫਤਹਿ ਸਿੰਘ ਨੇ ਧੰਨੇ ਨੂੰ ਆਪਣੇ ਘਰ ਬੁਲਾਇਆ। ਧੰਨਾ ਨੰਬਰਦਾਰਾਂ ਦੇ ਗਿਆ ਤੇ ਬੁਲਾਉਣ ਦਾ ਸਬੱਬ ਪੁੱਛਦੇ ਹੋਏ ਕਹਿਣ ਲੱਗਾ—"ਚਾਚਾ ਦੱਸ ਕਿਵੇਂ ਬੁਲਾਇਆ ? ਸੁਖ ਤਾਂ ਹੈ ? ਨੰਬਰਦਾਰ ਨੇ ਗੰਭੀਰ ਹੋ ਕੇ ਆਖਿਆ—"ਬੁਲਾਉਣਾ ਤਾਂ ਮੈਂ ਤੈਨੂੰ ਪਿਛਲੇ ਹਫ਼ਤੇ ਸੀ ਪਰ ਤੂੰ ਘਰ ਨਹੀਂ ਸੀ। ਖ਼ੈਰ, ਗੱਲ ਇਹ ਆ ਭਾਈ ਏਹ ਤੇਰਾ ਭਰਾ ਮੰਨਾ ਠੀਕ ਨਹੀਂ ਚੱਲ ਰਿਹਾ। ਪਿਆਰਾ ਪੈਂਚ ਮੇਰੇ ਕੋਲ ਆਇਆ ਸੀ ਤੇ ਆਖਦਾ ਸੀ ਕਿ ਮੰਨਾ ਉਹਦੀ ਕੁੜੀ 'ਤੇ ਮਾੜੀ ਅੱਖ ਰੱਖਦਾ ਆ ਤੇ ਆਉਂਦੀ ਜਾਂਦੀ ਨੂੰ ਮਸ਼ਕਰੀਆਂ ਕਰਦਾ ਆ। ਮੰਨੇ ਨੂੰ ਸਮਝਾ ਭਈ ਏਦਾਂ ਪਿੰਡ ਵਿਚ ਨਹੀਂ ਕਰੀਦਾ। ਧੀਆਂ ਭੈਣਾਂ ਸਭ ਦੀਆਂ ਸਾਂਝੀਆਂ ਨੇ।" ਧੰਨੇ ਨੇ ਮੰਨੇ ਦੀ ਗੁਸਤਾਖ਼ੀ ਬਾਰੇ ਨੰਬਰਦਾਰ ਕੋਲੋਂ ਮੁਆਫ਼ੀ ਮੰਗੀ ਤੇ ਪਿਆਰੇ ਪੈਂਚ ਕੋਲ ਵੀ ਜਾ ਕੇ ਮੰਨੇ ਦੀ ਗ਼ਲਤੀ ਦਾ ਪਸ਼ਚਾਤਾਪ ਕੀਤਾ ਤੇ ਅੱਗੇ ਤੋਂ ਅਜਿਹਾ ਨਾ ਹੋਣ ਬਾਰੇ ਭਰੋਸਾ ਦਿਵਾਇਆ।

ਘਰ ਆ ਕੇ ਧੰਨੇ ਨੇ ਆਪਣੇ ਭਰਾਵਾਂ ਨੂੰ ਇਕੱਠੇ ਕੀਤਾ ਤੇ ਮੰਨੇ ਦੀ ਚੰਗੀ ਤੇਲ ਝਾੜ ਕੀਤੀ ਅਤੇ ਅੱਗੇ ਤੋਂ ਬੰਦੇ ਦਾ ਪੁੱਤ ਬਣਨ ਲਈ ਆਖਿਆ। ਮੰਨੇ ਨੇ ਰੋਂਦੇ-ਰੋਂਦੇ ਵੱਡੇ ਭਰਾ ਕੋਲੋਂ ਮੁਆਫ਼ੀ ਮੰਗੀ ਸੀ ਤੇ ਕਿਹਾ ਕਿ ਅਗਾਂਹ ਤੋਂ ਉਹਨੂੰ ਐਸੀ ਸ਼ਿਕਾਇਤ ਨਹੀਂ ਆਵੇਗੀ। ਧੰਨਾ ਵੀ ਰੋਣ ਲੱਗ ਪਿਆ ਤੇ ਦੋਵੇਂ ਭਰਾਵਾਂ ਨੇ ਇਕ ਦੂਜੇ ਦੇ ਗਲੇ ਲੱਗ ਕੇ ਦਿਲ ਦੇ ਗ਼ੁਬਾਰ ਕੱਢੇ। ਮੰਨਾ ਆਖਣ ਲੱਗਾ—"ਭਾਊ ਤੂੰ ਮੇਰਾ ਵੀ ਵਿਆਹ ਕਰਾ ਦੇ ! ਲੋਕੀ ਰਾਹ ਜਾਂਦੇ ਨੂੰ ਐਵੇਂ ਟਿੱਚਰਾਂ ਕਰਦੇ ਨੇ। ਛੇੜਦੇ ਨੇ ਭਈ ਇਹ ਭਰਜਾਈ ਨਾਲ ਰਲਿਆ ਹੋਇਐ।" ਧੰਨੇ ਨੇ ਇਸ ਬਾਰੇ ਵੀ ਕੋਈ ਕਦਮ ਚੁੱਕਣ ਦਾ ਵਾਅਦਾ ਕੀਤਾ ਤੇ ਅਗਲੇ ਦਿਨ ਸਵੇਰੇ ਹੀ ਆਪਣੇ ਕੰਮ ਚਲਾ ਗਿਆ। ਮੰਨਾ ਉਸਨੂੰ ਤੋਰਨ ਅੱਡੇ ਤੀਕ ਗਿਆ।

ਧੰਨਾ ਕਲਕੱਤੇ ਫੇਰੇ ਦੀ ਤਾਕ ਵਿਚ ਸੀ। ਅਗਲੇ ਹੀ ਦਿਨ ਉਸਨੂੰ ਕਲਕੱਤੇ ਭੇਜਿਆ ਗਿਆ। ਧੰਨਾ ਜਾਣ ਵੇਲੇ ਬਹੁਤ ਖ਼ੁਸ਼ ਸੀ। ਸਾਥੀ ਮਖ਼ੌਲ ਕਰਨ ਲੱਗੇ ਕਿ ਐਦਕੀਂ ਸੌਹਰੇ ਨੂੰ ਮਿਲ ਕੇ ਆਵੀਂ। ਪਰ ਉਹ ਤਾਂ ਪਹਿਲਾਂ ਹੀ ਉਸਨੂੰ ਮਿਲਣਾ ਚਾਹੁੰਦਾ ਸੀ।

ਕਲਕੱਤੇ ਪਹੁੰਚ ਕੇ ਗੱਡੀ ਕੰਪਨੀ ਦੀ ਟ੍ਰਾਂਸਪੋਰਟ 'ਤੇ ਲਾ ਕੇ ਉਹ ਸੌਹਰੇ ਨੂੰ ਮਿਲਣ ਚਲਾ ਗਿਆ। ਕਾਫ਼ੀ ਪੁੱਛ-ਪੁਛਾ ਕੇ ਉਹ ਇਕ ਗ਼ਰੀਬ ਜਿਹੀ ਬਸਤੀ ਵਿਚ ਪਹੁੰਚਿਆ। ਸੌਹਰੇ ਦਾ ਨਾਮ ਦੱਸ ਕੇ ਉਹ ਉਸਦੀ ਝੌਂਪੜੀ ਤਕ ਪੁੱਜ ਗਿਆ। ਜਾਂਦਿਆਂ ਉਸਦਾ ਸੌਹਰਾ ਬਿਮਾਰ ਪਿਆ ਸੀ ਤੇ ਦੋ ਲੜਕੀਆਂ ਉਸਦੇ ਲਾਗੇ ਬੈਠੀਆਂ ਕੰਮ ਧੰਦਾ ਕਰ ਰਹੀਆਂ ਸਨ। ਧੰਨੇ ਨੂੰ ਵੇਖ ਕੇ ਉਹ ਮੰਜੀ ਤੋਂ ਉਠਿਆ ਤੇ ਮੁਸਕਰਾਉਣ ਲੱਗਾ। ਧੰਨੇ ਨੇ ਨਮਸਤੇ ਬੁਲਾਈ ਤੇ ਮੰਜੇ ਦੇ ਇਕ ਪਾਸੇ ਬੈਠ ਗਿਆ। ਲੜਕੀਆਂ ਨੇ ਵੀ ਉਸਨੂੰ ਪਹਿਚਾਣਦਿਆਂ ਨਮਸਕਾਰ ਕੀਤਾ। ਧੰਨੇ ਦਾ ਸਹੁਰਾ ਰਾਮ ਪਾਲ ਪਿਛਲੇ ਦੋ ਮਹੀਨਿਆਂ ਤੋਂ ਬਿਮਾਰ ਸੀ ਤੇ ਕੋਈ ਕੰਮ ਧੰਦਾ ਨਹੀਂ ਸੀ ਕਰ ਰਿਹਾ। ਲੜਕੀਆਂ ਲਾਗਲੀ ਬਸਤੀ ਵਿਚ ਕੋਠੀਆਂ ਵਿਚ ਘਰ ਦਾ

ਕੰਮ ਕਰਨ ਜਾਂਦੀਆਂ ਸਨ ਤੇ ਪਿੱਛੇ ਰਾਮ ਪਾਲ ਇਕੱਲਾ ਹੀ ਮੰਜੀ 'ਤੇ ਪਿਆ ਰਹਿੰਦਾ ਤੇ ਝੂਰਦਾ ਰਹਿੰਦਾ। ਉਸਦੀ ਘਰਵਾਲੀ ਪਹਿਲਾਂ ਹੀ ਤਪਦਿਕ ਨਾਲ ਪੂਰੀ ਹੋ ਚੁੱਕੀ ਸੀ। ਉਸਦਾ ਕੋਈ ਲੜਕਾ ਨਾ ਹੋਣ ਕਰਕੇ ਉਸਨੂੰ ਹਰ ਰਾਤ ਲੜਕੀਆਂ ਇਕੱਲੀਆਂ ਹੋਣ ਕਰਕੇ ਘਰ ਪਰਤਣਾ ਪੈਂਦਾ ਸੀ।

ਸੁੱਖ ਸਾਂਦ ਬਾਅਦ ਰਾਮ ਪਾਲ ਨੇ ਸੀਮਾ ਬੇਟੀ ਬਾਰੇ ਪੁੱਛਿਆ। ਧੰਨੇ ਨੇ ਦੱਸਿਆ ਕਿ ਉਹ ਬਹੁਤ ਖ਼ੁਸ਼ ਹੈ ਤੇ ਮੌਜ ਬਹਾਰਾਂ ਕਰ ਰਹੀ ਹੈ। ਚਾਹ ਪੀਣ ਤੋਂ ਬਾਅਦ ਧੰਨੇ ਨੇ ਅਸਲੀ ਗੱਲ ਛੇੜੀ ਤੇ ਦੋਹਾਂ ਵਿਚੋਂ ਵੱਡੀ ਲੜਕੀ ਆਸ਼ਾ ਦੇ ਰਿਸ਼ਤੇ ਬਾਰੇ ਗੱਲ ਤੋਰੀ। ਉਸਨੇ ਕਿਹਾ ਕਿ ਜਿਵੇਂ ਆਸ਼ਾ ਸੋਹਣੀ ਸੁਨੱਖੀ ਹੈ ਉਸੇ ਤਰ੍ਹਾਂ ਉਸਦਾ ਭਰਾ ਮੰਨਾ ਬਹੁਤ ਸੁੰਦਰ ਸੁਨੱਖਾ ਤੇ ਕਾਰਖ਼ਾਨੇ ਵਿਚ ਕੰਮ ਕਰਦਾ ਹੈ। ਉਹ 3500 ਰੁਪੈ ਤਨਖਾਹ ਲੈਂਦਾ ਤੇ ਓਵਰ ਟਾਈਮ ਵੀ ਲਾਉਂਦਾ ਹੈ। ਰਾਮ ਪਾਲ ਵੀ ਚਾਹੁੰਦਾ ਸੀ ਕਿ ਉਸਦੇ ਜੀਂਦੇ ਜੀਅ ਇਨ੍ਹਾਂ ਬੇਟੀਆਂ ਦਾ ਕੋਈ ਪੱਕਾ ਪ੍ਰਬੰਧ ਹੋ ਸਕੇ। ਇਸ ਲਈ ਉਹ ਮੰਨੇ ਲਈ ਆਸ਼ਾ ਨੂੰ ਭੇਜਣ ਲਈ ਮੰਨ ਗਿਆ। ਧੰਨੇ ਨੇ ਉਸਨੂੰ ਸੱਤ ਹਜ਼ਾਰ ਨਕਦ ਦਿੱਤੇ ਅਤੇ ਹੋਰ ਵੀ ਦੇਣ ਦਾ ਵਾਅਦਾ ਕੀਤਾ। ਧੰਨਾ ਜਦੋਂ ਵਾਪਸ ਪਿੰਡ ਪਰਤਿਆ ਤਾਂ ਆਸ਼ਾ ਉਸਦੇ ਨਾਲ ਸੀ। ਸੀਮਾ ਨੇ ਵੀ ਇਸ ਰਿਸ਼ਤੇ ਬਾਰੇ ਪਹਿਲਾਂ ਕਈ ਵੇਰ ਧੰਨੇ ਨੂੰ ਆਖਿਆ ਸੀ। ਹੁਣ ਆਸ਼ਾ ਉਸਦੀ ਭੈਣ ਤੇ ਦਰਾਣੀ ਬਣ ਗਈ ਸੀ। ਵੱਡੇ ਭਰਾ ਤੇ ਭਰਜਾਈ ਸੀਮਾ ਨੇ ਇਸ ਵਿਆਹ ਦੀ ਬਹੁਤ ਖ਼ੁਸ਼ੀ ਮਨਾਈ ਸੀ। ਧੰਨੇ ਵਾਂਗ ਮੰਨੇ ਨੇ ਵੀ ਗੁਰਦੁਆਰੇ ਆਸ਼ਾ ਨਾਲ ਲਾਵਾਂ ਲਈਆਂ ਅਤੇ ਗੁਰ ਮਰਿਆਦਾ ਨਾਲ ਉਸਦਾ ਵਿਆਹ ਕੀਤਾ ਸੀ ਤੇ ਸਾਰੇ ਪਿੰਡ ਦੀ ਰੋਟੀ ਕੀਤੀ ਸੀ। ਲੋਕੀ ਗੱਲਾਂ ਕਰਦੇ— 'ਚਲੋ ਭਾਵੇਂ ਨੱਥੇ ਦੀਆਂ ਨੂੰਹਾਂ ਕੁਦੇਸਣਾਂ ਈ ਨੇ ਪਰ ਉਹਦਾ ਘਰ ਤਾਂ ਅਬਾਦ ਹੋ ਗਿਐ। ਵਾਹਵਾ ਇਕੋ ਜਿਹੀਆਂ ਨੇ ਕਾਲੀਆਂ ਪੀਲੀਆਂ ਜੱਟੀਆਂ। ਪਾਅ-ਪਾਅ ਦੀਆਂ ਅੱਖਾਂ ਨੇ ਦੋਵਾਂ ਦੀਆਂ। ਲਗਦੀਆਂ ਸਾਲੀਆਂ ਇੰਜ ਨੇ ਜਿਵੇਂ ਸਕੀਆਂ ਭੈਣਾਂ ਹੋਣ।' ਇਹ ਕਹਿ ਕੇ ਲੋਕੀ ਹੱਸਦੇ ਤੇ ਮਜ਼ਾਕ ਕਰਦੇ। ਪਰ ਧੰਨੇ ਕਿਆਂ ਨੂੰ ਇਨ੍ਹਾਂ ਮਜ਼ਾਕਾਂ ਦੀ ਕੋਈ ਪਰਵਾਹ ਨਹੀਂ ਸੀ। ਮੀਆਂ ਬੀਵੀ ਰਾਜ਼ੀ ਤੇ ਕੀ ਕਰੇਗਾ ਕਾਜ਼ੀ ?

ਸਮਾਂ ਪਾ ਕੇ ਧੰਨੇ ਤੇ ਮੰਨੇ ਦੇ ਘਰ ਕੁਝ ਵਿੱਥ ਪਾ ਕੇ ਪੁੱਤਰ ਪੈਦਾ ਹੋਏ। ਪੁੱਤਰ ਦੋਵੇਂ ਪਿਉਆਂ ਵਰਗੇ ਗੋਰੇ ਤੇ ਸੁੰਦਰ ਸਨ। ਲੋਹੜੀ ਦੇ ਮੌਕੇ ਸਾਰੇ ਪਿੰਡ ਨੂੰ ਲੋਹੜੀ ਵੰਡੀ ਗਈ ਤੇ ਸ਼ਰੀਕਾਂ ਪਿੰਡ ਵਾਲਿਆਂ ਨੂੰ ਵਾਧੂ ਦਾਰੂ ਪਿਆਈ। ਇਸ ਜਸ਼ਨ ਵਿਚ ਰਾਮ ਪਾਲ ਤੇ ਉਸਦੀ ਛੋਟੀ ਲੜਕੀ ਊਸ਼ਾ ਵੀ ਸ਼ਾਮਿਲ ਹੋਏ। ਉਹ ਪਹਿਲੀ ਵਾਰ ਪੰਜਾਬ ਕਿਸੇ ਪਿੰਡ ਵਿਚ ਆਏ ਸਨ। ਉਹ ਆਪਣੀਆਂ ਧੀਆਂ ਦੇ ਘਰ ਬਾਹਰ ਵੇਖ ਕੇ ਬਹੁਤ ਬਾਗੋ-ਬਾਗ ਹੋਏ। ਉਨ੍ਹਾਂ ਨੂੰ ਕੱਪੜੇ-ਲੱਤੇ ਦੇ ਕੇ ਸ਼ਗਨਾਂ ਵਿਹਾਰਾਂ ਨਾਲ ਵਾਪਸ ਕਲਕੱਤੇ ਤੋਰਿਆ ਗਿਆ। ਇਧਰ ਧੰਨੇ ਦੇ ਸ਼ਰੀਕ ਉਸ ਨਾਲ ਪੂਰਾ ਖੁੱਲ੍ਹ ਕੇ ਨਹੀਂ ਸਨ ਵਰਤਦੇ ਕਿਉਂਕਿ ਦੋਵਾਂ ਭਰਾਵਾਂ ਨੇ ਕੁਦੇਸਣਾਂ ਕੀਤੀਆਂ ਸਨ। ਪਰ ਭੈਣਾਂ ਦੇ ਤਾਂ ਪੈਰ ਭੁੰਜੇ ਨਹੀਂ ਸਨ ਲੱਗਦੇ। ਪਰ ਉਹ ਨਿਆਣਿਆਂ ਨਾਲ ਇਕੱਲੀਆਂ ਹੀ ਪੇਕੇ ਆਉਂਦੀਆਂ ਸਨ ਕਿਉਂਕਿ ਉਨ੍ਹਾਂ ਦੇ ਘਰ ਵਾਲੇ

ਸ਼ਰੀਕਾਂ ਵਾਂਗ ਐਵੇ ਕਿੰਤੂ-ਪਰੰਤੂ ਕਰਦੇ ਰਹਿੰਦੇ ਸਨ। ਘਰ ਵਾਲਿਆਂ ਤੋਂ ਡਰਦੇ ਉਹ ਕਦੀ ਖੁੱਲ੍ਹ ਕੇ ਉਭਾਸਰਦੇ ਨਹੀਂ ਸਨ। ਅੱਗੇ ਪਿੱਛੇ ਹੀ ਮੂੰਹ ਮਾਰਦੇ ਰਹਿੰਦੇ ਸਨ।

ਇਧਰ ਧੰਨੇ ਦਾ ਟੱਬਰ ਸ਼ਰੀਕਾਂ ਦੇ ਮਿਹਣੇ-ਤਾਹਣਿਆਂ ਦੀ ਰਤੀ ਪਰਵਾਹ ਨਹੀਂ ਸੀ ਕਰਦਾ ਕਿਉਂਕਿ ਉਨ੍ਹਾਂ ਨੇ ਲੋੜ ਜਾਂ ਮੁਸੀਬਤ ਵੇਲੇ ਇਨ੍ਹਾਂ ਦਾ ਰੱਜ ਕੇ ਤਮਾਸ਼ਾ ਵੇਖਿਆ ਸੀ। ਤਿੰਨਾਂ ਭਰਾਵਾਂ ਦੇ ਇਤਫ਼ਾਕ ਤੇ ਮਿਹਨਤ ਮਜ਼ੂਰੀ ਨੇ ਘਰ ਨੂੰ ਪੂਰਾ ਕਾਇਮ ਕਰ ਦਿੱਤਾ ਸੀ। ਉਨ੍ਹਾਂ ਪੱਕੇ ਕੋਠੇ ਪਾ ਲਏ ਸਨ ਤੇ ਸੁੱਖ ਸਹੂਲਤਾਂ ਦੀਆਂ ਬਹੁਤੀਆਂ ਚੀਜ਼ਾਂ ਘਰ ਲੈ ਆਂਦੀਆਂ ਸਨ। ਜਦੋਂ ਬੰਦਾ ਆਪਣੇ ਪੈਰੀਂ ਖੜ੍ਹਾ ਹੋਵੇ ਤਾਂ ਉਹ ਕਿਸੇ ਮਾਝੇ ਗਾਮੇ ਦੀ ਪਰਵਾਹ ਨਹੀਂ ਕਰਦਾ।

ਇਕ ਦਿਨ ਛੋਟੇ ਭਰਾ ਚੰਨੇ ਨੂੰ ਇਕ ਟੁੱਟੇ-ਭੱਜੇ ਜ਼ਿਮੀਂਦਾਰ ਦੀ ਲੜਕੀ ਦਾ ਰਿਸ਼ਤਾ ਆਇਆ। ਭਾਵੇਂ ਲੜਕੀ ਸੋਹਣੀ ਸੀ ਪਰ ਧੰਨੇ ਨੇ ਹਾਂ ਨਾ ਕੀਤੀ। ਉਹ ਭਲੀਭਾਂਤ ਜਾਣਦਾ ਸੀ ਕਿ ਜੇਕਰ ਚੰਨੇ ਦੀ ਘਰਵਾਲੀ ਦੇਸਣ ਹੋਵੇਗੀ ਤਾਂ ਉਹ ਆਪਣੀਆਂ ਜਠਾਣੀਆਂ ਨਾਲ ਨਜਾਇਜ਼ ਖਹਿਬੜੇਗੀ ਤੇ ਘਰ ਵਿਚ ਬਦਮਗਜ਼ੀ ਪੈਦਾ ਹੋਵੇਗੀ। ਉਸਦੇ ਮਾਮੇ ਦੇ ਪੁੱਤਰਾਂ ਨੇ ਵੀ ਆਪਸੀ ਮਿਲਣ ਗਿਲਣ ਦੀ ਪੇਸ਼ਕਸ਼ ਕੀਤੀ ਤਾਂ ਧੰਨੇ ਨੇ ਉਨ੍ਹਾਂ ਨੂੰ ਆਖਿਆ—'ਹੁਣ ਤੁਸੀਂ ਕਿਥੋਂ ਆ ਟਪਕੇ ਹੋ। ਪਹਿਲਾਂ ਤਾਂ ਵੱਢੀ ਉਂਗਲ 'ਤੇ ਵੀ ਨਹੀਂ ਸਨ ਮੂਤਦੇ। ਅੱਜ ਸਾਡਾ ਦਰੇਗ ਤੁਹਾਨੂੰ ਕਿਥੋਂ ਆ ਗਿਆ ਭਾਈ ਸਾਹਬ !' ਉਹ ਮੂੰਹ ਸੁੱਟ ਕੇ ਵਾਪਸ ਚਲਦੇ ਬਣੇ।

ਪਿੰਡ ਦੇ ਵਤੀਰੇ ਤੋਂ ਵੀ ਤਿੰਨੇ ਭਰਾ ਖ਼ੁਸ਼ ਨਹੀਂ ਸਨ। ਪਿੰਡ ਵਾਲੇ ਗਾਹੇ-ਬਗਾਹੇ ਚੂੰਜਾਂ ਚੋਭਾਂ ਮਾਰਦੇ ਰਹਿੰਦੇ ਸਨ। ਉਨ੍ਹਾਂ ਨੂੰ ਗੰਭੀਰਤਾ ਨਾਲ ਨਹੀਂ ਸਨ ਲੈਂਦੇ। ਇਸਦਾ ਪ੍ਰਤੀਕਰਮ ਇਹ ਹੋਇਆ ਕਿ ਤਿੰਨਾਂ ਭਰਾਵਾਂ ਨੇ ਇਕ ਦਿਨ ਸ਼ਹਿਰ ਜਾਣ ਦਾ ਇਰਾਦਾ ਬਣਾ ਲਿਆ ਤੇ ਮਕਾਨ ਵੇਚਣ ਲਾ ਦਿੱਤਾ। ਜਦੋਂ ਸਾਰੇ ਕੰਮ ਧੰਦੇ ਸ਼ਹਿਰ ਵਿਚ ਹੀ ਕਰਦੇ ਸਨ ਤਾਂ ਸ਼ਹਿਰ ਰਹਿਣ ਦਾ ਫ਼ਾਇਦਾ ਹੀ ਫ਼ਾਇਦਾ ਸੀ।

ਮਕਾਨ ਵੀ ਵਿਕ ਗਿਆ ਤੇ ਉਹ ਵੀ ਛੋਟਾ ਜਿਹਾ ਮਕਾਨ ਖਰੀਦ ਕੇ ਸ਼ਹਿਰ ਵੱਸਣ ਲੱਗੇ। ਸ਼ਹਿਰ ਦਾ ਜੀਵਨ ਵੀ ਅਜੀਬ ਹੁੰਦਾ ਹੈ। ਨਾ ਕਿਸੇ ਨਾ ਦੋਸਤੀ ਨਾ ਦੁਸ਼ਮਣੀ। ਨਾ ਕਿਸੇ ਨਾਲ ਪਿਆਰ ਤੇ ਨਾ ਈਰਖਾ। ਅਜਿਹੇ ਜੀਵਨ ਦੀ ਉਨ੍ਹਾਂ ਪਿੰਡ ਵਿਚ ਹੀ ਝਲਕ ਵੇਖ ਲਈ ਸੀ, ਇਸ ਲਈ ਉਨ੍ਹਾਂ ਦਾ ਏਥੇ ਪੂਰਾ ਜੀ ਲੱਗ ਗਿਆ ਸੀ। ਉਹ ਹੌਲੀ-ਹੌਲੀ ਪਿੰਡ ਨੂੰ ਭੁਲਾ ਰਹੇ ਸਨ।

ਇਕ ਦਿਨ ਕਲਕੱਤਿਉਂ ਚਿੱਠੀ ਆਈ। ਉਸ ਵਿਚ ਰਾਮ ਪਾਲ ਦੇ ਪੂਰੇ ਹੋਣ ਦੀ ਖ਼ਬਰ ਸੀ। ਉਸਦਾ ਸਸਕਾਰ ਉਸਦੇ ਸ਼ਰੀਕਾਂ ਨੇ ਕਰ ਦਿੱਤਾ ਸੀ ਤੇ ਊਸ਼ਾ (ਸਭ ਤੋਂ ਛੋਟੀ ਲੜਕੀ) ਮਾਮਿਆਂ ਕੋਲ ਚਲੇ ਗਈ ਸੀ।

ਚੰਨੇ ਨੂੰ ਨਿਆਣਿਆਂ ਕੋਲ ਛੱਡ ਕੇ ਆਪ ਦੋਵੇਂ ਭਰਾ ਕਲਕੱਤੇ ਪਹੁੰਚੇ ਤੇ ਸਾਰੇ ਹਾਲਾਤ ਦੀ ਜਾਣਕਾਰੀ ਲਈ। ਮਾਮਿਆਂ ਕੋਲ ਗਏ ਜੋ ਲਾਗਲੀ ਬਸਤੀ ਵਿਚ ਰਹਿੰਦੇ ਸਨ। ਪਤਾ

ਲੱਗਾ ਕਿ ਰਾਮ ਪਾਲ ਆਖ਼ਰੀ ਵੇਲੇ ਊਸ਼ਾ ਦਾ ਹੱਥ ਚੰਨੇ ਨੂੰ ਸੌਂਪ ਗਿਆ ਸੀ। ਉਸਦੀ ਇੱਛਾ ਅਨੁਸਾਰ ਊਸ਼ਾ ਨੂੰ ਨਾਲ ਲੈ ਕੇ ਸਾਰੇ ਜਣੇ ਆਪਣੇ ਸ਼ਹਿਰ ਆ ਗਏ। ਚੰਨੇ ਨੇ ਵੀ ਮਰਿਆਦਾ ਅਨੁਸਾਰ ਫੇਰੇ ਲਏ ਤੇ ਊਸ਼ਾ ਉਸਦੇ ਘਰ ਵੱਸਣ ਲੱਗੀ।

ਉਧਰ ਪਿੰਡ ਵਾਲੇ ਜਦੋਂ ਵੀ ਉਨ੍ਹਾਂ ਦੇ ਮਕਾਨ ਅੱਗੋਂ ਲੰਘਦੇ ਤਾਂ ਆਖਦੇ—ਵਾਹ ਵਾਹ ਧੰਨੇ ! ਕੁਦੇਸਣਾਂ ਨੇ ਪਿੰਡ ਵਿਚ ਰੌਣਕ ਲਾ ਰੱਖੀ ਸੀ। ਐਵੇਂ ਵਿਚਾਰੇ ਸ਼ਰੀਕਾਂ ਤੋਂ ਡਰਦੇ ਪਿੰਡ ਛੱਡ ਗਏ ਨੇ ! ਉਫ਼ !

ਨਗਰ ਨੈਣ

ਪਾਸ਼ੋ ਮਹਿੰਗੇ ਪਰਜਾਪਤ ਦੀ ਘਰਵਾਲੀ ਸੀ। ਉਹ ਭਾਵੇਂ ਬਹੁਤੀ ਸੋਹਣੀ ਨਹੀਂ ਸੀ ਪਰ ਗੋਰੀ ਚਿੱਟੀ ਸੀ ਤੇ ਜ਼ਨਾਨੀਆਂ ਨਾਲ ਅੱਖਾਂ ਨਾਲ ਗੱਲਾਂ ਕਰਦੀ ਸੀ। ਉਸਦੇ ਨੱਕ ਦਾ ਕੋਕਾ ਬਹੁਤ ਫੱਬਦਾ ਸੀ। ਜਦੋਂ ਉਹ ਗੱਲਾਂ ਕਰਦੀ ਤਾਂ ਲੱਗਦਾ ਸੀ ਜਿਵੇਂ ਅੱਖੀਆਂ ਤਾੜੀਆਂ ਮਾਰ ਰਹੀਆਂ ਹੋਣ ਤੇ ਕੋਕਾ ਨੱਚ ਰਿਹਾ ਹੋਵੇ। ਕੱਜਲ ਦੀਆਂ ਪੂਛਾਂ ਕੱਢ ਕੇ ਜਦੋਂ ਉਹ ਸ਼ਰੀਕੇ ਤੇ ਭਾਈਚਾਰੇ ਵਾਲੇ ਘਰਾਂ ਵਿਚ ਘੁੰਮਦੀ ਤਾਂ ਜ਼ਨਾਨੀਆਂ ਉਹਨੂੰ ਉਡੀਕ ਰਹੀਆਂ ਹੁੰਦੀਆਂ। ਉਹ ਘਰ-ਘਰ ਫਿਰਦੀ ਤੇ ਨਵੀਆਂ ਤਾਜ਼ੀਆਂ ਸੁਣਾਉਂਦੀ ਤੇ ਇਕੱਠੀਆਂ ਕਰਦੀ। ਉਸ ਦੀਆਂ ਗੱਲਾਂ-ਬਾਤਾਂ ਬਹੁਤ ਰੌਚਕ ਤੇ ਨਸੀਹਤ ਭਰਪੂਰ ਹੁੰਦੀਆਂ ਸਨ। ਉਹ ਨਾ ਚੁਗਲੀ ਕਰਦੀ ਤੇ ਨਾ ਹੀ ਸੁਣਦੀ ਸੀ। ਉਹ ਕਿਸੇ ਦੀ ਨਿੰਦਿਆ ਘੱਟ ਹੀ ਕਰਦੀ ਸੀ। ਉਸਦੀ ਬਾਤਚੀਤ ਦਾ ਸਲੀਕਾ ਏਨਾ ਪ੍ਰਭਾਵਸ਼ਾਲੀ ਸੀ ਕਿ ਕੁੜੀਆਂ ਤੇ ਜ਼ਨਾਨੀਆਂ ਉਸਦੀ ਗੱਲ ਦਾ ਬਦੋਬਦੀ ਇਤਬਾਰ ਕਰ ਲੈਂਦੀਆਂ ਸਨ ਕਿਉਂਕਿ ਉਹ ਬਿਨਾਂ ਨਾਗਾ ਘਰੋ-ਘਰ ਫਿਰਨ ਦੀ ਸ਼ੌਕੀਨ ਸੀ। ਇਸ ਲਈ ਲੋਕ ਉਸਨੂੰ ਪਾਸ਼ੋ ਨਗਰ-ਨੈਣ ਕਹਿੰਦੇ ਸਨ।

ਉਸਦਾ ਘਰਵਾਲਾ ਮਹਿੰਗਾ ਸ਼ਹਿਰ ਕਿਸੇ ਕਾਰਖਾਨੇ ਵਿਚ ਫੋਰਮੈਨ ਸੀ। ਉਹ ਸਵੇਰੇ ਕੰਮ 'ਤੇ ਚਲਾ ਜਾਂਦਾ ਤੇ ਸ਼ਾਮ ਨੂੰ ਮੁੜਦਾ ਸੀ। ਪਾਸ਼ੋ ਘਰਵਾਲੇ ਨੂੰ ਸ਼ਹਿਰ ਵੱਲ ਤੋਰ ਕੇ ਬੱਚਿਆਂ ਨੂੰ ਸਕੂਲ ਲਈ ਤਿਆਰ ਕਰਦੀ ਤੇ ਬਾਅਦ ਵਿਚ ਘਰ ਦੇ ਛੋਟੇ-ਮੋਟੇ ਕੰਮਕਾਰ ਕਰਕੇ ਉਹ ਨਗਰ ਦੀ ਸੈਰ ਲਈ ਨਿਕਲ ਉਠਦੀ। ਕਈ ਵਾਰ ਉਹ ਦੁਪਹਿਰ ਦੀ ਰੋਟੀ ਵੀ ਲੋਕਾਂ ਦੇ ਘਰੋਂ ਹੀ ਖਾ ਲੈਂਦੀ ਤੇ ਮਗਰੋਂ ਨਿਆਣੇ ਦਾਦੀ ਕੋਲ ਖੇਡਦੇ ਰਹਿੰਦੇ। ਭਾਵੇਂ ਉਹ ਘਰੋਂ ਬਾਹਰ ਹੁੰਦੀ ਪਰ ਉਸਨੂੰ ਘਰ ਦੀ ਪੂਰੀ ਖ਼ਬਰ ਹੁੰਦੀ ਸੀ। ਉਹ ਇਕ ਅੱਧਾ ਫੇਰਾ ਘਰ ਮਾਰ ਕੇ ਫਿਰ ਭ੍ਰਮਣ ਲਈ ਨਿਕਲ ਪੈਂਦੀ। ਪਿੰਡਾਂ ਵਿਚ ਉਸ ਵਕਤ ਬਹੁਤ ਭਾਈਚਾਰਾ ਸੀ ਤੇ ਲੋਕ ਨੂੰਹਾਂ-ਧੀਆਂ ਨੂੰ ਪਿੰਡ ਦੀਆਂ ਸਾਂਝੀਆਂ ਸਮਝ ਕੇ ਬੜੇ ਖਿੜੇ-ਮੱਥੇ ਮਿਲਦੇ ਤੇ ਖੁੱਲ੍ਹ ਕੇ ਗੱਲਬਾਤ ਕਰਦੇ ਸਨ। ਪਾਸ਼ੋ ਨੂੰ ਇਹ ਮਾਹੌਲ ਬਹੁਤ ਚੰਗਾ ਲੱਗਦਾ ਸੀ।

ਪਾਸ਼ੋ ਨੂੰ ਸਾਰੇ ਪਿੰਡ ਦੀ ਖ਼ਬਰ ਹੁੰਦੀ ਸੀ। ਐਤਕੀਂ ਕੀਹਦਾ ਕੀਹਦਾ ਵਿਆਹ ਹੋਣਾ ਏ ਤੇ ਕਿਥੇ ਹੋਣਾ ਏ ? ਕੀਹਦੀ-ਕੀਹਦੀ ਮੰਗਣੀ ਹੋਣੀ ਏ ਤੇ ਕਿਥੇ ਹੋਣੀ ਏ ? ਕੀਹਦੇ ਘਰ ਲੜਾਈ ਝਗੜਾ ਏ ਤੇ ਕੀਹਦੀ ਨੂੰਹ ਰੁੱਸ ਕੇ ਪੇਕੇ ਗਈ ਏ ਅਤੇ ਕੀਹਦੀ ਵਾਪਸ ਆ ਗਈ

ਏ ? ਉਹਨੂੰ ਵਿਚੋਲਿਆਂ ਦੇ ਨਾਵਾਂ 'ਤੇ ਪਿੰਡਾਂ ਦਾ ਪਤਾ ਹੁੰਦਾ ਸੀ। ਜਦੋਂ ਕਿਸੇ ਦੇ ਵੇਹੜੇ ਨੂੰਹ-ਸੱਸ ਦੀ ਲੜਾਈ ਹੁੰਦੀ ਤਾਂ ਉਹਨੂੰ ਪਤਾ ਹੁੰਦਾ ਸੀ ਕਿ ਕੀਹਦਾ ਵਧੇਰੇ ਕਸੂਰ ਹੈ। ਉਸ ਦੀਆਂ ਦੋ ਤਿੰਨ ਸਹੇਲੀਆਂ ਸਨ, ਜਿਹੜੀਆਂ ਮਿੰਟ ਮਿੰਟ ਦੀਆਂ ਖ਼ਬਰਾਂ ਪਾਸ਼ੋ ਪਾਸ ਪੁਚਾਉਂਦੀਆਂ ਤੇ ਉਹਦੇ ਕੋਲੋਂ ਇਕੱਠੀਆਂ ਕਰਦੀਆਂ।

ਪਾਸ਼ੋ ਦਾ ਕਾਰਜ ਕੇਵਲ ਮਨੋਰੰਜਨ ਨਾਲ ਹੀ ਸੰਬੰਧਤ ਨਹੀਂ ਸੀ ਸਗੋਂ ਉਸਦਾ ਸਮਾਜਕ ਪੱਖ ਵਧੇਰੇ ਕਿਰਿਆਸ਼ੀਲ ਸੀ। ਪਾਸ਼ੋ ਸਾਰੇ ਪਿੰਡ ਦੇ ਲੋਕਾਂ ਨੂੰ ਆਪਣਾ ਇਕ ਵਡੇਰਾ ਪਰਵਾਰ ਸਮਝਦੀ ਸੀ। ਇਸ ਭਾਈਚਾਰੇ ਵਿਚ ਭਾਵੇਂ ਜਾਤਪਾਤ ਤੇ ਧਰਮ ਦੇ ਬੰਧਨ ਵੀ ਕਾਇਮ ਸਨ ਪਰ ਇਹ ਬੰਧਨ ਕੇਵਲ ਰਿਸ਼ਤੇ ਨਾਤੇ ਕਰਨ ਤਕ ਹੀ ਸੀਮਤ ਸਨ। ਪਿੰਡ ਵਿਚ ਜਦੋਂ ਕੋਈ ਮਰਗ ਹੋ ਜਾਂਦੀ, ਉਹ ਉਚੇਚਾ ਉਨ੍ਹਾਂ ਦੇ ਘਰ ਪਹੁੰਚਦੀ ਅਤੇ ਉਨ੍ਹਾਂ ਨਾਲ ਹਿਰਖ ਕਰਦੀ। ਇਸੇ ਤਰ੍ਹਾਂ ਜਦੋਂ ਕਿਸੇ ਪਰਿਵਾਰ ਦਾ ਕੋਈ ਜੀਅ ਬਿਮਾਰ ਹੋ ਜਾਂਦਾ ਤਾਂ ਉਹ ਘਰ ਜਾਂ ਹਸਪਤਾਲ ਉਸਦਾ ਪਤਾ ਲੈਣ ਜਾਂਦੀ। ਇਸ ਤਰ੍ਹਾਂ ਦੇ ਕੰਮਾਂ ਵਿਚ ਉਸਨੂੰ ਚੇਤੇ ਕਰਾਉਣ ਜਾਂ ਕਹਿਣ ਦੀ ਕਤੱਈ ਲੋੜ ਨਹੀਂ ਸੀ ਹੁੰਦੀ। ਉਹ ਸਗੋਂ ਆਂਢ-ਗੁਆਂਢ ਨੂੰ ਨਾਲ ਲੈ ਕੇ ਦੁਖੀ ਪਰਿਵਾਰ ਨਾਲ ਅਫ਼ਸੋਸ ਕਰਨ ਜਾਂਦੀ। ਕਈ ਬਿਮਾਰ ਉਸਦੀ ਮੁਸਕਰਾਹਟ ਤੇ ਮਜ਼ਾਕੀਆਂ ਗੱਲਾਂ ਸੁਣ ਕੇ ਅੱਧੇ ਠੀਕ ਹੋ ਜਾਂਦੇ ਸਨ। ਸਾਰੇ ਪਿੰਡ ਵਾਲੇ ਪਾਸ਼ੋ ਦਾ ਉਨ੍ਹਾਂ ਦੇ ਘਰ ਜਾਣਾ ਸ਼ੁਭ ਸਮਝਦੇ ਸਨ।

ਪਿੰਡ ਵਿਚ ਬਹੁਤ ਸਾਰੀਆਂ ਕੁੜੀਆਂ ਦਿਲ ਦੇ ਰਾਜ਼ ਪਾਸ਼ੋ ਨਾਲ ਸਾਂਝੇ ਕਰਦੀਆਂ ਸਨ। ਉਹ ਆਪਣੇ ਭਵਿੱਖ ਦੀ ਰੂਪ-ਰੇਖਾ ਉਹਦੇ ਨਾਲ ਬੈਠ ਕੇ ਉਲੀਕਦੀਆਂ ਅਤੇ ਆਪਣੀਆਂ ਕਈ ਮਾਨਸਿਕ ਤੇ ਸਰੀਰਕ ਉਲਝਣਾਂ ਉਸ ਨਾਲ ਨਿਝੱਕ ਹੋ ਕੇ ਸਾਂਝੀਆਂ ਕਰ ਲੈਂਦੀਆਂ ਸਨ। ਉਨ੍ਹਾਂ ਨੂੰ ਪਾਸ਼ੋ ਉਪਰ ਪੂਰਾ ਭਰੋਸਾ ਸੀ। ਪਾਸ਼ੋ ਵੀ ਇਕ ਦੀ ਗੱਲ ਦੂਜੀ ਨਾਲ ਨਹੀਂ ਸੀ ਕਰਦੀ ਤਾਂ ਕਿ ਕਿਸੇ ਨੂੰ ਕੋਈ ਅਵਾਜ਼ਾਰੀ ਨਾ ਹੋਵੇ। ਵਿਆਹੀਆਂ ਨੂੰਹਾਂ ਧੀਆਂ ਵੀ ਅਕਸਰ ਆ ਕੇ ਉਸਨੂੰ ਮਿਲਦੀਆਂ ਤੇ ਗੱਪ-ਸ਼ੱਪ ਮਾਰਦੀਆਂ। 'ਹਦਾਇਤਨਾਮਾ ਖਾਵੰਦ' ਤੇ 'ਹਦਾਇਤਨਾਮਾ ਬੀਵੀ' ਉਸਨੂੰ ਕੁਦਰਤ ਵੱਲੋਂ ਹੀ ਕੰਠ ਕਰਾਏ ਹੋਏ ਸਨ। ਇਸ ਲਈ ਉਹ ਮਸ਼ਵਰੇ ਨੂੰ ਉਹ ਤਰਜੀਹ ਦਿੰਦੀਆਂ ਸਨ ਤੇ ਸਤਿਕਾਰ ਕਰਦੀਆਂ ਸਨ। ਇਨ੍ਹਾਂ ਵੇਲਿਆਂ ਤੇ ਉਸਦੇ ਦਿਲ ਵਿਚ ਪਿੰਡ ਦੀ ਇੱਜ਼ਤ ਤੇ ਵੱਕਾਰ ਦਾ ਸਵਾਲ ਬਹੁਤ ਹਾਵੀ ਹੁੰਦਾ ਸੀ।

ਇਕ ਵਾਰੀ ਪਿੰਡ ਦੀ ਇਕ ਕੁੜੀ ਗੁਆਂਢੀ ਪਿੰਡ ਦੇ ਮੁੰਡੇ ਨਾਲ ਨਿਕਲ ਗਈ। ਉਸ ਲੜਕੀ ਦਾ ਪਾਸ਼ੋ ਦੇ ਘਰ ਵੀ ਆਉਣਾ-ਜਾਣਾ ਸੀ। ਲੜਕੇ ਦੇ ਮਾਪੇ ਪਾਸ਼ੋ ਕੋਲ ਵੀ ਆਏ ਤੇ ਉਹਦੇ ਬਾਰੇ ਪੁੱਛਗਿੱਛ ਕੀਤੀ। ਉਨ੍ਹਾਂ ਉਸਦੇ ਘਰ ਵਾਲੇ ਮਹਿੰਗਾ ਸਿੰਘ ਨੂੰ ਵੀ ਸ਼ਿਕਾਇਤ ਕੀਤੀ। ਉਨ੍ਹਾਂ ਨੂੰ ਸ਼ੱਕ ਸੀ ਕਿ ਪਾਸ਼ੋ ਉਨ੍ਹਾਂ ਦੀ ਲੜਕੀ ਦੇ ਪਤੇ ਟਿਕਾਣੇ ਦਾ ਜ਼ਰੂਰ ਪਤਾ ਹੋਵੇਗਾ। ਪਰ ਪਾਸ਼ੋ ਨੇ ਇਸ ਮਾਮਲੇ ਵਿਚ ਆਪਣੀ ਬੇਖ਼ਬਰੀ ਦੱਸੀ। ਉਸਦਾ ਕਹਿਣਾ ਸੀ ਕਿ ਉਨ੍ਹਾਂ ਦੀ ਲੜਕੀ ਉਸ ਕੋਲ ਕਦੀ-ਕਦੀ ਆਉਂਦੀ ਸੀ ਪਰ ਉਹਨੇ ਆਪਣੇ ਦਿਲ ਦਾ

ਇਹ ਰਾਜ਼ ਉਸ ਨਾਲ ਸਾਂਝਾ ਨਹੀਂ ਕੀਤਾ। ਭਾਵੇਂ ਉਹ ਵਾਪਸ ਚਲੇ ਗਏ ਪਰ ਉਨ੍ਹਾਂ ਦਾ ਪਾਸ਼ੋ ਬਾਰੇ ਸ਼ੱਕ ਪੂਰੀ ਤਰ੍ਹਾਂ ਨਵਿਰਤ ਨਹੀਂ ਸੀ ਹੋਇਆ। ਉਨ੍ਹਾਂ ਨੂੰ ਜਦੋਂ ਪੁਲਿਸ ਨੇ ਪੁੱਛਿਆ ਕਿ ਤੁਹਾਨੂੰ ਇਸ ਵਾਰਦਾਤ ਵਿਚ ਭਾਈਵਾਲ ਕਿਸੇ ਪਿੰਡ ਦੇ ਬੰਦੇ 'ਤੇ ਸ਼ੱਕ ਹੈ ਤਾਂ ਉਨ੍ਹਾਂ ਪਾਸ਼ੋ ਦਾ ਨਾਮ ਲਿਆ। ਪੁਲਿਸ ਉਹਦੇ ਘਰ ਵੀ ਤਫ਼ਤੀਸ਼ ਕਰਨ ਆਈ ਪਰ ਉਨ੍ਹਾਂ ਨੂੰ ਪਾਸ਼ੋ ਨੇ ਇਹੀ ਜਵਾਬ ਦਿੱਤਾ। ਸਬੂਤ ਨਾ ਮਿਲਣ ਕਰਕੇ ਉਹ ਚਲੇ ਤਾਂ ਗਏ ਪਰ ਉਨ੍ਹਾਂ ਦਾ ਵੀ ਸ਼ੱਕ ਪੂਰੀ ਤਰ੍ਹਾਂ ਨਵਿਰਤ ਨਾ ਹੋਇਆ।

ਉਧਰ ਜਦੋਂ ਦੌੜ ਜਾਣ ਵਾਲੀ ਲੜਕੀ ਨੂੰ ਪਾਸ਼ੋ ਦੀ ਧੂਹ-ਘਸੀਟ ਦਾ ਪਤਾ ਲੱਗਾ ਤਾਂ ਉਸਨੂੰ ਬਹੁਤ ਦੁੱਖ ਹੋਇਆ। ਉਸਨੇ ਆਪਣੇ ਪਿਤਾ ਨੂੰ ਪੱਤਰ ਭੇਜਿਆ, ਜਿਸ ਵਿਚ ਉਸਨੇ ਆਪਣੇ ਪਤੇ-ਟਿਕਾਣੇ ਬਾਰੇ ਦੱਸਿਆ ਅਤੇ ਆਪਣੀ ਗੁਸਤਾਖ਼ੀ ਨੂੰ ਮੁਆਫ਼ ਕਰਨ ਬਾਰੇ ਤਰਲਾ ਮਾਰਿਆ। ਦੂਜਾ ਉਸਨੇ ਇਹ ਸਾਫ਼ ਸਪੱਸ਼ਟ ਕੀਤਾ ਕਿ ਇਸ ਮਾਮਲੇ ਵਿਚ ਚਾਚੀ ਪਾਸ਼ੋ ਦਾ ਕੋਈ ਹੱਥ ਨਹੀਂ। ਉਹਨੇ ਤਾਂ ਮੈਨੂੰ ਅਜਿਹਾ ਨਾ ਕਰਨ ਦੀ ਨਸੀਹਤ ਦਿੱਤੀ ਸੀ। ਇਹ ਪੱਤਰ ਪੜ੍ਹ ਕੇ ਉਹ ਖ਼ੁਸ਼ ਵੀ ਹੋਏ ਤੇ ਸ਼ਰਮਸ਼ਾਰ ਵੀ। ਲੜਕੀ ਦਾ ਪਤਾ-ਥਹੁ ਲੱਗਣ ਕਾਰਨ ਉਨ੍ਹਾਂ ਨੂੰ ਖ਼ੁਸ਼ੀ ਹੋਈ ਪਰ ਪਾਸ਼ੋ ਵਿਰੁੱਧ ਝੂਠੇ ਇਲਜ਼ਾਮ ਲਾਉਣ ਕਾਰਨ ਉਹ ਬਹੁਤ ਸ਼ਰਮਸ਼ਾਰ ਹੋਏ। ਲੜਕੀ ਦਾ ਬਾਪ ਤੇ ਮਾਤਾ, ਪਾਸ਼ੋ ਦੇ ਘਰ ਜਾ ਕੇ ਉਸ ਕੋਲੋਂ ਇਸ ਖਤਾ ਲਈ ਮੁਆਫ਼ੀ ਮੰਗਣ ਗਏ। ਪਾਸ਼ੋ ਨੇ ਉਨ੍ਹਾਂ ਨੂੰ ਆਖਿਆ—'ਭਾ ਜੀ ਮੈਂ ਤੁਹਾਨੂੰ ਪਹਿਲਾਂ ਹੀ ਕਿਹਾ ਸੀ ਕਿ ਮੈਂ ਕਿਸੇ ਨੂੰਹ-ਧੀ ਦਾ ਬੁਰਾ ਨਹੀਂ ਤੱਕਦੀ। ਤੁਹਾਡੀ ਲੜਕੀ ਦਾ ਮੈਨੂੰ ਵੀ ਓਨਾ ਦੁੱਖ ਸੀ ਜਿੰਨਾ ਤੁਹਾਨੂੰ।' ਇਹ ਕਹਿ ਕੇ ਉਹਨੇ ਦੋਹਾਂ ਨੂੰ ਚਾਹ-ਪਾਣੀ ਪਿਲਾ ਕੇ ਤੋਰਿਆ ਤੇ ਆਪਣਾ ਗੁੱਸਾ-ਗਿਲਾ ਚਾਹ ਦੇ ਨਾਲ ਹੀ ਪੀ ਗਈ।

ਪਾਸ਼ੋ ਦੀ ਨੀਯਤ ਸਾਫ਼ ਸੀ। ਉਹ ਭੁੱਲ ਕੇ ਵੀ ਕਿਸੇ ਨੂੰਹ-ਧੀ ਨੂੰ ਗ਼ਲਤ ਮਲਤ ਰਾਏ ਨਹੀਂ ਸੀ ਦਿੰਦੀ। ਪਿੰਡ ਦੀਆਂ ਕੁੜੀਆਂ ਵਿਆਹ ਬਾਅਦ ਜਦ ਪੇਕੇ ਮੁੜਦੀਆਂ ਤਾਂ ਪਾਸ਼ੋ ਨੂੰ ਇਕ ਵਾਰ ਜ਼ਰੂਰ ਮਿਲਦੀਆਂ ਤੇ ਆਪਣਾ ਦੁਖ-ਸੁਖ ਫੋਲਦੀਆਂ। ਇਸੇ ਤਰ੍ਹਾਂ ਨੂੰਹਾਂ ਨੂੰ ਜਦ ਆਪਣੇ ਪਰਵਾਰ ਵਿਚ ਕੋਈ ਔਕੜ ਪੇਸ਼ ਆਉਂਦੀ ਤਾਂ ਉਹ ਵੀ ਪਾਸ਼ੋ ਦੀ ਸਲਾਹ ਲੈਣ ਦੌੜਦੀਆਂ। ਉਸਦੀ ਸਲਾਹ ਬਹੁਤ ਸੰਤੁਲਤ ਹੁੰਦੀ। ਉਸਦੀ ਸਲਾਹ ਲੈ ਕੇ ਕਿਸੇ ਨੇ ਕਦੀ ਸ਼ਿਕਾਇਤ ਨਾ ਕੀਤੀ। ਇਨ੍ਹਾਂ ਕੰਮਾਂ ਵਿਚ ਵਿਧਾਤੇ ਵੱਲੋਂ ਹੀ ਉਸਨੂੰ ਪ੍ਰਬੀਨਤਾ ਹਾਸਲ ਸੀ। ਉਹ ਦਾਦੀਆਂ-ਨਾਨੀਆਂ ਵਾਂਗ ਦਾਨੀਆਂ ਗੱਲਾਂ ਕਰਦੀ ਸੀ।

ਇਕ ਵਾਰੀ ਨਿਸ਼ਾਨੇ ਨੰਬਰਦਾਰ ਦੀ ਨੂੰਹ ਆਪਣੀ ਸੱਸ ਨਾਲ ਲੜ ਕੇ ਪੇਕੇ ਜਾ ਵੜੀ। ਉਹ ਵੀ ਤੱਤੀ ਪਾਸ਼ੋ ਕੋਲ ਆਉਂਦੀ ਜਾਂਦੀ ਸੀ। ਆਪਣੀ ਪੀੜ੍ਹੀ ਥੱਲੇ ਸੋਟਾ ਫੇਰਨ ਦੀ ਜਗ੍ਹਾ ਉਹ ਪਾਸ਼ੋ ਕੋਲ ਆਏ। ਆਉਂਦਿਆਂ ਹੀ ਸੱਸ ਨੇ ਉੱਚੀ-ਉੱਚੀ ਬੋਲਣਾ ਸ਼ੁਰੂ ਕਰ ਦਿੱਤਾ। ਪਾਸ਼ੋ ਨੇ ਆਪਣਾ ਸੰਤੁਲਨ ਕਾਇਮ ਰੱਖਿਆ। ਸੱਚਾ ਬੰਦਾ ਇਸ ਤਰ੍ਹਾਂ ਕਰ ਵੀ ਸਕਦਾ ਹੈ। ਸੱਸ ਨੇ ਬੜੀਆਂ ਵੱਧ-ਘੱਟ ਗੱਲਾਂ ਮਿੰਟਾਂ ਵਿਚ ਹੀ ਉਗਲ ਦਿੱਤੀਆਂ ਤੇ ਪਾਸ਼ੋ ਨੂੰ ਉਹਦੀ ਨੂੰਹ ਨੂੰ ਚੁੱਕਣ ਦਾ ਇਲਜ਼ਾਮ ਲਗਾਇਆ। ਪਾਸ਼ੋ ਨੇ ਇਸ ਕੇਸ ਵਿਚ ਵੀ ਆਪਣੀ

ਅਣਜਾਣਤਾ ਤੇ ਨਿਰਦੋਸ਼ਤਾ ਦਾ ਇਜ਼ਹਾਰ ਕੀਤਾ ਪਰ ਸੱਸ ਨੇ ਪਾਸ਼ੋ ਦੀਆਂ ਗੱਲਾਂ ਅਣਸੁਣੀਆਂ ਕਰਕੇ ਅਵਾ-ਤਵਾ ਬੋਲਦੀ ਉਹਦੇ ਘਰੋਂ ਨਿਕਲ ਗਈ। ਉਧਰ ਨੂੰਹ ਨੂੰ ਜਦੋਂ ਇਸ ਉਲ੍ਹਾਮੇ ਦਾ ਪਤਾ ਲੱਗਾ ਤਾਂ ਉਸਨੇ ਕਿਸੇ ਰਾਹੀਂ ਪਾਸ਼ੋ ਦੇ ਨਿਰਦੋਸ਼ ਤੇ ਅਣਜਾਣ ਹੋਣ 'ਤੇ ਮੋਹਰ ਲਾਈ। ਉਸਨੇ ਪਾਸ਼ੋ ਦੀ ਜਗ੍ਹਾ ਆਪਣੀ ਸੱਸ ਨੂੰ ਇਸ ਲੜਾਈ ਦੀ ਜੜ੍ਹ ਦੱਸਿਆ। ਜਦੋਂ ਨੰਬਰਦਾਰ ਨੂੰ ਇਸ ਸੱਚਾਈ ਦਾ ਪਤਾ ਲੱਗਾ ਤਾਂ ਉਹ ਪਾਸ਼ੋ ਕੋਲੋਂ ਆਪਣੀ ਘਰਵਾਲੀ ਦੀ ਤਰਫ਼ੋਂ ਮੁਆਫ਼ੀ ਮੰਗਣ ਆਇਆ। ਇਸ ਕੇਸ ਵਿਚ ਜਦੋਂ ਪਿੰਡ ਦੇ ਲੋਕਾਂ ਨੂੰ ਪਤਾ ਲੱਗਾ ਕਿ ਨੰਬਰਦਾਰ ਦੀ ਨੂੰਹ ਨੂੰ ਪਾਸ਼ੋ ਨੇ ਪੇਕੇ ਜਾਣ ਤੋਂ ਰੋਕਿਆ ਸੀ, ਉਕਸਾਇਆ ਨਹੀਂ। ਪਾਸ਼ੋ ਦੀ ਇੱਜ਼ਤ ਸੱਸਾਂ-ਸੌਹਰਿਆਂ ਦੇ ਦਿਲ ਵਿਚ ਦੂਣੀ ਸਵਾਈ ਹੋ ਗਈ ਸੀ।

ਪਰ ਇਨ੍ਹਾਂ ਘਟਨਾਵਾਂ ਵਿਚ ਪਾਸ਼ੋ ਦਾ ਬਾਰ-ਬਾਰ ਜ਼ਿਕਰ ਆਉਣ ਨਾਲ ਉਸਦੇ ਪਤੀ ਮਹਿੰਗਾ ਸਿੰਘ ਨੂੰ ਬਹੁਤ ਪਰੇਸ਼ਾਨੀ ਹੋਈ। ਉਸਨੇ ਪਾਸ਼ੋ ਨੂੰ ਅਜਿਹੇ ਕੰਮਾਂ ਵਿਚ ਦਖ਼ਲ ਦੇਣ ਤੋਂ ਰੋਕਿਆ ਤੇ ਅੱਗੇ ਤੋਂ ਉਸਦਾ ਘਰੋਂ ਨਿਕਲਣਾ ਲਗਭਗ ਬੰਦ ਕਰ ਦਿੱਤਾ। ਉਸਦਾ ਪਾਸ਼ੋ ਨਾਲ ਇੱਟ-ਖੜੱਕਾ ਤੇ ਤਾਹਨੇਬਾਜ਼ੀ ਵਧ ਗਈ। ਦੋਹਾਂ ਜੀਆਂ ਦਾ ਆਪਸੀ ਵਿਸ਼ਵਾਸ ਦਿਨੋ-ਦਿਨ ਘਟ ਰਿਹਾ ਸੀ। ਮਹਿੰਗਾ ਸਿੰਘ ਨੇ ਖ਼ਫ਼ਾ ਹੋ ਕੇ ਆਖਿਆ—'ਜਦੋਂ ਪਿੰਡ ਵੀ ਕੋਈ ਕੁੱਤੀ ਭੌਂਕਦੀ ਏ ਤਾਂ ਲੋਕੀ ਤੇਰੇ 'ਤੇ ਸ਼ੱਕ ਕਰਨ ਲੱਗ ਜਾਂਦੇ ਨੇ। ਤੈਨੂੰ ਸੌ ਵਾਰੀ ਕਿਹਾ ਕਿ ਐਵੇਂ ਨਗਰ ਨੈਣਾਂ ਵਾਂਗ ਫਿਰਿਆ ਨਾ ਕਰ। ਲੋਕਾਂ ਵਾਂਗ ਆਪਣੇ ਘਰ ਦੇ ਕੰਮ ਧੰਦੇ ਕਰਿਆ ਕਰ। ਤੇਰੀ ਘਰ ਵਿਚ ਢੂਈ ਨਹੀਂ ਲਗਦੀ...।' ਉਸ ਵਕਤ ਮਹਿੰਗਾ ਸਿੰਘ ਨੂੰ ਕੋਈ ਮਿਲਣ ਆ ਗਿਆ ਇਸ ਕਰਕੇ ਆਪਸੀ ਲੜਾਈ ਬੰਦ ਹੋ ਗਈ। ਉਸਦੇ ਜਾਣ ਬਾਅਦ ਪਾਸ਼ੋ ਫਿਰ ਛਿੜ ਪਈ—'ਮੈਂ ਤੇਰੀਆਂ ਏਹ ਤੋਹਮਤਾਂ ਬਰਦਾਸ਼ਤ ਨਹੀਂ ਕਰ ਸਕਦੀ। ਸਾਰਾ ਪਿੰਡ ਮੈਨੂੰ ਸੱਚਾ ਸਮਝਦਾ ਏ ਤੇ ਤੂੰ ਮੇਰਾ ਖਸਮ ਹੋ ਕੇ ਮੇਰੇ ਕੀੜੇ ਕੱਢਣ ਲੱਗ ਪਏ।' ਮੈਨੂੰ ਨਹੀਂ ਮੰਜ਼ੂਰ ਤੇਰੀਆਂ ਇਹ ਬੰਦਸ਼ਾਂ। ਮੈਂ ਇਸ ਕੈਦਖਾਨੇ ਵਿਚ ਕੈਦਣ ਬਣ ਕੇ ਨਹੀਂ ਰਹਿ ਸਕਦੀ। ਸਾਂਭ ਤੂੰ ਆਪਣੇ ਘਰ ਨੂੰ, ਮੈਂ ਨਹੀਂ ਏਥੇ ਰਹਿਣਾ।' ਇਹ ਕਹਿ ਕੇ ਉਸ ਅਟੈਚੀ ਚੁੱਕ ਕੇ ਬੱਚਿਆਂ ਨੂੰ ਰੋਂਦਾ ਛੱਡ ਕੇ ਪੇਕੇ ਜਾਣ ਲਈ ਬਸ ਅੱਡੇ ਵੱਲ ਤੁਰ ਪਈ। ਗੁੱਸੇ ਨਾਲ ਭਰੇ-ਭਰਾਤੇ ਮਹਿੰਗੇ ਨੇ ਉਸਨੂੰ ਜਾਣ ਤੋਂ ਨਾ ਰੋਕਿਆ।

ਮਹਿੰਗਾ ਰੋਟੀ ਪਕਾਉਣ ਤੋਂ ਆਤਰ ਹੋ ਗਿਆ। ਉਸ ਨੂੰ ਨਿਆਣੇ ਵੀ ਸੰਭਾਲਣੇ ਪੈਂਦੇ ਸਨ। ਉਸਨੇ ਕਾਰਖਾਨੇ ਤੋਂ ਛੁੱਟੀ ਲੈ ਲਈ। ਉਸਨੇ ਕੰਮ ਲਈ ਇਕ ਨੌਕਰਾਣੀ ਰੱਖ ਲਈ। ਲੋਕਾਂ ਨੂੰ ਜਦ ਪਤਾ ਲੱਗਾ ਤਾਂ ਉਹ ਮਹਿੰਗੇ ਨੂੰ ਕੋਸਣ ਲੱਗੇ। ਉਹਨੂੰ ਮਜਬੂਰ ਕਰਨ ਲੱਗੇ ਕਿ ਉਹ ਪਾਸ਼ੋ ਨੂੰ ਜਾ ਕੇ ਲੈ ਆਵੇ। ਉਸਦੀ ਸ਼ਰਤ ਸੀ ਕਿ ਉਹ ਆਪੇ ਗਈ ਹੈ ਤੇ ਆਪੇ ਹੀ ਆਵੇ। ਉਹ ਨਹੀਂ ਜਾਵੇਗਾ। ਇਸ ਤਰ੍ਹਾਂ ਕਈ ਦਿਨ ਰੇੜਕਾ ਪਿਆ ਰਿਹਾ। ਮਹਿੰਗੇ ਦੇ ਸਾਰੇ ਸ਼ਰੀਕਾਂ ਨੇ ਇਕੱਠੇ ਹੋ ਕੇ ਉਸ ਨੂੰ ਪਾਸ਼ੋ ਵਾਪਸ ਲਿਆਉਣ ਲਈ ਤਰਲਾ ਮਾਰਿਆ। ਨੰਬਰਦਾਰ ਨਿਸ਼ਾਨ ਸਿੰਘ ਤੇ ਕੁਝ ਸ਼ਰੀਕਾਂ ਨੇ ਇਕ ਦਿਨ ਇਕੱਠ ਕੀਤਾ ਤੇ ਮਹਿੰਗੇ ਨੂੰ ਖਿੱਚ

ਧੂਹ ਕਰਕੇ ਉਸਦੇ ਸਹੁਰੇ ਲੈ ਗਏ। ਉਨ੍ਹਾਂ ਮਹਿੰਗੇ ਨੂੰ ਆਖਿਆ ਕਿ ਪਾਸ਼ੋ ਵਰਗੀ ਦੇਵੀ ਨਾਲ ਅਜਿਹਾ ਵਿਹਾਰ ਕਰਨ ਦਾ ਉਹਨੂੰ ਪਾਪ ਲੱਗੇਗਾ। ਮਹਿੰਗੇ ਨੂੰ ਵੀ ਆਪਣੀ ਵਧੀਕੀ ਦਾ ਅਹਿਸਾਸ ਹੋ ਰਿਹਾ ਸੀ। ਪਾਸ਼ੋ ਨੂੰ ਉਨ੍ਹਾਂ ਬਦੋਬਦੀ ਤਿਆਰ ਕਰਕੇ ਆਪਣੇ ਨਾਲ ਪਿੰਡ ਲੈ ਆਏ। ਇਹ ਸੁਣ ਕੇ ਸਾਰੇ ਪਿੰਡ ਨੇ ਖ਼ੁਸ਼ੀਆਂ ਮਨਾਈਆਂ ਤੇ ਇਸ 'ਸੁਭਾਗ ਜੋੜੀ' ਨੂੰ ਸ਼ਗਨਾਂ ਨਾਲ ਘਰ ਛੱਡ ਕੇ ਗਏ। 'ਆਪੇ ਤੈਨੂੰ ਲੈ ਜਾਣਗੇ, ਜਿਨ੍ਹਾਂ ਨੂੰ ਮਲਾਰਾਂ ਲੱਗੇਂਗੀ ਤੂੰ ਪਿਆਰੀ'।

ਮੈਡਮ ਨਿਹਾਲੀ

'ਨਸ਼ੇ ਦੀਏ ਬੰਦ ਬੋਤਲੇ ਤੈਨੂੰ ਪੀਣਗੇ ਨਸੀਬਾਂ ਵਾਲੇ'

ਨੌਨਿਹਾਲ ਕੌਰ ਨੰਬਰਦਾਰ ਬਚਿਤਰ ਸਿੰਘ ਦੀ ਸਭ ਤੋਂ ਛੋਟੀ ਧੀ ਸੀ। ਉਸਦਾ ਇਕ ਭਰਾ ਤੇ ਚਾਰ ਵੱਡੀਆਂ ਭੈਣਾਂ ਸਨ ਪਰ ਉਹ ਸ਼ਕਲ ਤੇ ਅਕਲ ਵਿਚ ਸਭ ਤੋਂ ਸੁੰਦਰ ਤੇ ਚੁਸਤ ਚਲਾਕ ਸੀ। ਉਸਦਾ ਭਰਾ ਧੀਰਾ ਕੁੜੀਆਂ ਵਿਚ ਪਲਿਆ ਹੋਣ ਕਰਕੇ ਤੇ ਪੇਟ ਘਰੋੜੀ ਕਰਕੇ ਸ਼ਿੰਦਾ ਤੇ ਲਾਈਲੱਗ ਰਿਹਾ ਸੀ। ਨੰਬਰਦਾਰ ਦੀਆਂ ਕੁੜੀਆਂ ਵਿਚ ਸਭ ਤੋਂ ਵਧ ਨਿਹਾਲੀ ਹੀ ਪੜ੍ਹੀ ਲਿਖੀ ਸੀ ਬਾਕੀ ਤਾਂ ਭਰਾ ਵਾਂਗ ਦਸਵੀਂ ਪਾਸ ਕਰਕੇ ਹੀ ਵਿਆਹੀਆਂ ਗਈਆਂ।

ਉਸਦੇ ਪੜ੍ਹਨ ਕਰਕੇ ਉਸਦਾ ਵਿਆਹ ਬਹੁਤ ਲੇਟ ਹੋਇਆ ਹਾਲਾਂਕਿ ਚੰਗੇ ਰਿਸ਼ਤਿਆਂ ਦਾ ਉਸਦੇ ਘਰ ਤਾਂਤਾ ਲੱਗਾ ਰਿਹਾ। ਉਸਨੇ ਆਪਣੇ ਪਿਤਾ ਨੂੰ ਸਾਫ਼ ਕਹਿ ਦਿੱਤਾ ਸੀ ਕਿ ਉਹ ਉਸਦੀ ਸ਼ਾਦੀ ਦੀ ਪਰਵਾਹ ਨਾ ਕਰਨ। ਉਹ ਜਦੋਂ ਕਰਵਾਉਣਾ ਚਾਹੇਗੀ ਘਰਦਿਆਂ ਨੂੰ ਦੱਸ ਦੇਵੇਗੀ। ਸਕੂਲ ਵਿਚ ਵੀ ਮੁੰਡੇ ਉਸਦੇ ਮਗਰ-ਮਗਰ ਤੁਰੇ ਫਿਰਦੇ। ਮਰਦ ਅਧਿਆਪਕ ਉਸਨੂੰ ਪੜ੍ਹਾਉਣ ਵਿਚ ਖ਼ਾਸ ਰੁਚੀ ਲੈਂਦੇ ਜਿਸ ਕਰਕੇ ਉਸਦੀਆਂ ਜਮਾਤਣਾਂ ਤੇ ਮਹਿਲਾ ਅਧਿਆਪਕਾਵਾਂ ਉਸ ਨਾਲ ਖਾਰ ਖਾਂਦੀਆਂ ਸਨ। ਉਸਦੇ ਵਧੇਰੇ ਘੁਲਣ-ਮਿਲਣ ਦੀ ਆਮ ਚਰਚਾ ਹੁੰਦੀ ਰਹਿੰਦੀ ਪਰ ਨਿਹਾਲੀ ਕਿਸੇ ਦੀ ਪਰਵਾਹ ਨਹੀਂ ਸੀ ਕਰਦੀ ਕਿਉਂਕਿ ਮੁਖ-ਮੁਖ ਮਰਦ ਅਧਿਆਪਕ ਉਸ ਦੀਆਂ ਸਿਫ਼ਤਾਂ ਕਰਦੇ ਨਹੀਂ ਸਨ ਥੱਕਦੇ। ਉਹ ਪੜ੍ਹਾਈ ਤੇ ਲਿਖਾਈ ਵਿਚ ਬਹੁਤ ਪ੍ਰਬੀਨ ਸੀ। ਉਸਨੂੰ ਅਧਿਆਪਕ ਬਦੋਬਦੀ ਵਧੇਰੇ ਨੰਬਰ ਦੇ ਕੇ ਕਲਾਸ ਵਿਚੋਂ ਅੱਵਲ ਲੈ ਆਉਂਦੇ। ਹਾਲਾਂਕਿ ਉਸਦੀ ਕਲਾਸ ਵਿਚ ਉਸ ਤੋਂ ਹੁਸ਼ਿਆਰ ਵੀ ਲੜਕੇ ਲੜਕੀਆਂ ਸਨ।

ਉਸਨੂੰ ਕੋਈ ਵੀ ਨੌਨਿਹਾਲ ਕਰਕੇ ਨਹੀਂ ਸੀ ਬੁਲਾਉਂਦਾ ਸਿਵਾਏ ਉਸਦੇ ਪਿਤਾ ਦੇ। ਬਾਕੀ ਸਭ ਉਸਨੂੰ ਨਿਹਾਲੀ ਹੀ ਕਹਿ ਕੇ ਖ਼ੁਸ਼ ਹੁੰਦੇ ਸਨ ਜਦੋਂ ਨਿਹਾਲੀ ਸ਼ਹਿਰ ਦੇ ਕਾਲਜ ਵਿਚ ਦਾਖ਼ਲ ਹੋਈ ਤਾਂ ਉਸਨੂੰ ਖੇਡਾਂ ਦਾ ਸ਼ੌਕ ਵੀ ਪੈ ਗਿਆ। ਉਹ ਬੜੀ ਸੁਡੌਲ ਸਰੀਰ ਵਾਲੀ, ਤਿੱਖੇ ਨੈਣ-ਨਕਸ਼ਾਂ ਵਾਲੀ, ਗੋਰੀ ਚਿੱਟੀ ਤੇ ਜਵਾਨ ਮੁਟਿਆਰ ਨਿਕਲੀ। ਵਾਲੀਬਾਲ ਤੇ ਬਾਸਕਟਬਾਲ ਉਸਦੀਆਂ ਚਹੇਤੀਆਂ ਖੇਡਾਂ ਸਨ। ਮਰਦ ਕੋਚ ਉਸਨੂੰ ਗਰਾਊਂਡ ਵਿਚ ਚਾਰ-ਚਾਰ ਘੰਟੇ ਖਿਡਾਉਂਦੇ ਨਾ ਥੱਕਦੇ। ਇਨ੍ਹਾਂ ਖੇਡਾਂ ਵਿਚ ਉਸਨੇ ਜ਼ਿਲ੍ਹੇ ਤੇ ਰਾਜ ਪੱਧਰ

ਦੇ ਮੁਕਾਬਲਿਆਂ ਵਿਚ ਭਾਗ ਲਿਆ ਅਤੇ ਕਾਲਜ ਲਈ ਦਰਜਨਾਂ ਸ਼ੀਲਡਾਂ ਤੇ ਇਨਾਮ ਜਿੱਤੇ। ਏਥੇ ਵੀ ਉਸਦੇ ਮਰਦ ਕੋਚਾਂ ਨਾਲ ਚਰਚੇ ਚੱਲਣ ਲੱਗੇ ਪਰ ਉਸਦੀਆਂ ਪ੍ਰਾਪਤੀਆਂ ਵੇਖ ਕੇ ਪ੍ਰਿੰਸੀਪਲ ਨੇ ਵੀ ਇਸਨੂੰ ਨਾ ਗੌਲਿਆ। ਉਸਨੇ ਬੜੀ ਸ਼ਾਨ ਨਾਲ ਬੀ.ਏ. ਕੀਤੀ ਅਤੇ ਬੀ.ਐੱਡ. ਕਰਨ ਲਈ ਟ੍ਰੇਨਿੰਗ ਕਾਲਜ ਵਿਚ ਦਾਖ਼ਲ ਹੋ ਗਈ। ਟ੍ਰੇਨਿੰਗ ਕਾਲਜ ਵਿਚ ਵੀ ਉਸਨੇ ਆਪਣੇ ਮਿਲਾਪੜੇ ਸੁਭਾਅ, ਦਿਲ ਖਿਚਵੀਂ ਮੁਸਕਣੀ ਅਤੇ ਲਿਆਕਤ ਨੇ ਸਭ ਨੂੰ ਨਿਹਾਲ ਕੀਤਾ।

ਬੀ.ਐੱਡ. ਕਰਦਿਆਂ ਸਾਰ ਹੀ ਉਹ ਜਲਾਲਾਬਾਦ ਹਾਈ ਸਕੂਲ ਵਿਚ ਬਤੌਰ ਅਧਿਆਪਕਾ ਭਰਤੀ ਹੋ ਗਈ। ਉਸਨੂੰ ਨਿਯੁਕਤੀ ਵੇਲੇ ਇਕ ਪੈਸਾ ਵੀ ਖਰਚਣਾ ਨਹੀਂ ਪਿਆ ਜਦੋਂ ਕਿ ਬਾਕੀਆਂ ਨੂੰ ਇਸ ਕੰਮ ਲਈ ਹਜ਼ਾਰਾਂ ਰੁਪੈ ਖਰਚਣੇ ਪਏ। ਉਹ ਆਪਣੀ ਸਿਫਾਰਸ਼ ਆਪ ਹੀ ਸੀ। ਨਿਹਾਲੀ ਉਚੇਚਾ ਲੜਕਿਆਂ ਵਾਲੇ ਸਕੂਲ ਵਿਚ ਨਿਯੁਕਤ ਹੋਈ ਸੀ। ਮੁਖ ਅਧਿਆਪਕਾ ਹੁੰਦਲ ਸਾਹਿਬ ਉਸ ਤੋਂ ਬਹੁਤ ਪ੍ਰਭਾਵਤ ਸਨ। ਉਹ ਹਰ ਕੰਮ ਲਈ ਨੌਨਿਹਾਲ ਕੌਰ ਨੂੰ ਅੱਗੇ ਰੱਖਦੇ। ਬਾਕੀ ਅਧਿਆਪਕ ਬਹੁਤ ਰਿੱਝਦੇ ਭੁੱਜਦੇ ਪਰ ਉਨ੍ਹਾਂ ਦੀ ਸੁਣਨ ਵਾਲਾ ਕੋਈ ਨਹੀਂ ਸੀ। ਉਹ ਆਪਣੇ ਆਲੋਚਕਾਂ ਦੀ ਸ਼ਰੇਆਮ ਬੇਇੱਜ਼ਤੀ ਕਰ ਦਿੰਦੀ। ਇਕ ਅਧਿਆਪਕ ਨੂੰ ਤਾਂ ਉਸਨੇ ਚੱਪਲਾਂ ਨਾਲ ਵੀ ਕੁੱਟਿਆ ਸੀ। ਉਸ ਵਿਰੁੱਧ ਕੋਈ ਸ਼ਿਕਾਇਤ ਵੀ ਕਰਦਾ ਤਾਂ ਉਸਨੂੰ ਮੂੰਹ ਦੀ ਖਾਣੀ ਪੈਂਦੀ। ਇਕ ਦਿਨ ਨਿਹਾਲੋ ਖ਼ੁਦ ਵੀ ਇਸ ਮਾਹੌਲ ਤੋਂ ਅਵਾਜ਼ਾਰ ਹੋ ਗਈ। ਉਸਨੇ ਤਬਾਦਲੇ ਵਾਸਤੇ ਮੁੱਖ ਦਫ਼ਤਰ ਵਿਚ ਅਰਜ਼ੀ ਭੇਜ ਦਿੱਤੀ। ਉਸਦੇ ਨਿੰਦਕਾਂ ਦੀ ਮਾਂ ਮਰ ਗਈ ਜਦੋਂ ਉਨ੍ਹਾਂ ਵੇਖਿਆ ਕਿ ਡੀ.ਈ.ਓ. ਖ਼ੁਦ ਇਕ ਦਿਨ ਸਕੂਲ ਮੁਆਇਨੇ ਦੇ ਬਹਾਨੇ ਆ ਕੇ ਉਸਦਾ ਤਬਾਦਲਾ ਪੱਤਰ ਉਸਨੂੰ ਦੇ ਗਿਆ ਹੈ। ਸਾਰੇ ਠੱਪੇ ਗਏ।

ਨਿਹਾਲੀ ਦਾ ਨਵਾਂ ਸਕੂਲ ਵੀ ਕੋ-ਐਜੂਕੇਸ਼ਨ ਵਾਲਾ ਸੀ। ਨਵੇਂ ਸਕੂਲ ਦੇ ਅਧਿਆਪਕਾਂ ਨੇ ਉਸਦੀ ਸੋਭਾ ਸੁਣੀ ਹੋਈ ਸੀ। ਇਸ ਲਈ ਉਨ੍ਹਾਂ ਨੇ ਉਸਦੇ ਆਉਣ ਦੀ ਖ਼ੁਸ਼ੀ ਮਨਾਈ। ਮਰਦ ਅਧਿਆਪਕਾਂ ਦੇ ਤਾਂ ਪੈਰ ਭੁੰਜੇ ਨਹੀਂ ਸਨ ਲੱਗਦੇ। ਹੌਲੀ-ਹੌਲੀ ਉਹ ਸਾਰੇ ਹੀ ਉਸਦੇ ਨਜ਼ਦੀਕ ਆਉਣ ਲੱਗੇ। ਮੁੱਖ ਅਧਿਆਪਕਾ ਮਹਿਲਾ ਹੋਣ ਕਰਕੇ ਉਸ ਨਾਲ ਲੱਗਦੀ ਸੀ ਤੇ ਉਸਦੀ ਵੱਧ ਰਹੀ ਸ਼ੋਹਰਤ ਨਾਲ ਚਿੰਤਤ ਸੀ। ਸਕੂਲ ਦੀਆਂ ਮਹਿਲਾ ਅਧਿਆਪਕਾਂ ਨਾਲ ਵੀ ਨਿਹਾਲੀ ਦੇ ਸੰਬੰਧ ਖ਼ੁਸ਼ਗਵਾਰ ਸਨ, ਇਸ ਲਈ ਉਹ ਵੀ ਨਿਹਾਲੀ ਨਾਲ ਖ਼ੁਸ਼ ਸਨ।

ਇਕ ਅਨਾਰ ਤੇ ਸੌ ਬਿਮਾਰ। ਨਿਹਾਲੀ ਇਕ ਸੀ ਤੇ ਚਾਹੁਣ ਵਾਲੇ ਦਰਜਨਾਂ ਹੀ। ਇਕ ਵਾਰੀ ਅੱਧੀ ਛੁੱਟੀ ਵੇਲੇ ਦੋ ਮਰਦ ਅਧਿਆਪਕਾਂ ਦੀ ਆਪਸ ਵਿਚ ਜਮ ਕੇ ਲੜਾਈ ਤੇ ਫ਼ੌਜਦਾਰੀ ਹੋਈ। ਦੋਵੇਂ ਨਿਹਾਲੋ ਦੇ ਪ੍ਰਸੰਸਕ ਸਨ। ਦੋਵੇਂ ਵੱਧ ਤੋਂ ਵੱਧ ਉਸਦੇ ਨਜ਼ਦੀਕੀ ਹੋਣ ਦਾ ਦਾਅਵਾ ਕਰ ਰਹੇ ਸਨ। ਨਿਹਾਲੀ ਨੇ ਵਾਰੋ-ਵਾਰੀ ਦੋਹਾਂ ਨੂੰ ਠੰਡਾ ਕਰ ਦਿੱਤਾ ਤੇ ਉਹ ਦੁਬਾਰਾ ਇਕ ਦੂਜੇ ਨਾਲ ਬੋਲਣ-ਚਾਲਣ ਲੱਗ ਪਏ। ਇਕ ਦਿਨ ਮੁੱਖ ਅਧਿਆਪਕਾ

ਨੇ ਉਸਨੂੰ ਦਫ਼ਤਰ ਵਿਚ ਬੁਲਾ ਕੇ ਮਰਦ ਅਧਿਆਪਕ ਨਾਲ ਵਧੇਰੇ ਘੁਲਣ-ਮਿਲਣ ਤੋਂ ਵਰਜਿਆ। ਉਹ ਇਸ ਡਾਂਟ ਦੀ ਬਿਲਕੁਲ ਪ੍ਰਵਾਹ ਕਰਦੇ ਹੋਏ ਬੋਲੀ—'ਮੈਡਮ ਜੀ, ਸੱਚ ਪੁੱਛੋ ਤਾਂ ਔਰਤ ਬਣੀ ਹੀ ਮਰਦ ਦੀ ਖ਼ੁਸ਼ੀ ਵਾਸਤੇ ਆ ਅਤੇ ਇਹ ਖ਼ੁਸ਼ੀ ਵੰਡਣੀ ਉਸਦਾ ਜਮਾਂਦਰੂ ਫ਼ਰਜ਼ ਆ।' ਮੁੱਖ ਅਧਿਆਪਕਾ ਨਿਹਾਲੀ ਦਾ ਇਹ ਬਿਆਨ ਸੁਣ ਕੇ ਪਹਿਲਾਂ ਤਾਂ ਚਕਰਾ ਗਈ ਤੇ ਫਿਰ ਆਪਣੇ ਆਪ ਨੂੰ ਸੰਭਾਲਦੀ ਹੋਈ ਬੋਲੀ—'ਦਫ਼ਾ ਹੋ ਜਾ ਐਸੀਆਂ ਮੱਤਾਂ ਦੇਣ ਵਾਲੀ। ਮੈਂ ਤੇਰੀ ਬਦਲੀ ਕਰਵਾ ਕੇ ਹੀ ਸਾਹ ਲਵਾਂਗੀ। ਮੈਂ ਇਹ ਗੰਦਖਾਨਾ ਸਕੂਲ ਵਿਚ ਹੋਰ ਬਰਦਾਸ਼ਤ ਨਹੀਂ ਕਰ ਸਕਦੀ।' ਆਪਣੀ ਮੈਡਮ ਨੂੰ ਲਾਲ ਪੀਲੀ ਹੁੰਦਿਆਂ ਵੇਖ ਕੇ ਉਸਨੇ ਚੁੱਪਚਾਪ ਬਾਹਰ ਜਾਣਾ ਹੀ ਮੁਨਾਸਿਬ ਸਮਝਿਆ।

ਸਾਰੇ ਅਧਿਆਪਕ ਨਿਹਾਲੀ ਦੀ ਬਦਲੀ ਦੀ ਉਡੀਕ ਕਰਨ ਲੱਗੇ। ਉਸਦੀ ਬਦਲੀ ਦੀ ਚਰਚਾ ਸਕੂਲ ਵਿਚ ਹਰ ਵੇਲੇ ਹੁੰਦੀ ਰਹਿੰਦੀ। ਇਕ ਦਿਨ ਮਹਿਕਮੇ ਵੱਲੋਂ ਪੱਤਰ ਆਇਆ ਤੇ ਪਤਾ ਚੱਲਿਆ ਕਿ ਮੁੱਖ ਅਧਿਆਪਕਾ ਦੀ ਹੀ ਬਦਲੀ ਕਿਸੇ ਦੂਰ ਦੇ ਸਕੂਲ ਵਿਚ ਹੋ ਗਈ ਹੈ। ਸਾਰੇ ਸਾਬਣ ਦੀ ਝੱਗ ਵਾਂਗ ਬੈਠ ਗਏ। ਉਸਦੇ ਪ੍ਰਸੰਸਕਾਂ ਨੇ ਖ਼ੁਸ਼ੀ ਮਨਾਈ ਅਤੇ ਉਨ੍ਹਾਂ ਦੀ ਖ਼ੁਸ਼ੀ ਦੀ ਉਸ ਵੇਲੇ ਕੋਈ ਹੱਦ ਨਾ ਰਹੀ ਜਦੋਂ ਉਸਦਾ ਪਹਿਲਾ ਮੁੱਖ ਅਧਿਆਪਕ ਹੁੰਦਲ ਸਾਹਿਬ ਹੀ, ਜੋ ਕਿ ਵਿਦਿਆ ਮਹਿਕਮੇ ਵੱਲੋਂ ਇਕ ਸਫ਼ਲ ਪ੍ਰਬੰਧਕ ਮੰਨਿਆ ਜਾਂਦਾ ਸੀ, ਤਬਦੀਲ ਹੋ ਕੇ ਉਸਦੇ ਸਕੂਲ ਆ ਗਿਆ। ਅਧਿਆਪਕਾਂ ਦੀ ਜਥੇਬੰਦੀ ਕਹਿਣ ਲੱਗੀ ਕਿ ਚੋਰ ਕੁੱਤੀ ਇਕੱਠੇ ਹੋ ਗਏ ਨੇ। ਕਈ ਕਹਿਣ ਲੱਗੇ ਕਿ ਮੌਜਾਂ ਲੈਣੀਆਂ ਹੋਣ ਤਾਂ ਨਿਹਾਲੋ ਦੇ ਸਕੂਲ ਜਾ ਲੱਗੋ, ਪੰਜੇ ਹੀ ਘਿਉ ਵਿਚ।

ਨਿਹਾਲੀ ਪਹਿਲਾਂ ਵਾਂਗ ਇਸ ਚਰਚਾ ਤੋਂ ਨਿਰਲੇਪ ਰਹਿਣਾ ਚਾਹੁੰਦੀ ਸੀ ਪਰ ਉਸਦੇ ਘਰਦਿਆਂ ਨੇ ਇਲਾਕੇ ਵਿਚ ਉਸਦੀ ਸ਼ੋਭਾ ਸੁਣ ਕੇ ਉਸਨੂੰ ਵਿਆਹੁਣ ਦੀ ਕਾਹਲ ਕੀਤੀ। ਨਿਹਾਲੋ ਨੇ ਵੀ ਘਰਦਿਆਂ ਦਾ ਰੁਖ ਵੇਖ ਕੇ ਪੰਜਾਲੀ ਵਿਚ ਸਿਰ ਦੇ ਹੀ ਦਿੱਤਾ। ਬੜੀ ਸੱਜ-ਧੱਜ ਨਾਲ ਉਸਦਾ ਵਿਆਹ ਇਲਾਕੇ ਦੇ ਤਗੜੇ ਜ਼ਿਮੀਂਦਾਰ ਦੇ ਵੈਲੀ ਪਰ ਸ਼ੌਕੀਨ ਮੁੰਡੇ ਨਾਲ ਕੀਤਾ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਮੇਲੀ ਤੇ ਬਰਾਤੀ ਇਕੱਠੇ ਹੋਏ ਤੇ ਰੱਜ ਕੇ ਜਸ਼ਨ ਮਨਾਏ ਗਏ। ਪਰ ਨਿਹਾਲੀ ਦੀ ਖ਼ੁਸ਼ੀ ਬਹੁਤਾ ਚਿਰ ਟਿਕ ਨਾ ਸਕੀ। ਉਸਦਾ ਪਤੀ ਉਸ ਨਾਲ ਬਹੁਤ ਪਿਆਰ ਕਰਦਾ ਸੀ ਅਤੇ ਆਪਣੇਆਪ ਨੂੰ ਨਿਹਾਲੀ ਦਾ ਸ਼ੌਹਰ ਹੋਣ ਕਰਕੇ ਭਾਗਾਂ ਵਾਲਾ ਸਮਝਦਾ ਸੀ। ਨਿਹਾਲੋ ਨੂੰ ਸੈਂਕੜੇ ਲੜਕਿਆਂ ਨੇ ਦੁਲਹਨ ਬਣਾਉਣ ਦੇ ਸੁਪਨੇ ਲਏ ਸਨ। ਇਸ ਲਈ ਧੀਰਜ ਸਿੰਘ ਆਪਣੇ ਆਪ ਨੂੰ ਖ਼ੁਸ਼ ਨਸੀਬ ਸਮਝਣ ਲੱਗਾ ਕਿ ਉਸਨੇ ਇਲਾਕੇ ਦੀ ਬੇਹੱਦ ਸੁੰਦਰ ਲੜਕੀ ਨਾਲ ਸ਼ਾਦੀ ਕੀਤੀ ਹੈ। ਜਦੋਂ ਗਲੀਆਂ ਬਾਜ਼ਾਰਾਂ ਵਿਚ ਨਿਹਾਲੋ ਨੂੰ ਜਾਂਦੇ-ਆਉਂਦੇ ਲੋਕ ਭੁੱਖੀਆਂ ਨਜ਼ਰਾਂ ਨਾਲ ਵੇਖਦੇ ਤਾਂ ਧੀਰਜ ਦਾ ਕਲੇਜਾ ਫਟਣ ਲੱਗਾ। ਉਸਦੀ ਬੇਚੈਨੀ ਦਿਨੋ-ਦਿਨ ਵਧਣ ਲੱਗੀ ਕਿਉਂਕਿ ਉਹ ਯਾਰਾਂ-ਦੋਸਤਾਂ ਕੋਲੋਂ ਨਿਹਾਲੋ ਦੇ ਪਹਿਲਾਂ ਜੀਵਨ ਦੀਆਂ ਚਰਚਿਤ ਕਹਾਣੀਆਂ ਸੁਣਦਾ। ਉਸ ਕੋਲ ਬਾਹਲਾ ਰਿਜ਼ਕ ਸੀ ਇਸ ਲਈ ਉਸਨੇ ਨਿਹਾਲੋ ਨੂੰ ਨੌਕਰੀ ਛੱਡਣ ਲਈ ਮਜਬੂਰ ਕੀਤਾ ਪਰ ਨਿਹਾਲੋ

ਆਪਣੀ ਨੌਕਰੀ ਕਿਸੇ ਕੀਮਤ 'ਤੇ ਤਿਆਗਣਾ ਨਹੀਂ ਸੀ ਚਾਹੁੰਦੀ। ਇਕ ਦਿਨ ਅਜਿਹਾ ਵੀ ਆਇਆ ਕਿ ਉਸਨੇ ਧੀਰਜ ਨੂੰ ਤਿਆਗ ਦਿੱਤਾ ਪਰ ਸਰਵਿਸ ਕਾਇਮ ਰੱਖੀ। ਘਰਵਾਲਿਆਂ ਨੇ, ਸਹੁਰਿਆਂ ਨੇ ਉਸਨੂੰ ਸਮਝਾਉਣ-ਬੁਝਾਉਣ ਦੀ ਸਿਰਤੋੜ ਕੋਸ਼ਿਸ਼ ਕੀਤੀ ਪਰ ਜੋ ਨਿਹਾਲੋ ਨੂੰ ਮੰਜ਼ੂਰ ਹੋਇਆ, ਉਹੀ ਹੋਇਆ।

ਨਿਹਾਲੀ ਮਹਿਲਨੁਮਾ ਧੀਰਜ ਦਾ ਘਰ ਛੱਡ ਕੇ ਸ਼ਹਿਰ ਵਿਚ ਕਿਰਾਏ ਦੇ ਮਕਾਨ ਵਿਚ ਰਹਿਣ ਲੱਗੀ। ਉਸਦੇ ਕੋਈ ਔਲਾਦ ਵੀ ਨਾ ਹੋਈ। ਇਸ ਵਿਚ ਰੱਬ ਜਾਣੇ ਕੌਣ ਜ਼ਿੰਮੇਵਾਰ ਸੀ...ਉਹ ਕਿ ਧੀਰਜ। ਖ਼ੈਰ ਹੌਲੀ-ਹੌਲੀ ਉਸਨੇ ਨਵੀਂ ਜ਼ਿੰਦਗੀ ਨਾਲ ਆਪਣੇ ਆਪ ਨੂੰ ਢਾਲ ਲਿਆ। ਉਸਦੇ ਪੁਰਾਣੇ ਸਹਿਪਾਠੀ ਸਮਕਾਲੀ ਅਧਿਆਪਕ ਅਤੇ ਵਿਦਿਆ ਮਹਿਕਮੇ ਦੇ ਅਫ਼ਸਰ ਉਸ ਨਾਲ ਦੁਬਾਰਾ ਮਿਲਣ-ਗਿਲਣ ਲੱਗੇ। ਹੁਣ ਉਸਦੀ ਤਰੱਕੀ ਬਤੌਰ ਮੁੱਖ-ਅਧਿਆਪਕ ਹੋ ਚੁੱਕੀ ਸੀ। ਉਹ ਬੜੇ ਠਾਠ ਨਾਲ ਰਹਿਣ ਲੱਗੀ। ਨਿਹਾਲੀ ਦੇ ਘਰ ਵਾਲਿਆਂ ਉਸਦਾ ਮੁਕੰਮਲ ਬਾਈਕਾਟ ਕੀਤਾ ਹੋਇਆ ਸੀ। ਇਹ ਕੋਈ ਜੱਗੋਂ ਬਾਹਰੀ ਗੱਲ ਨਹੀਂ ਸੀ ਕਿਉਂਕਿ ਮੁਸੀਬਤ ਵੇਲੇ ਆਪਣਾ ਸਾਇਆ ਵੀ ਸਾਥ ਛੱਡ ਜਾਂਦਾ ਹੈ ਪਰ ਉਸਦੇ ਰਿਸ਼ਤੇਦਾਰ ਤੇ ਸੰਗੀ-ਸਾਥੀ ਸ਼ਰੇਆਮ ਮਿਲਦੇ ਸਨ। ਨਿਹਾਲੀ ਉਪਰ ਇਨ੍ਹਾਂ ਬਾਈਕਾਟਾਂ ਦਾ ਭੋਰਾ ਅਸਰ ਨਹੀਂ ਸੀ ਕਿਉਂਕਿ ਉਹ ਸਮਝਦੀ ਸੀ ਕਿ ਉਸਦਾ ਪਰਿਵਾਰ ਪਰੰਪਰਾਵਾਦੀ ਵਿਚਾਰਾਂ ਦਾ ਹੈ।

ਹੌਲੀ-ਹੌਲੀ ਨਿਹਾਲੀ ਦਾ ਘਰ ਲੋਕਾਂ ਲਈ ਦੁੱਖ ਨਿਵਾਰਨ ਬਣ ਗਿਆ। ਉਸਦੇ ਸੰਬੰਧ ਵੱਡੇ-ਵੱਡੇ ਅਫ਼ਸਰਾਂ ਤੇ ਸਿਆਸੀ ਨੇਤਾਵਾਂ ਨਾਲ ਸਥਾਪਤ ਹੋ ਚੁੱਕੇ ਸਨ। ਬਦਲੀਆਂ ਦਾ ਕੰਮ ਉਹ ਬੜੀ ਰੀਝ ਨਾਲ ਕਰਦੀ ਸੀ। ਸੇਵਾ ਫਲ ਵਜੋਂ ਉਹ ਕੋਈ ਪੈਸਾ ਨਹੀਂ ਸੀ ਲੈਂਦੀ ਪਰ ਕੰਮਾਂ ਧੰਦਿਆਂ ਵਾਲੇ ਤੋਹਫ਼ੇ ਨਾਲ ਉਹਦਾ ਘਰ ਭਰ ਛੱਡਦੇ ਸਨ। ਇਹੀ ਤੋਹਫ਼ੇ ਉਹ ਉੱਚ ਅਫ਼ਸਰਾਂ ਤੇ ਮੰਤਰੀਆਂ ਦੀ ਝੋਲੀ ਪਾ ਛੱਡਦੀ ਸੀ। ਉਸ ਨਾਲ ਮਿਲ ਕੇ ਸਭ ਮਰਦ ਵਰਗ ਦੇ ਲੋਕ ਖ਼ੁਸ਼ ਹੁੰਦੇ। ਘੱਟ ਹੀ ਕੋਈ ਅਜਿਹਾ ਕੰਮ ਹੋਵੇ ਜਿਹੜਾ ਉਹਦੇ ਲਈ ਅਸੰਭਵ ਹੋਵੇ।

ਅੱਜ-ਕੱਲ੍ਹ ਉਸਨੂੰ ਵੱਖ-ਵੱਖ ਪਾਰਟੀਆਂ ਵਾਲੇ ਆਪਣੇ ਦਲਾਂ ਵੱਲ ਖਿੱਚ ਰਹੇ ਹਨ। ਨਗਰ ਕਮੇਟੀ ਦੀਆਂ ਚੋਣਾਂ ਵਿਚ ਉਹ ਆਜ਼ਾਦ ਉਮੀਦਵਾਰ ਵਜੋਂ ਆਸਾਨੀ ਨਾਲ ਚੁਣੀ ਗਈ ਸੀ। ਦੋਵੇਂ ਮੁੱਖ ਰਾਜਨੀਤਕ ਦਲਾਂ ਦੀ ਕਮੇਟੀ ਵਿਚ ਬਹੁ-ਗਿਣਤੀ ਨਹੀਂ ਸੀ। ਮੈਡਮ ਨਿਹਾਲੀ ਆਜ਼ਾਦ ਦਲ ਦੀ ਮੁਖੀਆ ਸੀ। ਦੋਵੇਂ ਦਲ ਉਸਨੂੰ ਆਪਣੇ ਦਲ ਵਿਚ ਸ਼ਾਮਿਲ ਕਰਨ ਲਈ ਤਰਲੋਮੱਛੀ ਹੋ ਰਹੇ ਸਨ ਪਰ ਮੈਡਮ ਜੀ ਕਿਸੇ ਨੂੰ ਵੀ ਪੱਲਾ ਨਹੀਂ ਸਨ ਫੜਾ ਰਹੇ। ਉਸਨੂੰ ਪੈਸੇ ਜਾਂ ਸ਼ੋਹਰਤ ਦੀ ਕੋਈ ਭੁੱਖ ਨਹੀਂ ਸੀ। ਇਨ੍ਹਾਂ ਕਾਰਨਾਂ ਕਰਕੇ ਬਹੁਤੇ ਲੋਕ ਰਾਜਨੀਤੀ ਵਿਚ ਕੁੱਦਦੇ ਹਨ। ਉਹ ਤਾਂ ਆਪ ਸ਼ੋਹਰਤਾਂ ਵੰਡਦੀ ਸੀ। ਮਾਇਆ ਵੀ ਉਸਦੇ ਅੱਗੇ-ਪਿੱਛੇ ਫਿਰਦੀ ਸੀ। ਵਾਹਿਗੁਰੂ ਨੰਬਰਦਾਰ ਦੀ ਇਸ ਸੁਲੱਖਣੀ ਧੀ ਨੂੰ ਸਲਾਮਤ ਰੱਖੇ। ਸਭਨਾਂ ਆਧੀਆਂ ਪੁਆਧੀਆਂ ਤੋਂ। 'ਗੋਰਾ ਰੰਗ ਨਾ ਰੱਬਾ ਕਿਸੇ ਨੂੰ ਦੇਵੀਂ ਸਾਰਾ ਜੱਗ ਵੈਰੀ ਹੋ ਗਿਆ'।

ਭਾਗਭਰੀ

ਭਾਗਭਰੀ ਜਦੋਂ ਹੋਣ ਵਾਲੀ ਸੀ ਤਾਂ ਉਸਦੀ ਮਾਂ ਪੌੜੀਆਂ ਤੋਂ ਹੇਠਾਂ ਰਿੜ ਪਈ ਸੀ। ਉਸਨੂੰ ਜ਼ਖ਼ਮੀ ਹਾਲਤ ਵਿਚ ਡਾਕਟਰ ਕੋਲ ਲਿਜਾਇਆ ਗਿਆ। ਡਾਕਟਰ ਨੇ ਜਾਂਚ ਕਰਕੇ ਆਖਿਆ ਸੀ ਕਿ ਬੱਚੇ ਨੂੰ ਬਚਾਉਣਾ ਮੁਸ਼ਕਲ ਹੈ ਪਰ ਉਸਦੀ ਮਾਂ ਨੇ ਬੱਚੇ ਨੂੰ ਬਚਾਉਣ ਲਈ ਤਰਲਾ ਮਾਰਿਆ। ਆਪ ਭਾਵੇਂ ਉਹ ਬਚੇ ਭਾਵੇਂ ਨਾ ਬਚੇ। ਕੁਦਰਤ ਨੇ ਦੋਹਾਂ ਨੂੰ ਬਚਾ ਲਿਆ ਤੇ ਉਹ ਕੁਝ ਸਮੇਂ ਬਾਅਦ ਰਾਜ਼ੀ-ਬਾਜ਼ੀ ਹੋ ਗਈ। ਉਸਦਾ ਨਾਮ ਭਾਗਾਂ ਵਾਲੀ ਹੋਣ ਕਰਕੇ ਭਾਗਭਰੀ ਰੱਖਿਆ ਗਿਆ। ਉਸਨੂੰ ਪਰਿਵਾਰ ਉਡੀਕ ਰਿਹਾ ਸੀ। ਉਹ ਚਾਰ ਭਰਾਵਾਂ ਬਾਅਦ ਪੈਦਾ ਹੋਈ ਸੀ। ਉਸਨੂੰ ਪ੍ਰਾਪਤ ਕਰਨ ਵਾਸਤੇ ਉਸਦੀ ਮਾਂ ਨੇ ਬੜੇ ਦੁਖੜੇ ਝੱਲੇ ਸਨ ਤੇ ਵਾਹਿਗੁਰੂ ਅੱਗੇ ਕਈ ਵਾਰ ਅਰਦਾਸਾਂ ਕੀਤੀਆਂ ਸਨ।

ਜਦੋਂ ਉਹ ਤਿੰਨ ਸਾਲ ਦੀ ਸੀ ਤਾਂ ਉਸਦੀ ਮਾਂ ਖੂਹ 'ਤੇ ਕੱਪੜੇ ਧੋ ਰਹੀ ਸੀ। ਉਹ ਲਾਗੇ ਖੇਡ ਰਹੀ ਸੀ। ਉਹ ਖੂਹ ਦੀ ਮਣ ਤੋਂ ਝਾਕਦੀ-ਝਾਕਦੀ ਵਿਚ ਡਿੱਗ ਪਈ। ਧੜੱਮ ਦੀ ਆਵਾਜ਼ ਸੁਣ ਕੇ ਉਸਦੀ ਮਾਂ ਜੋ ਲਾਗੇ ਕੱਪੜੇ ਧੋਂਦੀ ਗੱਲੀਂ ਟੱਕਰੀ ਸੀ, ਭੱਜੀ ਆਈ ਤੇ ਉਸਨੇ ਗੜ੍ਹੀ 'ਤੇ ਬੈਠੇ ਮੁੰਡੇ ਨੂੰ ਛਾਲ ਮਾਰਨ ਲਈ ਆਖਿਆ। ਮੁੰਡਾ ਕੁੜੀ ਨੂੰ ਕੱਢ ਕੇ ਬਾਹਰ ਲੈ ਆਇਆ। ਉਹ ਬੇਹੋਸ਼ ਹੋ ਗਈ ਸੀ। ਉਸ ਨੂੰ ਢਿੱਡ ਪਰਨੇ ਕਰਕੇ ਪਾਣੀ ਕੱਢਿਆ ਗਿਆ ਤੇ ਉਹ ਕੁਝ ਦੇਰ ਬਾਅਦ ਹੋਸ਼ ਵਿਚ ਆ ਗਈ। ਉਸਦੀ ਮਾਂ ਨੇ ਵਾਹਿਗੁਰੂ ਦਾ ਲੱਖ-ਲੱਖ ਸ਼ੁਕਰਾਨਾ ਕੀਤਾ। ਅਗਲੇ ਸਾਲ ਹੀ ਸੰਨ ਸੰਤਾਲੀ ਦੇ ਰੌਲੇ ਪੈ ਗਏ। ਪੱਛਮੀ ਪੰਜਾਬ ਵੱਲੋਂ ਹਿੰਦੂ-ਸਿੱਖ ਪਰਿਵਾਰਾਂ ਨੂੰ ਚਾਣਚੱਕ ਪੂਰਬੀ ਪੰਜਾਬ ਵੱਲ ਦੌੜਨਾ ਪਿਆ। ਜਦੋਂ ਭਾਗਭਰੀ ਦਾ ਸਮੁੱਚਾ ਪਰਿਵਾਰ ਪਿੰਡ ਵਿਚ ਸਭ ਕੁਝ ਛੱਡ ਕੇ ਜਾਣ ਲਈ ਤਿਆਰ ਹੋਇਆ ਤਾਂ ਭਾਗਭਰੀ ਘਰੋਂ ਬਾਹਰ ਸਹੇਲੀਆਂ ਨਾਲ ਖੇਡ ਰਹੀ ਸੀ। ਉਹ ਲੱਭ ਨਹੀਂ ਸੀ ਰਹੀ। ਪਿਤਾ ਨੇ ਕਿਹਾ ਕਿ ਛੱਡੋ ਇਹਨੂੰ ਏਥੇ ਹੀ, ਫੇਰ ਲੈ ਜਾਵਾਂਗੇ ਪਰ ਉਸਦੀ ਮਾਂ ਨੇ ਜ਼ਿਦ ਕਰਕੇ ਧੀ ਨੂੰ ਲੱਭ ਲਿਆਂਦਾ ਤੇ ਨਾਲ ਲੈ ਕੇ ਹੀ ਗਈ। ਇਸੇ ਤਰ੍ਹਾਂ ਰਸਤੇ ਵਿਚ ਉਹ ਚੂਹੜਕਾਣੇ ਇਕ ਰਾਹਤ ਕੈਂਪ ਵਿਚ ਉਹ ਤੁਰਨ ਲੱਗਿਆਂ ਫਿਰ ਭੀੜ ਵਿਚ ਗਵਾਚ ਗਈ ਸੀ। ਬਾਕੀ ਪਰਿਵਾਰ ਦੇ ਰੋਕਦਿਆਂ ਵੀ ਉਸਦੀ ਮਾਂ ਉਸਨੂੰ ਭੀੜ ਵਿਚੋਂ ਢੂੰਡ ਲਿਆਈ ਸੀ। ਇਸ ਤਰ੍ਹਾਂ ਉਹ ਕਈਆਂ ਹੱਲਿਆਂ ਤੇ ਆਫ਼ਤਾਂ ਤੋਂ ਬਚਦੇ-ਬਚਾਉਂਦੇ ਅੰਮ੍ਰਿਤਸਰ ਪਹੁੰਚੇ ਸਨ।

ਆਉਂਦਿਆਂ ਹੀ ਹੈਜ਼ਾ ਫੈਲ ਕਾਰਨ ਉਹ ਬਾਕੀਆਂ ਵਾਂਗ ਹੈਜ਼ੇ ਨਾਲ ਸਖ਼ਤ ਬਿਮਾਰ

ਹੋ ਗਈ ਸੀ। ਪਾਣੀ ਗੰਦਾ ਪੀਣ ਕਰਕੇ ਬਹੁਤ ਲੋਕ ਹੈਜ਼ੇ ਦੀ ਲਪੇਟ ਵਿਚ ਆ ਗਏ ਸਨ। ਇਸ ਦੌਰ ਵਿਚ ਭਾਗਭਰੀ ਤਾਂ ਬਚ ਗਈ ਪਰ ਉਹਦੇ ਦੋ ਭਰਾ ਤੇ ਦਾਦਾ ਚੱਲ ਵੱਸੇ ਸਨ। ਉਸਦੀ ਮਾਂ ਜਦੋਂ ਪੁੱਤਰਾਂ ਦੇ ਜਾਣ ਕਾਰਨ ਰੋਂਦੀ ਤਾਂ ਭਾਗਭਰੀ ਉਸਦੀ ਗੋਦ ਵਿਚ ਆ ਕੇ ਉਸਨੂੰ ਦਿਲਾਸਾ ਦੇਂਦੀ ਸੀ ਤੇ ਨਾਲ ਵੀਰਾਂ ਨੂੰ ਯਾਦ ਕਰਕੇ ਆਪ ਵੀ ਰੋਣ ਲੱਗਦੀ। ਧੀ ਦੇ ਲਾਗੇ ਬੈਠਣ ਨਾਲ ਮਾਂ ਦੇ ਸਭੇ ਦੁੱਖ ਦੂਰ ਹੋ ਜਾਂਦੇ। ਕੁਦਰਤ ਦਾ ਭਾਣਾ ਸੀ। ਉਹ ਅਨੇਕਾਂ ਤੂਫ਼ਾਨਾਂ ਤੇ ਬਲਾਵਾਂ ਦੇ ਮੂੰਹ ਵਿਚੋਂ ਸਹੀ ਸਲਾਮਤ ਨਿਕਲ ਕੇ ਵਾਪਸ ਆਈ ਸੀ। ਉਸਨੂੰ ਕਈ ਅਚਿੰਤੇ ਬਾਜ਼ ਪਏ ਸਨ ਪਰ ਕੁਦਰਤ ਨੇ ਹਾਲੇ ਉਹਦੇ ਕੋਲੋਂ ਕਈ ਕੰਮ ਲੈਣੇ ਸਨ।

ਉਹ ਜਦੋਂ ਜਵਾਨ ਹੋਈ ਤਾਂ ਉਸਨੂੰ ਵੇਖ ਕੇ ਭੁੱਖ ਲੇਂਹਦੀ ਸੀ। ਉਸਦੇ ਤਾਏ ਦੀ ਧੀ ਜੋ ਕਿ ਰਸੂਲਪੁਰ ਦੇ ਜ਼ੈਲਦਾਰ ਦੀ ਵੱਡੀ ਨੂੰਹ ਸੀ, ਨੇ ਭਾਗਭਰੀ ਦਾ ਰਿਸ਼ਤਾ ਆਪਣੇ ਦਿਓਰ ਕੇਸਰ ਨਾਲ ਕਰਵਾ ਦਿੱਤਾ। ਜ਼ੈਲਦਾਰ ਦਾ ਪਰਿਵਾਰ ਪਿੰਡ ਦਾ ਕਿਸੇ ਵੇਲੇ ਆਧੀ ਸੀ। ਅੱਜ ਕੱਲ੍ਹ ਵੀ ਉਸਦੀ ਪੰਜ ਮੁਰੱਬੇ ਜ਼ਮੀਨ ਸੀ। ਕੇਸਰ ਵੀ ਸੋਹਣਾ ਸੁਨੱਖਾ ਨੌਜਵਾਨ ਸੀ। ਭਾਗਭਰੀ ਨੇ ਵਿਆਹ ਤੋਂ ਜਲਦੀ ਬਾਅਦ ਸਾਰੇ ਪਰਿਵਾਰ ਦਾ ਦਿਲ ਜਿੱਤ ਲਿਆ ਸੀ। ਉਸਦਾ ਸੱਸ-ਸਹੁਰਾ, ਵੱਡੀ ਨਾਲੋਂ ਛੋਟੀ ਨੂੰਹ ਭਾਗਭਰੀ ਨਾਲ ਵਧੇਰੇ ਗਿਟਮਿਟ ਰੱਖਦੇ ਸਨ। ਇਸ ਗੱਲ ਦੀ ਵੱਡੀ ਨੂੰਹ ਨੂੰ ਗਿਲਾਨੀ ਵੀ ਸੀ ਪਰ ਉਹ ਭਾਗਭਰੀ ਨੂੰ ਭੈਣ ਵਧੇਰੇ ਤੇ ਦਰਾਣੀ ਘੱਟ ਸਮਝਦੀ ਸੀ। ਭਾਗਭਰੀ ਨੂੰ ਗਿੱਧਾ ਪਾਉਣਾ ਸ਼ੁਰੂ ਤੋਂ ਹੀ ਆਉਂਦਾ ਸੀ। ਕੋਈ ਵੀ ਪਰਿਵਾਰ ਵਿਚ ਵਿਆਹ ਸ਼ਾਦੀ ਹੁੰਦੀ ਤਾਂ ਭਾਗਭਰੀ ਨੱਚ-ਨੱਚ ਫਰਸ਼ ਹਿਲਾ ਦੇਂਦੀ ਸੀ। ਸਾਰਾ ਪਰਿਵਾਰ ਖ਼ੁਸ਼ੀਆਂ ਨਾਲ ਖੇਡ ਰਿਹਾ ਸੀ।

ਜਿਸ ਤਰ੍ਹਾਂ ਕਿ ਪਿੰਡਾਂ ਵਿਚ ਆਮ ਹੁੰਦਾ ਹੈ ਕਿ ਵਿਆਹ ਤੋਂ ਬਾਅਦ ਜੇਕਰ ਸਾਲ ਦੋ ਸਾਲ ਬਾਅਦ ਕੋਈ ਬੱਚਾ-ਬੱਚੀ ਨਾ ਹੋਵੇ ਤਾਂ ਪਰਿਵਾਰ ਵਿਚ ਘੁਸਰ-ਮੁਸਰ ਹੋਣ ਲੱਗ ਪੈਂਦੀ ਹੈ। ਭਾਗਭਰੀ ਦੇ ਵਿਆਹ ਨੂੰ ਪੂਰੇ ਚਾਰ ਸਾਲ ਹੋ ਗਏ ਸਨ। ਔਲਾਦ ਦੀ ਖ਼ਾਤਰ ਉਸਨੇ ਲਾਗੇ-ਬੰਨੇ ਦੇ ਸਾਧਾਂ ਸਵਾਮੀਆਂ ਕੋਲ ਮੱਥੇ ਰਗੜੇ ਸਨ। ਉਸਦੀ ਸੱਸ ਨੇ ਵੀ ਉਸਦੇ ਨਾਲ ਜਾ ਕੇ ਕਈ ਗੁਰਦੁਆਰਿਆਂ ਵਿਚ ਸੁੱਖਣਾਂ ਸੁੱਖੀਆਂ ਸਨ। ਚਾਲੀਹੇ ਦੁਪਹਿਰੇ ਸੁੱਖੇ ਸਨ ਪਰ ਕੋਈ ਫ਼ਲ ਪ੍ਰਾਪਤ ਨਾ ਹੁੰਦਾ ਵੇਖ ਕੇ ਉਹ ਮਾਯੂਸ ਹੋ ਗਈ ਸੀ। ਉਸਨੇ ਕੇਸਰ ਨੂੰ ਦੂਜਾ ਵਿਆਹ ਕਰਾਉਣ ਲਈ ਕਹਿਣਾ ਸ਼ੁਰੂ ਕਰ ਦਿੱਤਾ ਸੀ ਪਰ ਕੇਸਰ ਹਾਲੇ ਹੋਰ ਉਡੀਕਣਾ ਚਾਹੁੰਦਾ ਸੀ। ਉਧਰ ਜ਼ਮੀਨ ਦੀ ਵੰਡ ਨੂੰ ਲੈ ਕੇ ਭਾਗਭਰੀ ਦੇ ਪਿਉ ਦੀ ਛੋਟੇ ਭਰਾ ਨਾਲ ਅਣ-ਬਣ ਹੋ ਗਈ। ਇਸ ਗੱਲ ਦਾ ਜਦੋਂ ਇਨ੍ਹਾਂ ਦਰਾਣੀਆਂ-ਜਠਾਣੀਆਂ ਨੂੰ ਪਤਾ ਲੱਗਾ ਤਾਂ ਇਨ੍ਹਾਂ ਦੇ ਸੰਬੰਧ ਵੀ ਖ਼ਰਾਬ ਹੋਣੇ ਸ਼ੁਰੂ ਹੋ ਗਏ। ਕੇਸਰ ਦੀ ਵੱਡੀ ਭਰਜਾਈ ਨੇ ਉਹਨੂੰ ਨਵਾਂ ਵਿਆਹ ਕਰਾਉਣ ਲਈ ਚੁੱਕਣਾ ਸ਼ੁਰੂ ਕਰ ਦਿੱਤਾ। ਉਹ ਆਪਣੀ ਮਾਸੀ ਦੀ ਧੀ ਦਾ ਰਿਸ਼ਤਾ ਲਿਆ ਰਹੀ ਸੀ। ਭਾਗਭਰੀ ਦੀ ਸੱਸ ਤਾਂ ਪਹਿਲਾਂ ਹੀ ਤਿਆਰ ਸੀ। ਇਸ ਲਈ ਭਾਵੇਂ ਕੇਸਰ ਅਤੇ ਭਾਗਭਰੀ ਦੋਵੇਂ ਇਸ ਵਿਆਹ ਦੇ ਖ਼ਿਲਾਫ਼ ਸਨ ਪਰ ਫਿਰ

ਵੀ ਕੇਸਰ ਦੀ ਮਾ ਨੇ ਵਿਚ ਪੈ ਕੇ ਦੂਜੀ ਨੂੰਹ ਲੈ ਹੀ ਆਂਦੀ। ਭਾਗਭਰੀ ਰੁੱਸ ਕੇ ਪੇਕੇ ਚਲੀ ਗਈ। ਕੇਸਰ ਉਸਨੂੰ ਮਨਾਉਣ ਲਈ ਚਲਾ ਗਿਆ ਪਰ ਉਹ ਦੂਜੀ ਬਣ ਕੇ ਨਹੀਂ ਸੀ ਰਹਿਣਾ ਚਾਹੁੰਦੀ। ਉਹ ਨਾ ਆਈ। ਕਦੇ ਨਾ ਆਈ।

ਭਾਗਭਰੀ ਨੂੰ ਜਿੰਨਾ ਆਪਣੇ ਸੌਹਰੇ ਵੱਲੋਂ ਪਿਆਰ ਮਿਲਿਆ ਸੀ ਉਹਨੂੰ ਓਨੀ ਹੀ ਇਸ ਪਰਿਵਾਰ ਨਾਲ ਨਫ਼ਰਤ ਹੋ ਗਈ। ਖ਼ਾਸ ਕਰਕੇ ਉਸਨੂੰ ਆਪਣੀ ਸੱਸ ਦੇ ਵਤੀਰੇ ਨਾਲ ਬੜਾ ਗਿਲਾ ਸੀ। ਉਸਦੀ ਭੈਣ ਨੇ ਤਾਂ ਸ਼ਰੀਕਾਦਾਰੀ ਕਰਨੀ ਹੀ ਸੀ। ਉਸ ਨਾਲ ਉਸਨੂੰ ਘੱਟ ਗਿਲਾ ਸੀ। ਕੇਸਰ ਦੀ ਘਰ ਵਿਚ ਅਜਿਹੇ ਮਾਮਲਿਆਂ ਵਿਚ ਕੋਈ ਵਟਕ ਨਹੀਂ ਸੀ। ਉਹ ਬੱਝਾ ਲਾਹੌਰ ਵੇਖ ਰਿਹਾ ਸੀ। ਜਦੋਂ ਉਸਦੇ ਭਰਾਵਾਂ ਨੇ ਵੇਖਿਆ ਕਿ ਭਾਗਭਰੀ ਵਾਪਸ ਕੇਸਰ ਕੋਲ ਨਹੀਂ ਜਾਵੇਗੀ ਤਾਂ ਉਨ੍ਹਾਂ ਨੇ ਉਸਦੀ ਸਹਿਮਤੀ ਨਾਲ ਉਸਨੂੰ ਆਪਣੇ ਹੀ ਸਾਕਾਂ ਵਿਚ ਇਕ ਇਕਲੌਤੇ ਜ਼ਿਮੀਂਦਾਰ ਦੇ ਲੜਕੇ ਕਿਸ਼ਨੇ ਨੂੰ ਵਿਆਹ ਦਿੱਤਾ। ਕਿਸ਼ਨੇ ਦੀ ਪਹਿਲੀ ਘਰਵਾਲੀ ਆਪਣੇ ਪਹਿਲੇ ਬੱਚੇ ਨੂੰ ਜਨਮ ਦੇਣ ਵੇਲੇ ਚੱਲ ਵੱਸੀ ਸੀ। ਬੱਚੇ ਦੀ ਵੀ ਨਾਲ ਹੀ ਮੌਤ ਹੋ ਗਈ ਸੀ। ਕਿਸ਼ਨਾ ਵੀ ਕੇਸਰ ਵਾਂਗ ਸੋਹਣਾ ਸੁਨੱਖਾ ਜਵਾਨ ਸੀ। ਭਾਗਭਰੀ ਨੇ ਭਾਗਾਂ ਨਾਲ ਉਹਦਾ ਘਰ ਭਰ ਦਿੱਤਾ। ਉਸਦੇ ਦੋ ਲੜਕੇ ਦੇ ਇਕ ਲੜਕੀ ਹੋਈ। ਖ਼ੁਸ਼ੀ ਨਾਲ ਕਿਸ਼ਨਾ ਚੱਤੇ ਪਹਿਰ ਪੀਂਦਾ ਰਹਿੰਦਾ ਸੀ। ਉਸਦਾ ਪਿਤਾ ਵੀ ਦਾਰੂ ਦੇ ਡਰੰਮ ਵਿਚ ਡੁੱਬ ਗਿਆ ਸੀ। ਉਸਦੀ ਮਾਂ ਉਸਨੂੰ ਵਰਜਦੀ ਸੀ ਪਰ ਮੁੰਡੇ ਮਾਵਾਂ ਦੇ ਕਿਥੇ ਮੰਨਦੇ ਹਨ। ਉਧਰ ਭਾਗਭਰੀ ਦੀ ਮਾਂ ਧੀ ਦੀ ਔਲਾਦ ਨਾਲ ਝੋਲੀ ਭਰੀ ਵੇਖ ਕੇ ਫੁੱਲੀ ਨਹੀਂ ਸੀ ਸਮਾਉਂਦੀ। ਉਸਨੂੰ ਸਮਝ ਆ ਗਈ ਕਿ ਨੁਕਸ ਭਾਗਭਰੀ ਵਿਚ ਨਹੀਂ ਸਗੋਂ ਕੇਸਰ ਵਿਚ ਸੀ। ਇਸ ਗੱਲ ਦਾ ਕੇਸਰ ਨੂੰ ਪਤਾ ਲੱਗ ਚੁੱਕਾ ਸੀ।

ਉਧਰ ਕੇਸਰ ਦੇ ਘਰ ਦੂਜੇ ਵਿਆਹ ਨੂੰ ਵੀ ਅੱਜ ਤਿੰਨ ਚਾਰ ਸਾਲ ਹੋ ਗਏ ਸਨ। ਕੋਈ ਔਲਾਦ ਉਸਦੀ ਝੋਲੀ ਨਾ ਪਈ। ਉਸਦੇ ਸੌਹਰਿਆਂ ਨੂੰ ਵੀ ਇਸ ਗੱਲ ਦਾ ਪਤਾ ਲੱਗ ਗਿਆ ਕਿ ਨੁਕਸ ਕੇਸਰ ਵਿਚ ਹੈ ਨਾ ਕਿ ਉਨ੍ਹਾਂ ਦੀ ਧੀ ਵਿਚ। ਉਨ੍ਹਾਂ ਆ ਕੇ ਕੇਸਰ ਦੀ ਡਾਕਟਰੀ ਜਾਂਚ ਕਰਾਉਣ ਲਈ ਆਖਿਆ। ਕੇਸਰ ਨੇ ਜਾਂਚ ਕਰਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ ਤੇ ਆਪਣੇ ਸੌਹਰੇ ਨਾਲ ਤੱਤਾ ਠੰਡਾ ਹੋਇਆ। ਕੇਸਰ ਦੀ ਮਾਂ ਨੇ ਵੀ ਡਾਕਟਰੀ ਵਾਲੀ ਗੱਲ ਦਾ ਬਹੁਤ ਬੁਰਾ ਮਨਾਇਆ। ਦੂਜੇ ਪਾਸੇ ਕੇਸਰ ਦੇ ਸੌਹਰੇ ਨੇ ਆਪਣੇ ਸਾਂਢੂ ਜਿਹੜੇ ਕਿ ਕੇਸਰ ਦੀ ਭਰਜਾਈ ਦਾ ਪਿਤਾ ਸੀ, ਨਾਲ ਬਹੁਤ ਗਿਲਾ ਕੀਤਾ। ਉਸਦਾ ਵਿਚਾਰ ਸੀ ਕਿ ਉਸਦੇ ਸਾਂਢੂ ਦੀ ਲੜਕੀ ਨੇ ਇਹ ਜਾਣਦਿਆਂ ਕਿ ਕੇਸਰ ਵਿਚ ਨੁਕਸ ਹੈ, ਫਿਰ ਵੀ ਉਸਦਾ ਰਿਸ਼ਤਾ ਉਸਦੀ ਧੀ ਨਾਲ ਕਰਵਾਇਆ ਹੈ। ਪਰ ਹੁਣ ਤਾਂ ਕੇਵਲ ਗਿਲਾ ਹੀ ਹੋ ਸਕਦਾ ਸੀ। ਤੀਰ ਮਿਆਨੋਂ ਨਿਕਲ ਚੁੱਕਾ ਸੀ। ਕੇਸਰ ਦੀ ਭਰਜਾਈ ਰਾਧੋ ਨੇ ਵੀ ਆਪਣੀ ਅਣਗਹਿਲੀ 'ਤੇ ਪਛਤਾਉਣਾ ਸ਼ੁਰੂ ਕਰ ਦਿੱਤਾ ਸੀ।

ਰਾਧੋ ਇਕ ਦਿਨ ਭਾਗਭਰੀ ਨੂੰ ਮਿਲਣ ਉਸਦੇ ਸੌਹਰੇ ਗਈ। ਉਸਨੂੰ ਪਤਾ ਲੱਗਾ ਸੀ ਕਿ ਉਸਦਾ ਘਰਵਾਲਾ ਬਹੁਤੀ ਦਾਰੂ ਪੀਣ ਕਾਰਨ ਗੁਜ਼ਰ ਗਿਆ ਹੈ। ਉਸ ਨਾਲ ਅਫ਼ਸੋਸ

ਕਰਨ ਗਈ। ਦੋਵੇਂ ਭੈਣਾਂ ਗਲੇ ਲੱਗ ਕੇ ਰੋਈਆਂ। ਉਹ ਬਿਨਾਂ ਕੁਝ ਬੋਲਿਆਂ ਕਿੰਨਾ ਚਿਰ ਰੋਂਦੀਆਂ ਰਹੀਆਂ। ਭਾਗਭਰੀ ਦੀ ਤਕਦੀਰ ਉਸਦੇ ਭਾਗਾਂ ਦਾ ਮਜ਼ਾਕ ਉਡਾ ਰਹੀ ਸੀ। ਦੋਵਾਂ ਨੇ ਆਪਣੇ ਗੁੱਸੇ ਗਿਲੇ ਫੋਲੇ ਤੇ ਦੂਰ ਕੀਤੇ। ਦੋਵਾਂ ਭੈਣਾਂ ਦੇ ਪਿਆਰ ਤੇ ਰਿਸ਼ਤੇ ਨੇ ਫਿਰ ਅੰਗੜਾਈ ਲਈ ਤੇ ਉਹ ਇਕ ਦੂਜੇ ਦੀਆਂ ਹਮਦਰਦੀ ਬਣ ਕੇ ਦਲੀਲਾਂ ਕਰਨ ਲੱਗੀਆਂ। ਉਹ ਚਾਹੁੰਦੀ ਸੀ ਕਿ ਭਾਗਭਰੀ ਦਾ ਇਕ ਬੇਟਾ ਜ਼ੈਲਦਾਰ ਦਾ ਪੋਤਰਾ ਬਣੇ। ਭਾਗਭਰੀ ਕਿਸੇ ਸਮੇਂ ਆਪਣੇ ਪੇਕਿਉਂ ਕੇਸਰ ਦਾ ਘਰ ਵਸਾਉਣ ਨਿਕਲੀ ਸੀ। ਉਹ ਤਾਂ ਉਹ ਵਸਾ ਨਾ ਸਕੀ। ਉਹ ਆਪਣਾ ਇਕ ਵੱਖਰਾ ਪਰਿਵਾਰ ਬਣਾ ਕੇ ਬੈਠੀ ਸੀ। ਉਸ ਪਰਿਵਾਰ ਦਾ ਵੀ ਅੱਜ-ਕੱਲ੍ਹ ਟੁੱਟ ਚੁੱਕਾ ਸੀ। ਉਸਨੇ ਜੋ ਮੌਜ ਬਹਾਰਾਂ ਕੇਸਰ ਦੇ ਘਰ ਮਾਣੀਆਂ ਸਨ, ਉਹ ਭਾਵੇਂ ਉਹਨੂੰ ਦੋਬਾਰਾ ਨਸੀਬ ਨਹੀਂ ਸਨ ਹੋਈਆਂ ਪਰ ਫਿਰ ਵੀ ਉਸਨੂੰ ਕੇਸਰ ਦਾ ਘਰ ਸੱਖਣਾ ਵੇਖ ਕੇ ਉਸ ਨਾਲ ਹਮਦਰਦੀ ਸੀ। ਇਹ ਹਮਦਰਦੀ ਭਾਂਪ ਕੇ ਰਾਧੋ ਨੇ ਭਾਗਭਰੀ ਨੂੰ ਆਪਣਾ ਛੋਟਾ ਪੁੱਤਰ, ਜੋ ਹਾਲੇ ਡੇਢ ਸਾਲ ਦਾ ਸੀ, ਮਸੀਂ ਕੇਸਰ ਨੂੰ ਦੇਣ ਦਾ ਤਰਲਾ ਮਾਰਿਆ। ਇਕ ਪੰਥ ਦੋ ਕਾਜ। ਇਸ ਨਾਲ ਉਸਦੇ ਮਾਸੜ ਦਾ ਵੀ ਉਲ੍ਹਾਮਾ ਲੱਥ ਸਕਦਾ ਸੀ ਤੇ ਭਾਗਭਰੀ ਦੀ ਕੇਸਰ ਪ੍ਰਤੀ ਅੰਦਰੂਨੀ ਹਮਦਰਦੀ ਵੀ ਪੂਰੀ ਹੋ ਸਕਦੀ ਸੀ। ਭਾਗਭਰੀ ਇਹ ਸਵਾਲ ਸੁਣ ਕੇ ਚੁੱਪ ਹੋ ਗਈ। ਜਦੋਂ ਉਸਦੀ ਵੱਡੀ ਭੈਣ ਰਾਧੋ ਨੇ ਦੁਬਾਰਾ ਪੁੱਛਿਆ ਤੇ ਕਿਹਾ—'ਭੈਣੇ ਮੈਂ ਤੇ ਆਪ ਕੇਸਰ ਦਾ ਘਰ ਵਸਾ ਦਿੰਦੀ। ਰੱਬ ਨੇ ਮੈਨੂੰ ਤਾਂ ਧੀਆਂ ਦਾ ਹੀ ਗੱਫਾ ਦਿੱਤਾ ਏ।' ਭਾਗਭਰੀ ਨੇ ਕਿਹਾ ਕਿ ਉਹ ਬਾਕੀ ਜੀਆਂ ਨਾਲ ਸਲਾਹ ਕਰਕੇ ਦੱਸੇਗੀ। ਕਈ ਉਮੀਦਾਂ ਲੈ ਕੇ ਰਾਧੋ ਆਪਣੇ ਘਰ ਮੁੜੀ।

ਅੱਜ ਕੇਸਰ ਦੀ ਭਤੀਜੀ ਦਾ ਵਿਆਹ ਸੀ। ਕੇਸਰ ਤੇ ਉਸਦਾ ਭਰਾ ਈਸ਼ਰ ਵਿਆਹ ਵਿਚ ਰੁੱਝੇ ਹੋਏ ਸਨ। ਕੇਸਰ ਦੇ ਘਰਵਾਲੀ ਸੱਤ-ਅੱਠ ਸਾਲ ਦੇ ਇਕ ਮੁੰਡੇ ਨੂੰ ਤਿਆਰ ਕਰ ਰਹੀ ਸੀ। ਮੁੰਡਾ ਕਾਲੇ ਰੰਗ ਦੀ ਕਮੀਜ਼ ਪਾਉਣ ਦੀ ਜ਼ਿਦ ਕਰ ਰਿਹਾ ਸੀ ਪਰ ਉਸਦੀ ਮਾਂ ਲਾਲ ਰੰਗ ਦਾ ਪਾਉਣਾ ਚਾਹੁੰਦੀ ਸੀ। ਇਸੇ ਹੀ ਮੁੰਡੇ ਦੀ ਮੰਗ ਰਾਧੋ ਨੇ ਕੇਸਰ ਵਾਸਤੇ ਕੀਤੀ ਸੀ। ਆਪਣੀ ਭੈਣ ਦੇ ਵਿਆਹ ਵੇਖਣ ਦਾ ਬਹੁਤ ਚਾਅ ਸੀ। ਅੱਜ ਭਾਗਭਰੀ ਭਾਵੇਂ ਇਸ ਵਿਆਹ ਵਿਚ ਮੌਜੂਦ ਨਹੀਂ ਸੀ ਪਰ ਘਰ ਦੀਆਂ ਮੁੜੀਆਂ ਰੌਣਕਾਂ ਉਪਰ ਉਸਦੀ ਸ਼ਾਪ ਹਰ ਕੋਈ ਮਹਿਸੂਸ ਕਰ ਰਿਹਾ ਸੀ। 'ਉਹ ਕੇਹੜੀ ਗਲੀ ਜਿਥੇ ਭਾਗੋ ਨਹੀਂ ਖੜੀ'।

ਭਾਨੋ ਭੂਆ

ਉਸਦਾ ਨਾਮ ਭਗਵਾਨ ਕੌਰ ਸੀ ਅਤੇ ਉਹ ਜ਼ੈਲਦਾਰ ਗੱਜਣ ਸਿੰਘ ਦੀ ਸਭ ਤੋਂ ਛੋਟੀ ਭੈਣ ਸੀ। ਉਸਨੂੰ ਪਹਿਲਾਂ ਘਰ ਵਿਚ ਭਾਨੋ ਤੇ ਬਾਅਦ ਵਿਚ ਭਾਨੋ ਭੂਆ ਜੀ ਕਹਿਣ ਲੱਗ ਪਏ ਸਨ। ਜ਼ੈਲਦਾਰ ਨੇ ਆਪਣੀ ਇਸ ਭੈਣ ਦਾ ਵਿਆਹ ਆਪਣੇ ਇਕ ਯਾਰ ਜ਼ੈਲਦਾਰ ਕਪੂਰ ਸਿੰਘ ਦੇ ਲੜਕੇ ਨਾਲ ਕਰ ਦਿੱਤਾ। ਜ਼ੈਲਦਾਰ ਦਾ ਇਹ ਲੜਕਾ ਜਗੀਰ ਸਿੰਘ ਇਕਲੌਤਾ ਹੋਣ ਕਰਕੇ ਉਸਦਾ ਵਿਆਹ ਬੜੀ ਸੱਜ-ਧੱਜ ਨਾਲ ਕੀਤਾ ਗਿਆ। ਭਗਵਾਨ ਕੌਰ ਮਹਿਲਾਂ ਵਿਚ ਚਲੀ ਗਈ। ਉਸਦਾ ਪਤੀ ਜਗੀਰ ਸਿੰਘ ਦੋ ਹੀ ਕੰਮ ਕਰਨ ਦਾ ਸ਼ੌਕੀਨ ਸੀ। ਇਕ ਤਾਂ ਉਹ ਦੇਸ਼ ਭਗਤਾਂ ਦੀਆਂ ਅੰਗਰੇਜ਼ਾਂ ਕੋਲ ਮੁਖਬਰੀਆਂ ਕਰਦਾ ਤੇ ਦੂਜਾ ਉਹ ਗੋਰੀਆਂ ਰੰਨਾਂ ਦਾ ਸ਼ੌਕੀ ਸੀ। ਭਾਨੋ ਨੂੰ ਇਹ ਦੋਵੇਂ ਕੰਮ ਚੰਗੇ ਨਹੀਂ ਸਨ ਲੱਗਦੇ। ਉਹ ਸਾਰਾ ਦਿਨ ਆਪਣੇ ਕੰਮ-ਧੰਦਿਆਂ ਵਿਚ ਵਿਅਸਤ ਰਹਿੰਦਾ ਤੇ ਰਾਤ ਨੂੰ ਦਾਰੂ ਨਾਲ ਰੱਜਿਆ ਉਹ ਘਰ ਨੂੰ ਪਰਤਦਾ।

ਸਾਲ ਕੁ ਉਹਦੇ ਘਰ ਵੱਸਣ ਬਾਅਦ ਉਸਨੇ ਮਹਿਸੂਸ ਕੀਤਾ ਕਿ ਜਗੀਰ ਸਿੰਘ ਦੀ ਉਹ ਜੀਵਨ ਸਾਥਣ ਨਹੀਂ ਬਲਕਿ ਜਾਇਦਾਦ ਹੈ, ਜਿਸ ਉੱਤੇ ਉਸਨੇ ਕਾਨੂੰਨੀ ਤੌਰ 'ਤੇ ਕਬਜ਼ਾ ਕੀਤਾ ਹੋਇਆ ਹੈ। ਭਾਨੋ ਨੇ ਅੰਗਰੇਜ਼ੀ ਸਕੂਲ ਤੋਂ ਦਸਵੀਂ ਕੀਤੀ ਸੀ ਤੇ ਉਸਦੇ ਖ਼ਿਆਲਾਤ ਬਹੁਤ ਉੱਚੇ ਤੇ ਸੁੱਚੇ ਸਨ। ਉਹ ਮਹਾਤਮਾ ਗਾਂਧੀ ਨੂੰ ਬਹੁਤ ਵਧੀਆ ਨੇਤਾ ਸਮਝਦੀ ਸੀ ਪਰ ਉਸਦਾ 'ਪਤੀ ਪਰਮੇਸ਼ਵਰ' ਗਾਂਧੀ ਦੇ ਭਗਤਾਂ ਨੂੰ ਚੁਣ-ਚੁਣ ਕੇ ਪੁਲਿਸ ਕੋਲ ਫੜਾਉਂਦਾ ਸੀ। ਉਹ ਕਈ ਮਹੀਨੇ ਵੱਟੀ-ਘੁੱਟੀ ਰਹੀ ਪਰ ਜਗੀਰ ਸਿੰਘ ਨੂੰ ਉਸਦੇ ਜਜ਼ਬਾਤਾਂ ਦਾ ਕੋਈ ਅਹਿਸਾਸ ਨਹੀਂ ਸੀ। ਉਸਦੇ ਵਿਆਹ ਨੂੰ ਦੋ ਸਾਲ ਤੋਂ ਉਪਰ ਹੋ ਗਏ ਸਨ ਤੇ ਹਾਲੇ ਉਸਦੇ ਕੋਈ ਔਲਾਦ ਨਹੀਂ ਸੀ। ਪਰ ਜਗੀਰ ਸਿੰਘ ਨੇ ਤਾਂ ਆਪਣੇ ਵਾਰਿਸ ਦੀ ਖ਼ਾਤਰ ਭਾਨੋ ਨਾਲ ਵਿਆਹ ਕਰਵਾਇਆ ਸੀ। ਭਾਨੋ ਦਾ ਉਸ ਕੋਈ ਇਲਾਜ ਨਾ ਕਰਵਾਇਆ। ਉਸਨੇ ਬਿਨਾਂ ਕਿਸੇ ਹੋਰ ਉਡੀਕ ਦੇ ਆਪਣੇ ਦੂਜੇ ਵਿਆਹ ਦੀ ਤਿਆਰੀ ਸ਼ੁਰੂ ਕਰ ਦਿੱਤੀ। ਭਾਨੋ ਨੇ ਆਪਣੇ ਭਰਾ ਨੂੰ ਇਸ ਬਾਰੇ ਖ਼ਬਰ ਕੀਤੀ ਪਰ ਉਸਨੇ ਜਗੀਰ ਸਿੰਘ ਨੂੰ ਦੂਜੇ ਵਿਆਹ ਤੋਂ ਨਾ ਰੋਕਿਆ। ਉਸਨੇ ਉਸਨੂੰ ਇਕ ਸਾਲ ਹੋਰ ਉਡੀਕਣ ਦੀ ਬੇਨਤੀ ਕੀਤੀ। ਜਦ ਇਕ ਸਾਲ ਬਾਅਦ ਵੀ ਭਾਨੋ ਦੇ ਕੋਈ ਔਲਾਦ ਦੀ ਉਮੀਦ ਨਾ ਬਣੀ ਤਾਂ ਉਸਨੇ ਇਕ ਸਫੈਦਪੋਸ਼ ਦੀ ਲੜਕੀ ਨਾਲ ਵਿਆਹ ਕਰਵਾ ਲਿਆ। ਭਾਨੋ ਨੇ ਬੜਾ

ਵਿਰੋਧ ਕੀਤਾ ਪਰ ਉਹ ਆਪਣੀ ਸੌਂਕਣ ਨੂੰ ਆਪਣੇ ਘਰੇ ਆਉਣ ਤੋਂ ਰੋਕ ਨਾ ਸਕੀ।

ਉਸਨੇ ਰੱਬ ਦਾ ਭਾਣਾ ਮੰਨ ਕੇ ਉਸ ਅੱਗੇ ਹੀ ਆਪਣੇ ਦੁਖੜੇ ਫੋਲਣੇ ਸ਼ੁਰੂ ਕਰ ਦਿੱਤੇ। ਉਹ ਹਰ ਰੋਜ਼ ਦਰਬਾਰ ਸਾਹਿਬ ਜਾਂਦੀ ਅਤੇ ਬਰਤਨ ਮਾਂਜਣ ਦੀ ਸੇਵਾ ਕਰਦੀ। ਉਸਨੂੰ ਅੱਜ ਜੂਠੇ ਬਰਤਨਾਂ ਦੀ ਸੇਵਾ ਕਰਦਿਆਂ ਤਿੰਨ ਮਹੀਨੇ ਹੋ ਗਏ ਸਨ। ਉਸਨੂੰ ਔਲਾਦ ਪੈਦਾ ਹੋਣ ਦੇ ਚਿੰਨ੍ਹ ਵਿਖਾਈ ਦੇਣ ਲੱਗੇ। ਉਹ ਸ਼ੁਕਰਾਨੇ ਵਜੋਂ ਦੋ ਮਹੀਨੇ ਹੋਰ ਇਹ ਸੇਵਾ ਦਿਲ ਜਾਨ ਨਾਲ ਕਰਦੀ ਰਹੀ। ਬਾਬੇ ਦੀ ਕ੍ਰਿਪਾ ਨਾਲ ਉਸਦੇ ਘਰ ਇਕ ਲਾਲ ਨੇ ਜਨਮ ਲਿਆ। ਜਗੀਰ ਸਿੰਘ ਨੇ ਉਸਦਾ ਨਾਮ ਰਾਜਨਬੀਰ ਸਿੰਘ ਰੱਖਿਆ। ਉਸਨੇ ਬੜੀ ਖ਼ੁਸ਼ੀਆਂ ਮਨਾਈਆਂ। ਕਈ ਦਿਨ ਖੁਸਰੇ ਨੱਚਦੇ ਰਹੇ ਤੇ ਮਰਾਸੀ ਨਕਲਾਂ ਕਰਦੇ ਰਹੇ ਤੇ ਵੇਲਾਂ ਵਧਾਉਂਦੇ ਰਹੇ। ਭਾਨੋ ਦੀ ਮਹਾਰਾਜ ਨੇ ਸੁਣ ਲਈ ਸੀ।

ਦੂਜੇ ਵਿਆਹ ਨੂੰ ਹੋਇਆਂ ਤਕਰੀਬਨ ਦੋ ਸਾਲ ਹੋ ਚੱਲੇ ਸਨ ਪਰ ਉਸਦੇ ਘਰ ਕੋਈ ਬਾਲ ਨਹੀਂ ਹੋਇਆ ਸੀ। ਭਾਨੋ ਨੇ ਜਗੀਰ ਸਿੰਘ ਨੂੰ ਆਖਿਆ ਕਿ ਉਹ ਉਸਨੂੰ ਤਲਾਕ ਦੇ ਦੇਵੇ ਕਿਉਂਕਿ ਉਸ ਕੋਲੋਂ ਔਲਾਦ ਦੀ ਕੋਈ ਉਮੀਦ ਨਹੀਂ। ਪਰ ਜਗੀਰ ਸਿੰਘ ਨੇ ਕਿਹਾ— 'ਰੱਬ ਤੇਰੇ ਵਾਂਗ ਉਹਦੀ ਵੀ ਸੁਣ ਲਵੇਗਾ, ਤੂੰ ਜੇਰਾ ਕਰ।' ਭਾਨੋ ਨੇ ਦੋ ਸਾਲ ਹੋਰ ਜੇਰਾ ਕੀਤਾ। ਜਦੋਂ ਉਹਦੀ ਸੌਂਕਣ ਦੇ ਘਰ ਕੋਈ ਔਲਾਦ ਨਾ ਹੋਈ ਤਾਂ ਉਸਨੇ ਬੜੀ ਚੁਸਤੀ ਨਾਲ ਆਪਣੀ ਛੋਟੀ ਭੈਣ ਦਾ ਰਿਸ਼ਤਾ ਜਗੀਰ ਸਿੰਘ ਦੇ ਘਰ ਲੈ ਆਂਦਾ। ਛੋਟੀ ਭੈਣ ਵੱਡੀ ਨਾਲੋਂ ਵੀ ਬਹੁਤ ਸੋਹਣੀ ਸੀ। ਜਗੀਰ ਸਿੰਘ ਨੇ ਤੀਜਾ ਵਿਆਹ ਵੀ ਕਰਵਾ ਲਿਆ। ਭਾਨੋ ਦੀ ਉਸਨੇ ਕੋਈ ਨਾ ਮੰਨੀ।

ਭਾਨੋ ਸਮਝਦੀ ਸੀ ਕਿ ਜਗੀਰ ਸਿੰਘ ਨੇ ਕੇਵਲ ਉਹਦੇ ਨਾਲ ਲਾਗ ਹੀ ਲਾਇਆ ਸੀ। ਉਸਨੇ ਇਕ ਸੌਂਕਣ ਹੋਰ ਉਸਦੇ ਅੱਗੇ ਲਿਆ ਬਿਠਾਈ। ਜਗੀਰ ਸਿੰਘ, ਭਾਨੋ ਤੇ ਉਸਦੇ ਲੜਕੇ ਵੱਲ ਕੋਈ ਧਿਆਨ ਨਹੀਂ ਸੀ ਦਿੰਦਾ। ਉਸਦੀ ਸਾਰੀ ਤਵੱਜੋ ਦੋਵਾਂ ਭੈਣਾਂ ਨੇ ਕੀਲ ਰੱਖੀ ਸੀ। ਭਾਨੋ ਦੀ ਘਰ ਵਿਚ ਟਕਾ ਵੀ ਵਟਕ ਨਾ ਰਹੀ। ਉਸਨੇ ਜਗੀਰ ਸਿੰਘ ਨਾਲ ਲੜਨਾ ਸ਼ੁਰੂ ਕਰ ਦਿੱਤਾ। ਜਦੋਂ ਜਗੀਰ ਸਿੰਘ ਨੇ ਉਸ ਉਪਰ ਹੱਥ ਵੀ ਚੁੱਕ ਲਿਆ ਤਾਂ ਉਹ ਰੁੱਸ ਕੇ ਪੇਕੇ ਆ ਗਈ। ਜਗੀਰ ਸਿੰਘ ਨੇ ਰਾਜਨ ਨੂੰ ਆਪਣੇ ਕਬਜ਼ੇ ਕਰ ਲਿਆ। ਜਦੋਂ ਉਹ ਭਾਨੋ ਨੂੰ ਲੈਣ ਸੌਹਰੇ ਗਿਆ ਤਾਂ ਭਾਨੋ ਨੇ ਸੌਂਕਣਾਂ ਨਾਲ ਰਹਿਣ ਤੋਂ ਇਨਕਾਰ ਕਰ ਦਿੱਤਾ। ਉਸਨੂੰ ਦੋਹਾਂ ਭੈਣਾਂ ਤੋਂ ਡਰ ਲੱਗਦਾ ਸੀ ਕਿਉਂਕਿ ਉਹ ਜਾਦੂ-ਟੂਣੇ ਕਰਦੀਆਂ ਸਨ। ਜਗੀਰ ਸਿੰਘ ਦੀ ਜ਼ੈਲਦਾਰ ਗੱਜਣ ਸਿੰਘ ਨੇ ਹਮਾਇਤ ਕੀਤੀ ਤੇ ਆਪਣੀ ਭੈਣ ਨੂੰ ਆਪਣੇ ਘਰ ਜਾਣ ਲਈ ਆਖਿਆ ਪਰ ਉਸਦਾ ਮਤਲਬ ਸੀ ਕਿ ਉਹ ਉਸਦੀਆਂ ਸੌਂਕਣਾਂ ਨੂੰ ਵੱਖਰੇ ਘਰ ਵਿਚ ਰੱਖੇ ਤੇ ਆਪ ਉਸ ਨਾਲ ਰਹੇ। ਪਰ ਇਹ ਸ਼ਰਤ ਜਗੀਰ ਸਿੰਘ ਨੂੰ ਕਤਈ ਮੰਜ਼ੂਰ ਨਹੀਂ ਸੀ। ਉਹ ਆਪਣੀਆਂ ਛੋਟੀਆਂ ਘਰ ਵਾਲੀਆਂ ਦਾ ਹੋਇਆ ਮਰਦ ਸੀ, ਇਸ ਲਈ ਉਹ ਭਾਨੋ ਦੀ ਸ਼ਰਤ ਠੁਕਰਾ ਕੇ ਵਾਪਸ ਘਰ ਆ ਗਿਆ।

ਭਾਨੋ ਆਪਣੀ ਮਾਂ ਕੋਲ ਰਹਿਣ ਲੱਗੀ। ਉਸਦਾ ਭਰਾ ਉਸ ਨਾਲ ਨਰਾਜ਼ ਸੀ ਤੇ ਉਹ

ਵੀ ਭਰਾ ਨਾਲ ਨਰਾਜ਼ ਸੀ। ਭਾਨੋ ਨੇ ਵਕੀਲ ਕਰਕੇ ਜਗੀਰ ਸਿੰਘ ਨੂੰ ਨੋਟਿਸ ਭੇਜਿਆ ਕਿ ਉਹ ਉਸਨੂੰ ਖਰਚਾ ਦੇਵੇ ਨਹੀਂ ਤਾਂ ਉਹ ਉਸ ਵਿਰੁੱਧ ਖਰਚੇ ਦਾ ਦਾਅਵਾ ਕਰੇਗੀ ਅਤੇ ਗ਼ੈਰ-ਕਾਨੂੰਨੀ ਤੌਰ 'ਤੇ ਹੋਰ ਵਿਆਹ ਕਰਾਉਣ ਲਈ ਉਸ ਵਿਰੁੱਧ ਪੁਲਿਸ ਕੋਲ ਸ਼ਿਕਾਇਤ ਕਰੇਗੀ। ਜਗੀਰ ਸਿੰਘ ਨੇ ਕਚਹਿਰੀ ਦੇ ਪੰਗਿਆਂ ਤੋਂ ਡਰਦੇ ਭਾਨੋ ਨੂੰ ਦੋ ਹਜ਼ਾਰ ਰੁਪੈ ਮਹੀਨਾ ਖਰਚਾ ਦੇਣਾ ਮੰਨ ਲਿਆ। ਭਾਨੋ ਨੇ ਉਸ ਵਿਰੁੱਧ ਕੇਸ ਨਾ ਕੀਤਾ ਤੇ ਖਰਚਾ ਲੈ ਕੇ ਮਾਂ ਨਾਲ ਰਹਿਣ ਲੱਗੀ। ਉਧਰ ਰਾਜਨ ਨੂੰ ਡਲਹੌਜ਼ੀ ਸਕੂਲ ਵਿਚ ਪੜਨੇ ਪਾਇਆ ਗਿਆ ਸੀ ਤੇ ਉਹ ਹੋਸਟਲ ਵਿਚ ਰਹਿਣ ਲੱਗਾ। ਭਾਨੋ ਸਕੂਲ ਵਿਚ ਜਾ ਕੇ ਉਹਨੂੰ ਸਾਲ ਵਿਚ ਇਕ ਦੋ ਵਾਰੀ ਵੇਖ ਆਉਂਦੀ।

ਵਾਹਿਗੁਰੂ ਨੇ ਜਗੀਰ ਦੀ ਤੀਜੀ ਘਰ ਵਾਲੀ ਦੀ ਵੀ ਸੁਣ ਲਈ। ਉਸਨੇ ਇਕ ਲੜਕੀ ਨੂੰ ਜਨਮ ਦਿੱਤਾ। ਦੋ ਕੁ ਸਾਲ ਬਾਅਦ ਫਿਰ ਉਸਦੇ ਘਰ ਇਕ ਹੋਰ ਲੜਕੀ ਹੋਈ। ਜਗੀਰ ਸਿੰਘ ਲੜਕਾ ਚਾਹੁੰਦਾ ਸੀ। ਉਸਨੇ ਲੜਕਾ ਹੋਣ ਦੀਆਂ ਉਸਨੂੰ ਕਈ ਦਵਾਈਆਂ ਖਵਾਈਆਂ ਤੇ ਬਾਬਿਆਂ ਕੋਲੋਂ ਅੰਮ੍ਰਿਤ ਲਿਆ ਕੇ ਪਿਲਾਏ। ਪਰ ਉਸਦੀ ਝੋਲੀ ਤੀਜੀ ਵਾਰੀ ਫਿਰ ਲੜਕੀ ਹੀ ਹੋਈ। ਨਰ ਔਲਾਦ ਦਾ ਉਸਨੇ ਖਹਿੜਾ ਹੀ ਛੱਡ ਦਿੱਤਾ ਤੇ ਲੜਕੀਆਂ ਨੂੰ ਹੀ ਲੜਕੇ ਸਮਝ ਕੇ ਪਾਲਣ ਲੱਗਾ। ਰਾਜਨ ਹੁਣ ਸਕੂਲੋਂ ਪੜ੍ਹ ਕੇ ਆਪਣੇ ਸ਼ਹਿਰ ਖਾਲਸਾ ਕਾਲਜ ਵਿਚ ਦਾਖ਼ਲ ਹੋ ਗਿਆ। ਉਸਨੇ ਚੰਗੇ ਨੰਬਰ ਲੈ ਕੇ ਬੀ.ਏ. ਕੀਤੀ। ਜਗੀਰ ਸਿੰਘ ਨੇ ਮਾਲ ਮੰਤਰੀ ਨਾਲ ਆਂਡੀ-ਸਾਂਡੀ ਕਰਕੇ ਉਸਨੂੰ ਸਿੱਧਾ ਨਾਇਬ ਤਹਿਸੀਲਦਾਰ ਭਰਤੀ ਕਰਵਾ ਲਿਆ। ਉਸਨੇ ਟ੍ਰੇਨਿੰਗ ਕੀਤੀ ਤੇ ਤਰਨ ਤਾਰਨ ਨਾਇਬ ਤਹਿਸੀਲਦਾਰ ਜਾ ਲੱਗਾ।

ਹੁਣ ਜਗੀਰ ਸਿੰਘ ਨੇ ਉਸਦਾ ਵਿਆਹ ਕਰਨ ਲਈ ਰਾਜਨ ਵਾਸਤੇ ਲੜਕੀਆਂ ਲੱਭਣੀਆਂ ਸ਼ੁਰੂ ਕੀਤੀਆਂ। ਪਰ ਰਾਜਨ ਆਪਣੇ ਪਿਤਾ ਨਾਲ ਅੰਦਰੋਂ ਨਰਾਜ਼ ਸੀ। ਉਹ ਆਪਣੀ ਮਾਂ ਕੋਲੋਂ ਆਪਣੇ ਬਾਪ ਦੀਆਂ ਜ਼ਿਆਦਤੀਆਂ ਦੀ ਵਿਥਿਆ ਸੁਣਦਾ ਰਹਿੰਦਾ ਸੀ। ਉਸਨੇ ਆਪਣੇ ਪਿਤਾ ਨੂੰ ਸਿੱਧਾ ਹੀ ਕਹਿ ਦਿੱਤਾ—"ਜਿੰਨਾ ਚਿਰ ਤੁਸੀਂ ਮੇਰੀ ਮਾਂ ਨੂੰ ਘਰ ਵਿਚ ਇੱਜ਼ਤ ਮਾਣ ਨਾਲ ਵਾਪਸ ਨਹੀਂ ਲਿਆਉਂਦੇ, ਓਨਾ ਚਿਰ ਉਹ ਵਿਆਹ ਨਹੀਂ ਕਰਵਾਏਗਾ।" ਉਸਦੇ ਪਿਤਾ ਨੇ ਆਖਿਆ—"ਪੁੱਤਰ ਤੇਰੀ ਮਾਂ ਨੂੰ ਮੈਂ ਘਰੋਂ ਨਹੀਂ ਕੱਢਿਆ, ਉਹ ਆਪਣੀ ਮਰਜ਼ੀ ਨਾਲ ਗਈ ਹੈ, ਮਰਜ਼ੀ ਨਾਲ ਆਪੇ ਵਾਪਸ ਆ ਜਾਵੇ, ਮੈਨੂੰ ਕੋਈ ਇਤਰਾਜ਼ ਨਹੀਂ। ਉਹਨੇ ਤਾਂ ਮੈਥੋਂ ਧੱਕੇ ਨਾਲ ਖਰਚਾ ਲਿਆ ਹੈ, ਉਹਦੀ ਮਰਜ਼ੀ ਨਹੀਂ ਏਥੇ ਵੱਸਣ ਦੀ।" ਪਿਉ-ਪੁੱਤਰ ਦੀ ਕਾਫ਼ੀ ਦੇਰ ਨੋਕ-ਝੋਕ ਹੁੰਦੀ ਰਹੀ। ਗੱਲ ਕਿਸੇ ਸਿੱਟੇ 'ਤੇ ਨਾ ਪੁੱਜੀ। ਕਿਉਂਕਿ ਜਗੀਰ ਸਿੰਘ ਤਾਂ ਆਪਣੀਆਂ ਘਰਵਾਲੀਆਂ ਦੇ ਹੱਥਾਂ ਵਿਚ ਖੇਡ ਰਿਹਾ ਸੀ ਤੇ ਛੋਟੀ ਦੀ ਸੁੰਦਰਤਾ ਨੇ ਤਾਂ ਉਸਨੂੰ ਦੀਵਾਨਾ ਬਣਾ ਰੱਖਿਆ ਸੀ। ਨਾਲੇ ਉਸਦੇ ਘਰ ਔਲਾਦ ਵੀ ਸੀ। ਜਗੀਰ ਸਿੰਘ ਇਨ੍ਹਾਂ ਭੈਣਾਂ ਨੂੰ ਵੱਖਰੇ ਘਰ ਵਿਚ ਇਕੱਲਿਆਂ ਰੱਖਣ ਦੇ ਹੱਕ ਵਿਚ ਨਹੀਂ ਸੀ। ਉਹ ਆਖਦਾ ਸੀ ਕਿ ਭਾਨੋ ਜੇ ਆਉਣਾ ਚਾਹੁੰਦੀ ਹੋਵੇ ਤਾਂ ਸਾਂਝੇ ਘਰ ਵਿਚ ਹੀ ਆ ਜਾਵੇ। ਪਰ ਭਾਨੋ ਨੂੰ ਇਹ ਕਤਈ ਮੰਜ਼ੂਰ ਨਹੀਂ ਸੀ। ਇਹ ਰੇੜਕਾ ਚੱਲਦਾ ਰਿਹਾ।

ਰਾਜਨ ਨੇ ਆਪਣੀ ਮਾਂ ਨੂੰ ਆਪਣੇ ਕੋਲ ਲੈ ਆਂਦਾ। ਜਦੋਂ ਉਸਦੇ ਬਾਪ ਨੂੰ ਪਤਾ ਲੱਗਾ ਤਾਂ ਉਸਨੇ ਗ਼ੁੱਸੇ ਵਿਚ ਆ ਕੇ ਰਾਜਨ ਨੂੰ ਬੇਦਖ਼ਲ ਕਰਨ ਦੀ ਧਮਕੀ ਦਿੱਤੀ। ਰਾਜਨ ਨੇ ਇਸ ਧਮਕੀ ਦੀ ਕੋਈ ਪਰਵਾਹ ਨਾ ਕੀਤੀ। ਉਸਦੇ ਬਾਪ ਨੇ ਉਸਨੂੰ ਬੇਦਖਲ ਕਰਕੇ ਘਰੋਂ ਬਾਹਰ ਛੇਕ ਦਿੱਤਾ।

ਰਾਜਨ ਸਾਰੇ ਕਾਨੂੰਨ ਜਾਣਦਾ ਸੀ। ਉਸਨੇ ਆਪਣਾ ਹੱਕ ਲੈਣ ਲਈ ਆਪਣੇ ਬਾਪ ਵਿਰੁੱਧ ਕੇਸ ਕਰ ਦਿੱਤਾ। ਜਗੀਰ ਸਿੰਘ ਕਾਨੂੰਨੀ ਤੌਰ 'ਤੇ ਆਪਣੀ ਜੱਦੀ ਜ਼ਮੀਨ ਜਾਇਦਾਦ ਤੋਂ ਉਸਨੂੰ ਬੇਦਖਲ ਨਹੀਂ ਕਰ ਸਕਦਾ ਸੀ। ਇਸ ਲਈ ਉਹ ਕੇਸ ਹਾਰ ਗਿਆ। ਰਾਜਨ ਨੂੰ ਆਪਣਾ ਹਿੱਸਾ ਮਿਲ ਗਿਆ। ਉਸਨੇ ਆਪਣਾ ਤੇ ਆਪਣੀ ਮਾਂ ਦਾ ਹਿੱਸਾ ਆਪਣੇ ਬਾਪ ਕੋਲੋਂ ਕਾਨੂੰਨ ਦੀ ਮਦਦ ਨਾਲ ਵਸੂਲ ਲਿਆ। ਉਸਨੇ ਪਿੰਡ ਛੱਡ ਦਿੱਤਾ ਤੇ ਉਸਨੇ ਸ਼ਹਿਰ ਇਕ ਬਣਿਆ ਬਣਾਇਆ ਵਧੀਆ ਮਕਾਨ ਖ਼ਰੀਦ ਲਿਆ ਤੇ ਆਪਣੀ ਮਾਂ ਨਾਲ ਉਥੇ ਰਹਿਣ ਲੱਗਾ। ਪਿਉ-ਪੁੱਤਰਾਂ ਦਾ ਬੋਲ-ਚਾਲ ਬੰਦ ਹੋ ਗਿਆ। ਉਹ ਇਕ ਦੂਜੇ ਵਿਰੁੱਧ ਸਾਂਝੇ ਰਿਸ਼ਤੇਦਾਰਾਂ ਕੋਲ ਉਭਾਸਰਣ ਲੱਗੇ। ਰਿਸ਼ਤੇਦਾਰ ਪਿਉ-ਪੁੱਤਾਂ ਦੀ ਲੜਾਈ ਵੇਖ ਕੇ ਬੜੇ ਖ਼ੁਸ਼ ਸਨ। ਉਹ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਦਾ ਕਈ ਸਮਝੌਤਾ ਹੋਵੇ।

ਭਾਨੋ ਦੀ ਦਿਲੀ ਖਾਹਸ਼ ਸੀ ਕਿ ਪਿਉ-ਪੁੱਤਰ ਇਕੱਠੇ ਹੋਣ। ਉਹ ਸਮਝਦੀ ਸੀ ਕਿ ਰਾਜਨ ਨੂੰ ਪੜ੍ਹਾਉਣ ਤੇ ਅਫ਼ਸਰ ਬਣਾਉਣ ਵਿਚ ਉਸਦੇ ਬਾਪ ਦਾ ਬਹੁਤ ਹੱਥ ਸੀ। ਉਸਨੇ ਰਾਜਨ ਨੂੰ ਬਾਹਰ ਰੱਖ ਕੇ ਉਸਦੀਆਂ ਮਤਰਈਆਂ ਮਾਵਾਂ ਦੇ ਜ਼ਬਰ ਜ਼ੁਲਮ ਤੋਂ ਬਚਾਈ ਰੱਖਿਆ ਸੀ। ਉਸਨੂੰ ਇਹ ਵੀ ਅਹਿਸਾਸ ਸੀ ਕਿ ਉਸਦਾ ਪਿਤਾ ਦਿਲੋਂ ਮਾੜਾ ਨਹੀਂ ਸੀ। ਉਸਦਾ ਵਾਹ ਬਹੁਤ ਤੇਜ਼ ਤਰਾਰ ਔਰਤਾਂ ਨਾਲ ਪਿਆ ਹੋਇਆ ਸੀ, ਜਿਨ੍ਹਾਂ ਦੀਆਂ ਮੋਮਠਗਣੀਆਂ ਤੇ ਸਬਜ ਬਾਗ਼ਾਂ ਨੇ ਉਸਦੀ ਮੱਤ ਮਾਰ ਰੱਖੀ ਸੀ। ਉਸਨੇ ਦੋ ਹੋਰ ਵਿਆਹ ਕੇਵਲ ਨਰ ਔਲਾਦ ਦੀ ਖ਼ਾਤਰ ਕਰਵਾਏ ਸਨ। ਇਸ ਲਈ ਭਾਨੋ ਚਾਹੁੰਦੀ ਸੀ ਕਿ ਰਾਜਨ ਭਾਵੇਂ ਪਿਉ ਨਾਲ ਉਹਦਾ ਕਰਕੇ ਨਰਾਜ਼ ਹੈ ਪਰ ਫਿਰ ਵੀ ਉਹ ਆਪਣੇ ਪਿਉ ਨਾਲ ਮਿਲਣਾ ਬੰਦ ਨਾ ਕਰੇ ਤਾਂ ਕਿ ਬਾਪ ਦੇ ਦਿਲ ਨੂੰ ਠੇਸ ਨਾ ਲੱਗੇ।

ਪਰ ਜ਼ਿੰਦਗੀ ਵਿਚ ਸੱਭੇ ਖ਼ਾਹਿਸ਼ਾਂ ਘੱਟ ਹੀ ਪੂਰੀਆਂ ਹੁੰਦੀਆਂ ਹਨ। ਬਾਪ ਸ਼ਾਇਦ ਆਪਣੇ ਬੇਟੇ ਨਾਲ ਇਸ ਹੱਦ ਤਕ ਨਾ ਜਾਂਦਾ ਜੇਕਰ ਉਸਦੀਆਂ ਦੋਵੇਂ ਘਰ ਵਾਲੀਆਂ ਉਸਨੂੰ ਰਾਜਨ ਵਿਰੁੱਧ ਨਾ ਚੁੱਕਦੀਆਂ। ਉਹ ਚਾਹੁੰਦੀਆਂ ਸਨ ਕਿ ਪਿਉ-ਪੁੱਤਰ ਤੇ ਮਾਂ ਕਦੀ ਇਕੱਠੇ ਨਾ ਹੋਣ। ਪਰ ਰਾਜਨ ਨੇ ਦਲੇਰੀ ਕਰਕੇ ਆਪਣੀ ਮਾਂ ਨੂੰ ਵਾਪਸ ਆਪਣੇ ਕੋਲ ਲੈ ਆਂਦਾ ਸੀ। ਉਸਨੇ ਦਲੇਰੀ ਨਾਲ ਜਾਇਦਾਦ ਵੀ ਵੰਡ ਲਈ, ਜਦੋਂ ਕਿ ਉਹਦੀਆਂ ਮਤਰਈਆਂ ਮਾਵਾਂ ਉਸਨੂੰ ਬੇਦਖ਼ਲ ਕਰਕੇ ਇਕ ਮਰਲਾ ਵੀ ਨਹੀਂ ਸਨ ਦੇਣਾ ਚਾਹੁੰਦੀਆਂ।

ਰਾਜਨ ਦਾ ਰਿਸ਼ਤਾ ਇਕ ਕਾਲਜ ਦੀ ਪ੍ਰੋਫ਼ੈਸਰ ਨਾਲ ਤਹਿ ਹੋ ਗਿਆ। ਇਹ ਰਿਸ਼ਤਾ ਰਾਜਨ ਦੀ ਮਾਸੀ ਨੇ ਆਪਣੇ ਦਿਉਰ ਦੀ ਕੁੜੀ ਨਾਲ ਕਰਵਾਇਆ ਸੀ। ਵਿਆਹ ਵਾਲਾ ਦਿਨ ਆ ਗਿਆ। ਬਰਾਤ ਤੁਰਨ ਲੱਗੀ ਤਾਂ ਭਾਨੋ ਦਲੀਲਾਂ ਵਿਚ ਪੈ ਗਈ। ਉਸਨੂੰ ਜਗੀਰ

ਸਿੰਘ ਦੀ ਗ਼ੈਰਹਾਜ਼ਰੀ ਘੁਣ ਵਾਂਗ ਖਾ ਰਹੀ ਸੀ। ਪਿਉ-ਪੁੱਤਰ ਏਨਾ ਦੂਰ ਜਾ ਚੁੱਕੇ ਸਨ ਕਿ ਜਦੋਂ ਰਾਜਨ ਨੇ ਆਪਣੇ ਪਿਉ ਨੂੰ ਸ਼ਾਮਲ ਹੋਣ ਲਈ ਸੁਨੇਹਾ ਭੇਜਿਆ ਤਾਂ ਉਸਨੇ ਸੁਨੇਹਾ ਗੁੱਸੇ ਨਾਲ ਪਾੜ ਕੇ ਸੁੱਟ ਦਿੱਤਾ। ਬਰਾਤ ਕੁੜੀ ਵਾਲਿਆਂ ਦੇ ਘਰ ਅੱਗੇ ਪਹੁੰਚ ਗਈ। ਮਿਲਣੀ ਦਾ ਵੇਲਾ ਸੀ। ਭਾਨੋ ਪਿੱਛੇ ਵੱਲ ਵੇਖ ਰਹੀ ਸੀ। ਅੱਜ ਉਸਦਾ ਪਿੱਛੇ ਵੱਲ ਮੁੜ-ਮੁੜ ਧਿਆਨ ਜਾਂਦਾ ਸੀ। ਏਨੇ ਨੂੰ ਇਕ ਲਾਲ ਰੰਗ ਦੀ ਕਾਰ ਭੀੜ ਨੂੰ ਚੀਰਦੀ ਤੇ ਧੂੜਾਂ ਪੁੱਟਦੀ ਬਰਾਤ ਲਾਗੇ ਆ ਰੁਕੀ। ਮਿਲਣੀ ਹੋਣ ਵਾਲੀ ਸੀ। ਜਗੀਰ ਸਿੰਘ ਜਲਦੀ ਨਾਲ ਕਾਰ ਵਿਚੋਂ ਨਿਕਲਿਆ ਤੇ ਰਾਜਨ ਦੇ ਨਾਲ ਆ ਖਲੋਤਾ। ਸਾਰੇ ਪਾਸੇ ਖ਼ੁਸ਼ੀ ਦੀ ਵਰਖਾ ਹੋਣ ਲੱਗੀ। ਉਸਨੇ ਮਿਲਣੀ ਤੋਂ ਬਾਅਦ ਵਿਆਹ ਦੀਆਂ ਬਤੌਰ ਬਾਪ ਸਭੇ ਰਸਮਾਂ ਹੱਸ-ਹੱਸ ਪੂਰੀਆਂ ਕੀਤੀਆਂ। ਜਦ ਡੋਲੀ ਤੁਰਨ ਲੱਗੀ ਤਾਂ ਉਹ ਕਾਰ ਵਿਚ ਬੈਠਣ ਤੋਂ ਪਹਿਲਾਂ ਭਾਨੋ ਨੂੰ ਕਹਿਣ ਲੱਗਾ—'ਜੇਕਰ ਇਸ ਤਰ੍ਹਾਂ ਹੀ ਯਾਦ ਕਰਦੇ ਰਹੋਗੇ ਤਾਂ ਅਗਾਂਹ ਤੋਂ ਵੀ ਮਿਲਦਾ ਰਹਾਂਗਾ।' ਉਹ ਡਰ ਗਿਆ। ਭਾਨੋ ਆਪਣੀ ਨੂੰਹ ਲਾਗੇ ਬੈਠੀ ਉਸ ਵਾਂਗ ਤ੍ਰਿਪ-ਤ੍ਰਿਪ ਰੋਣ ਲੱਗੀ। ਆਖ਼ਰ ਟੁੱਟੀਆਂ ਬਾਹਾਂ ਨੇ ਗਲ ਵੱਲ ਹੀ ਆਉਣਾ ਹੁੰਦਾ ਹੈ।

ਸਰਪੰਚਣੀ

ਸਰਪੰਚਣੀ ਦਿਆਲ ਕੌਰ ਸਰਪੰਚ ਬਣਨ ਤੋਂ ਪਹਿਲਾਂ ਵੀ ਸਰਪੰਚਣੀ ਸੀ ਕਿਉਂਕਿ ਉਸ ਤੋਂ ਪਹਿਲਾਂ ਉਸਦਾ ਘਰਵਾਲਾ ਪਿੰਡ ਦਾ ਸਰਪੰਚ ਸੀ। ਇਹ ਟੱਬਰ ਹੀ ਸਰਪੰਚਾਂ ਦਾ ਸੀ ਕਿਉਂਕਿ ਦਿਆਲ ਕੌਰ ਦੇ ਘਰਵਾਲੇ ਤੋਂ ਪਹਿਲਾਂ ਉਸਦਾ ਵੱਡਾ ਭਰਾ ਤੇ ਚਾਚਾ ਵੀ ਸਰਪੰਚ ਰਹਿ ਚੁੱਕੇ ਸਨ। ਜਦੋਂ ਦਿਆਲ ਕੌਰ ਦਾ ਘਰਵਾਲਾ ਇਕ ਕਾਰ ਦੁਰਘਟਨਾ ਵਿਚ ਪਰਲੋਕ ਸਿਧਾਰ ਗਿਆ ਤਾਂ ਪਿੰਡ ਦੇ ਲੋਕਾਂ ਨੇ ਸਰਬ ਸੰਮਤੀ ਨਾਲ ਉਸਨੂੰ ਹੀ ਸਰਪੰਚ ਨਾਮਜ਼ਦ ਕਰ ਦਿੱਤਾ ਤੇ ਬਾਅਦ ਵਿਚ ਉਹ ਚੋਣਾਂ ਵਿਚ ਵੀ ਰਿਕਾਰਡ ਵੋਟਾਂ ਲੈ ਕੇ ਕਾਮਯਾਬ ਹੋਈ ਸੀ।

ਬੀਬੀ ਦਿਆਲ ਕੌਰ ਆਪਣੇ ਪਤੀ ਵਾਂਗ ਬੜੀ ਗਰੀਬ ਨਿਵਾਜ਼ ਸੀ। ਉਹ ਪਿੰਡ ਦੀ ਸਭ ਤੋਂ ਵੱਡੀ ਢੇਰੀ ਸੀ ਤੇ ਇਲਾਕੇ ਵਿਚ ਵੀ ਇਸ ਪਰਿਵਾਰ ਦੀ ਚਰਚਾ ਸੀ। ਪਤੀ ਦੇ ਪੂਰੇ ਹੋਣ ਤੋਂ ਇਕ ਸਾਲ ਤਕ ਤਾਂ ਉਹ ਪਿੰਡ ਲਈ ਖ਼ਾਸ ਕੰਮ ਨਾ ਕਰ ਸਕੀ ਕਿਉਂਕਿ ਉਹ ਪਤੀ ਦੇ ਵਿਯੋਗ ਵਿਚ ਰੋਂਦੀ ਹੀ ਰਹਿੰਦੀ ਸੀ। ਸਰਪੰਚ ਉਸਦੀ ਬੜੀ ਕਦਰ ਕਰਦਾ ਸੀ ਤੇ ਹਮੇਸ਼ਾ ਪਿੰਡ ਦੇ ਕੰਮਾਂ-ਕਾਜਾਂ ਵਿਚ ਉਸਦੀ ਪੂਰੀ ਸਲਾਹ ਲੈਂਦਾ ਸੀ। ਹੌਲੀ-ਹੌਲੀ ਉਸਦੇ ਜ਼ਖ਼ਮ ਭਰਦੇ ਗਏ ਤੇ ਉਸਨੇ ਪਿੰਡ ਦੇ ਕਲਿਆਣ ਵੱਲ ਪਾਸਾ ਪਰਤਿਆ।

ਆਮ ਤੌਰ 'ਤੇ ਬਹੁਤੇ ਸਰਪੰਚ ਪੰਚਾਇਤ ਸਕੱਤਰਾਂ ਅਤੇ ਬਲਾਕ ਅਫ਼ਸਰਾਂ ਦੇ ਟੇਟੇ ਹੀ ਚੜ੍ਹੇ ਰਹਿੰਦੇ ਸਨ। ਉਨ੍ਹਾਂ ਦੀ ਮਿਲ-ਮਰਜ਼ੀ ਹੀ ਪੰਚਾਇਤ ਦੇ ਸਾਰੇ ਕੰਮ ਨੇਪਰੇ ਚਾੜ੍ਹਦੇ ਹਨ। ਪਹਿਲਾਂ ਵਾਂਗ ਹੁਣ ਵੀ ਜਦੋਂ ਪੰਚਾਇਤ ਸਕੱਤਰ ਮਦਨ ਲਾਲ ਬੀਬੀ ਨੂੰ ਵਿਕਾਸ ਦੇ ਕੰਮਾਂ ਬਾਰੇ ਸਲਾਹ ਮਸ਼ਵਰੇ ਦਿੰਦਾ ਅਤੇ ਸਰਕਾਰੀ ਗ੍ਰਾਂਟਾਂ ਵਿਚ ਆਪਣੇ ਅਤੇ ਬਾਕੀ ਬਲਾਕ ਅਧਿਕਾਰੀਆਂ ਦੇ ਹਿੱਸੇ ਪੱਤੇ ਦੀ ਗੱਲ ਕਰਦਾ ਤਾਂ ਬੀਬੀ ਨੂੰ ਖਿਝ ਚੜ੍ਹਦੀ। ਉਸਦਾ ਘਰਵਾਲਾ ਸਕੱਤਰ ਦੀ ਗੱਲ ਮੰਨ ਲੈਂਦਾ ਸੀ ਪਰ ਬੀਬੀ ਨੇ ਪੰਚਾਇਤ ਦੀਆਂ ਗ੍ਰਾਂਟਾਂ ਵਿਚੋਂ ਇਕ ਟਕਾ ਵੀ ਖਰਚਣਾ ਹਰਾਮ ਸਮਝਿਆ। ਉਹ ਵਿਚੇ-ਵਿਚ ਮਹਿਸੂਸ ਕਰਦੀ ਸੀ ਕਿ ਪਿੰਡ ਦਾ ਪੈਸਾ ਖਾਣ ਕਰਕੇ ਹੀ ਉਸਦੇ ਘਰਵਾਲੇ ਨੂੰ ਵਾਹਿਗੁਰੂ ਨੇ ਸਜ਼ਾ ਦਿੱਤੀ ਹੈ। ਪਰ ਸਰਕਾਰੀ ਕਰਮਚਾਰੀ ਆਪਣੀ ਮਰਜ਼ੀ ਤੋਂ ਬਿਨਾਂ ਪਿੰਡ ਵਿਚ ਕੋਈ ਵੀ ਕੰਮ ਨਹੀਂ ਸੀ ਹੋਣ ਦੇਣਾ ਚਾਹੁੰਦੇ। ਬੀਬੀ ਅੜ ਗਈ ਤੇ ਉਸਨੇ ਕਿਸੇ ਨੂੰ ਇਕ ਟਕਾ ਵੀ ਦੇਣ ਤੋਂ ਇਨਕਾਰ ਕਰ ਦਿੱਤਾ। ਉਸਨੇ ਇਨ੍ਹਾਂ ਕਰਮਚਾਰੀਆਂ ਦੀਆਂ ਹਲਕੇ ਦੇ ਵਿਧਾਇਕ ਕੋਲ ਸ਼ਿਕਾਇਤਾਂ ਕੀਤੀਆਂ। ਖ਼ੁਸ਼

ਕਿਸਮਤੀ ਨਾਲ ਵਿਧਾਇਕ ਵੀ ਲੋਕ ਨਿਵਾਜ਼ ਸੀ। ਉਸਦੇ ਇਕਲੌਤੇ ਪੁੱਤਰ ਦੇ ਮਰਨ ਬਾਅਦ ਉਹ ਬਹੁਤ ਬਦਲ ਗਿਆ ਸੀ ਤੇ ਨਜਾਇਜ਼ ਪੈਸੇ ਨੂੰ ਥੋੜ੍ਹੀ ਕੀਤਿਆਂ ਘਰ ਨਹੀਂ ਸੀ ਵੜਨ ਦੇਂਦਾ। ਵਿਧਾਇਕ ਨੇ ਬੀਬੀ ਨਾਲ ਸੰਬੰਧਤ ਅਫ਼ਸਰਾਂ ਨੂੰ ਸਖ਼ਤ ਹਦਾਇਤ ਕੀਤੀ ਤੇ ਪਿੰਡ ਦੇ ਸਾਰੇ ਵਿਕਾਸ ਜੋ ਛੇ ਮਹੀਨਿਆਂ ਤੋਂ ਠੱਪ ਪਏ ਸਨ, ਫਿਰ ਚਾਲੂ ਹੋ ਗਏ।

ਇਹ ਬੀਬੀ ਦੀ ਪਹਿਲੀ ਜਿੱਤ ਸੀ। ਉਹ ਆਪਣੀ ਪੰਚਾਇਤ ਨੂੰ ਨਾਲ ਲੈ ਕੇ ਹਰਿਮੰਦਰ ਸਾਹਿਬ ਗਈ ਤੇ ਸਾਰੇ ਮੈਂਬਰਾਂ ਨੂੰ ਪੰਚਾਇਤ ਦੇ ਕੰਮਾਂ ਵਿਚ ਈਮਾਨਦਾਰੀ ਦੀ ਸੁਗੰਧ ਪੁਆਈ। ਇਕ-ਦੋ ਮੈਂਬਰ ਛੱਡ ਕੇ ਬਾਕੀ ਸਭ ਮੈਂਬਰ ਬੀਬੀ ਨਾਲ ਸਨ। ਉਸਦਾ ਕੋਰਮ ਪੂਰਾ ਸੀ। ਪਿੰਡ ਤਰੱਕੀ ਦੀਆਂ ਰਾਹਾਂ ਵੱਲ ਤੁਰਨ ਲੱਗਾ। ਬੀਬੀ ਦਾ ਉਦੇਸ਼ ਸੀ ਕਿ ਆਪਣੇ ਪਿੰਡ ਨੂੰ ਮਾਡਲ ਜਾਂ ਆਦਰਸ਼ ਪਿੰਡ ਬਣਾਇਆ ਜਾਵੇ। ਉਸਨੇ ਪਿੰਡ ਵਿਚ ਇਕ ਖ਼ੂਬਸੂਰਤ ਪੰਚਾਇਤ ਘਰ ਬਣਵਾਇਆ। ਪਹਿਲਾਂ ਤਾਂ ਪਿੰਡ ਦੀਆਂ ਮੀਟਿੰਗਾਂ ਉਨ੍ਹਾਂ ਦੀ ਹਵੇਲੀ ਹੀ ਹੁੰਦੀਆਂ ਸਨ। ਉਸਨੇ ਪਿੰਡ ਲਈ ਜਲ ਘਰ ਬਣਵਾਇਆ ਅਤੇ ਚੌਵੀ ਘੰਟੇ ਬਿਜਲੀ ਦਾ ਵੀ ਪ੍ਰਬੰਧ ਕਰਵਾਇਆ। ਇਸ ਪਿੰਡ ਦੀ ਸਾਰੇ ਬਲਾਕ ਵਿਚ ਚਰਚਾ ਸੀ। ਸਰਪੰਚੀ ਆਪਣੇ ਰਸੂਖ ਨਾਲ ਮੰਤਰੀਆਂ ਕੋਲੋਂ ਵੀ ਪਿੰਡ ਲਈ ਗ੍ਰਾਂਟਾਂ ਲੈਣ ਵਿਚ ਭੱਜ-ਦੌੜ ਕਰਦੀ। ਪਿੰਡ ਦੀ ਨੁਹਾਰ ਬਦਲ ਗਈ ਤੇ ਹਰ ਥਾਂ ਬੀਬੀ-ਬੀਬੀ ਹੋਣ ਲੱਗੀ।

ਬਾਕੀ ਪਿੰਡਾਂ ਵਾਂਗ ਹੌਲੀ-ਹੌਲੀ ਉਸਦੀ ਵਿਰੋਧੀ ਪਾਰਟੀ ਵੀ ਸਿਰ ਚੁੱਕਣ ਲੱਗੀ। ਉਹ ਪ੍ਰਚਾਰ ਕਰਦੇ ਸਨ ਕਿ ਵੀਹ ਵਰ੍ਹੇ ਹੋ ਗਏ ਨੇ ਸਰਪੰਚਣੀ ਇਕੋ ਹੀ ਘਰ ਵਿਚ ਘੁੰਮ ਰਹੀ ਏ। ਲੋਕਰਾਜ ਵਿਚ ਐਸਾ ਨਹੀਂ ਹੋਣਾ ਚਾਹੀਦਾ। ਬਲਾਕ ਦੇ ਅਧਿਕਾਰੀ ਤੇ ਬਲਾਕ ਸੰਮਤੀ ਵਾਲੇ ਪਿੰਡ ਦੇ ਵਿਰੋਧੀ ਧੜੇ ਨੂੰ ਬੀਬੀ ਦਿਆਲ ਕੌਰ ਵਿਰੁੱਧ ਚੁੱਕ ਰਹੇ ਸਨ। ਕਿਸੇ ਨੂੰ ਉਸ ਵਿਰੁੱਧ ਸ਼ਿਕਾਇਤ ਕਰਨ ਦਾ ਕੋਈ ਮੁੱਦਾ ਨਹੀਂ ਸੀ ਲੱਭਦਾ। ਇਕ ਵਾਰੀ ਪਿੰਡ ਦੇ ਸਰਕਾਰੀ ਸਕੂਲ ਦੀ ਇਮਾਰਤ ਵਾਸਤੇ ਵੀਹ ਲੱਖ ਰੁਪੈ ਦੀ ਗ੍ਰਾਂਟ ਉਸਨੇ ਪੰਚਾਇਤ ਮੰਤਰੀ ਕੋਲੋਂ ਮੰਜ਼ੂਰ ਕਰਵਾਈ। ਉਸਨੇ ਸਾਰੀ ਇਮਾਰਤ ਆਪਣੀ ਦੇਖ-ਰੇਖ ਹੇਠ ਬਣਵਾਈ ਤੇ ਪੰਚਾਇਤਾਂ ਦੇ ਮੰਤਰੀ ਨੇ ਹੀ ਉਸਦਾ ਉਦਘਾਟਨ ਕੀਤਾ। ਕੁਝ ਹਫ਼ਤੇ ਬਾਅਦ ਡੀ.ਸੀ. ਕੋਲ ਸ਼ਿਕਾਇਤ ਹੋਈ ਕਿ ਸਕੂਲ ਦੀ ਇਮਾਰਤ ਵਿਚੋਂ ਬੀਬੀ ਨੇ ਘੁਟਾਲਾ ਕੀਤਾ ਹੈ। ਪੰਚਾਇਤ ਮੰਤਰੀ ਨੇ ਡੀ.ਸੀ. ਦਫ਼ਤਰ ਨੂੰ ਹੀ ਇਸ ਸ਼ਿਕਾਇਤ ਦਾ ਨਿਪਟਾਰਾ ਕਰਨ ਲਈ ਨਿਯੁਕਤ ਕੀਤਾ। ਹਲਕੇ ਦਾ ਵਿਧਾਇਕ ਹੁਣ ਦੂਜੀ ਪਾਰਟੀ ਦਾ ਸੀ ਤੇ ਬੀਬੀ ਦੇ ਵਿਰੋਧੀ ਧੜੇ ਦੀ ਮਦਦ ਕਰਦਾ ਸੀ। ਉਸਨੇ ਪੜਤਾਲ ਅਫ਼ਸਰ ਐੱਸ.ਡੀ.ਐੱਮ. ਨੂੰ ਮਿਲ ਕੇ ਸ਼ਿਕਾਇਤ ਵਿਚ ਬੀਬੀ ਨੂੰ ਦੋਸ਼ੀ ਗਰਦਾਨਿਆ। ਬੀਬੀ ਨੇ ਉਸ ਵਿਰੁੱਧ ਅਪੀਲ ਕੀਤੀ ਤੇ ਖ਼ੁਦ ਸੰਬੰਧਤ ਅਫ਼ਸਰਾਂ ਤੇ ਮੰਤਰੀਆਂ ਨੂੰ ਮਿਲੀ ਪਰ ਹੁਣ ਦੂਜੀ ਪਾਰਟੀ ਦੀ ਹਕੂਮਤ ਹੋਣ ਕਰਕੇ, ਬੀਬੀ ਦੀ ਕੋਈ ਨਹੀਂ ਸੀ ਸੁਣਦਾ। ਸਾਬਕਾ ਮੰਤਰੀ ਤੇ ਵਿਧਾਇਕ ਨੇ ਉਸਦੀ ਮਦਦ ਕੀਤੀ ਪਰ ਸੱਤਾਧਾਰੀ ਪਾਰਟੀ, ਕਿਸੇ ਦੀ ਪੇਸ਼ ਨਹੀਂ ਸੀ ਜਾਣ ਦਿੰਦੀ।

ਬੀਬੀ ਨੂੰ ਮੁਅੱਤਲ ਕੀਤਾ ਗਿਆ ਤੇ ਉਸ ਵਿਰੁੱਧ ਕੇਸ ਦਰਜ ਕੀਤਾ ਗਿਆ। ਸਾਰੇ

ਪਿੰਡ ਵਿਚ ਹਾਹਾਕਾਰ ਮੱਚ ਗਈ। ਪਿੰਡ ਦੇ ਲੋਕ ਉਸਦੇ ਨਾਲ ਸਨ ਤੇ ਉਹ ਕਈ ਅਫ਼ਸਰਾਂ ਪਾਸ ਉਸ ਨਾਲ ਗਏ ਪਰ ਆਮ ਲੋਕਾਂ ਦੀ ਕੌਣ ਸੁਣਦਾ ਹੈ। ਅਦਾਲਤੇ ਤਰੀਕਾਂ ਪੈਣੀਆਂ ਸ਼ੁਰੂ ਹੋ ਗਈਆਂ। ਬੀਬੀ ਦਾ ਹੁਣ ਧਿਆਨ ਹੋਰ ਪਾਸੇ ਹੋ ਗਿਆ। ਉਹ ਸਮਝਦੀ ਸੀ ਕਿ ਸਾਡੇ ਸਮਾਜ ਵਿਚ ਔਰਤਾਂ ਦੇ ਹੱਕ ਬਹੁਤ ਸੀਮਤ ਹਨ ਤੇ ਥਾਂ-ਥਾਂ ਔਰਤ ਨਾਲ ਬੇਇਨਸਾਫ਼ੀ ਹੁੰਦੀ ਹੈ। ਉਸਨੇ ਪਿੰਡ ਵਿਚ ਹੀ ਬੀਬੀਆਂ ਦੀ ਇਕ 'ਨਾਰੀ ਚੇਤਨਾ ਮੰਚ' ਸਭਾ ਬਣਾਈ। ਉਹ ਪਿੰਡ ਵਿਚ ਜਾਂ ਲਾਗਲੇ ਪਿੰਡ ਵਿਚ ਜਿਥੇ ਵੀ ਕੋਈ ਦਾਜ ਬਾਰੇ, ਔਰਤਾਂ ਨੂੰ ਕੁੱਟਮਾਰ ਬਾਰੇ ਜਾਂ ਕਿਸੇ ਵੀ ਧੱਕੇਸ਼ਾਹੀ ਵਿਰੁੱਧ ਜਾ ਡਟਦੀ ਸੀ। ਉਹ ਦੋਸ਼ੀ ਦੇ ਘਰ ਮੂਹਰੇ ਧਰਨਾ ਦਿੰਦੀਆਂ ਅਤੇ ਸਿਆਪਾ ਵੀ ਕਰਦੀਆਂ। ਹੌਲੀ-ਹੌਲੀ ਉਨ੍ਹਾਂ ਦੀ ਸਭਾ ਦਾ ਘੇਰਾ ਚੌੜਾ ਹੁੰਦਾ ਗਿਆ ਤੇ ਸਾਰੇ ਜ਼ਿਲ੍ਹੇ ਵਿਚ ਫੈਲ ਗਿਆ। ਜਿਥੇ ਵੀ ਔਰਤਾਂ ਨਾਲ ਧੱਕਾ ਹੁੰਦਾ, ਉਥੇ ਹੀ ਬੀਬੀ ਦਿਆਲ ਕੌਰ ਦਾ ਚੇਤਨਾ ਮੰਚ ਡਟ ਜਾਂਦਾ। ਲੋਕੀ ਉਨ੍ਹਾਂ ਦੇ ਮੁਜ਼ਾਹਰਿਆਂ ਤੋਂ ਘਬਰਾਉਣ ਲੱਗੇ।

ਜਦੋਂ ਦਿਨ ਬਦਲਦੇ ਹਨ ਤਾਂ ਹਰ ਚੀਜ਼ ਸਹੀ ਅੰਦਾਜ਼ ਵਿਚ ਘਟਣਾ ਸ਼ੁਰੂ ਹੋ ਜਾਂਦੀ ਹੈ। ਬੀਬੀ ਦਾ ਜੋ ਅਦਾਲਤੇ ਕੇਸ ਚੱਲ ਰਿਹਾ ਸੀ, ਬੀਬੀ ਦੇ ਹੱਕ ਵਿਚ ਹੋ ਗਿਆ ਤੇ ਉਹ ਬਾਇਜ਼ਤ ਬਰੀ ਹੋ ਗਈ। ਉਸਦੇ ਵਿਰੋਧੀਆਂ ਨੂੰ ਮੂੰਹ ਦੀ ਖਾਣੀ ਪਈ। ਫ਼ੈਸਲੇ ਤੋਂ ਕੁਝ ਦਿਨ ਬਾਅਦ ਬੀਬੀ ਨੂੰ ਬਤੌਰ ਸਰਪੰਚ ਬਹਾਲ ਕੀਤਾ ਗਿਆ। ਬੀਬੀ ਪਿੱਛੇ ਮੁੜਨ ਵਾਲੀ ਨਹੀਂ ਸੀ। ਉਸਨੇ ਹਲਕੇ ਦੇ ਵਿਧਾਇਕ ਦੇ ਘਰ ਅੱਗੇ ਇਕ ਰੋਹ ਭਰਿਆ ਮੁਜ਼ਾਹਰਾ ਆਪਣੇ ਚੇਤਨਾ ਮੰਚ ਰਾਹੀ ਕੀਤਾ। ਵਿਧਾਇਕ ਨੇ ਸੁਲਾਹ ਸਫ਼ਾਈ ਲਈ ਹੱਥ ਵਧਾਉਣਾ ਸ਼ੁਰੂ ਕੀਤਾ ਪਰ ਬੀਬੀ ਦੇ ਦਿਲੋਂ ਉਹ ਲੱਥ ਚੁੱਕਾ ਸੀ। ਉਸਦੇ ਘਰ ਦੇ ਬਾਹਰ ਇਸ ਮੁਜ਼ਾਹਰੇ ਨੇ ਉਸਦੀਆਂ ਕਰਤੂਤਾਂ ਦੇ ਕੱਚੇ ਚਿੱਠੇ ਖੋਲ੍ਹੇ। ਉਹ ਡਰਦਾ ਘਰੋਂ ਬਾਹਰ ਹੀ ਨਾ ਨਿਕਲਿਆ। ਇਹ ਬੀਬੀ ਦੀ ਇਕ ਹੋਰ ਜਿੱਤ ਸੀ।

ਭਾਵੇਂ ਵਿਧਾਇਕ ਨੇ ਉਸਦੇ ਵਿਰੋਧੀਆਂ ਨਾਲ ਮਿਲ ਕੇ ਉਸ ਵਿਰੁੱਧ ਸੈਸ਼ਨ ਵਿਚ ਅਪੀਲ ਕਰਵਾ ਦਿੱਤੀ ਸੀ ਪਰ ਬੀਬੀ ਨੂੰ ਇਸਦਾ ਕੋਈ ਤੌਖ਼ਲਾ ਨਹੀਂ ਸੀ। ਉਸਦੇ ਵਿਰੋਧੀ ਹੌਲੀ-ਹੌਲੀ ਫਿਰ ਸਿਰ ਚੁੱਕਣ ਲੱਗੇ ਅਤੇ ਬੀਬੀ ਵਿਰੁੱਧ ਇਕ ਚੌਕਸੀ ਵਿਭਾਗ ਵੱਲੋਂ ਵੀ ਪੜਤਾਲ ਸ਼ੁਰੂ ਹੋ ਗਈ। ਪਿੰਡ ਵਿਚ ਧਰਮਸ਼ਾਲਾ ਦੀ ਗ੍ਰਾਂਟ ਦੀ ਕੁਝ ਰਕਮ ਉਸਨੇ ਗੁਰਦੁਆਰੇ ਦੇ ਲੰਗਰ ਹਾਲ ਲਈ ਖਰਚ ਕਰ ਦਿੱਤੀ ਸੀ। ਵਿਰੋਧੀਆਂ ਨੇ ਇਸ ਗ੍ਰਾਂਟ ਦੇ ਗ਼ਬਨ ਦਾ ਕੇਸ ਚੌਕਸੀ ਵਿਭਾਗ ਨੂੰ ਦਿੱਤਾ। ਬੀਬੀ ਨੂੰ ਫਿਰ ਪੇਸ਼ ਹੋਣਾ ਪਿਆ। ਪੜਤਾਲ ਦੁਬਾਰਾ ਕਰਵਾਉਣ ਦਾ ਹੁਕਮ ਦਿੱਤਾ। ਦੂਜੀ ਪੜਤਾਲ ਵਿਚ ਬੀਬੀ ਨਿਰਦੋਸ਼ ਸਾਬਤ ਹੋਈ ਤੇ ਉਸ ਵਿਰੁੱਧ ਕੀਤਾ ਦਰਜ ਕੇਸ ਵਾਪਸ ਕੀਤਾ ਗਿਆ। ਬੀਬੀ ਨੇ ਵਿਧਾਇਕ ਦੇ ਘਰ ਦੇ ਬਾਹਰ ਇਕ ਰੋਹ ਮੁਜਾਹਰਾ ਕੀਤਾ ਤੇ ਉਸਦਾ ਨਾਰੀਆਂ ਵੱਲੋਂ ਸਿਆਪਾ ਵੀ ਕੀਤਾ ਗਿਆ। ਪਹਿਲਾਂ ਵਾਂਗ ਵਿਧਾਇਕ ਅੰਦਰ ਹੀ ਬੀਬੀਆਂ ਦੇ ਭਾਸ਼ਣ ਸੁਣਦਾ ਰਿਹਾ। ਪੁਲਿਸ ਨੇ ਬੀਬੀਆਂ ਨੂੰ ਖਿੰਡਾਉਣ ਦਾ ਸਿਰਤੋੜ ਯਤਨ ਕੀਤਾ ਪਰ ਇਸ ਨਾਰੀ ਸਭਾ ਨੇ ਉਨ੍ਹਾਂ ਦੀ ਕੋਈ ਪੇਸ਼ ਨਾ

ਜਾਣ ਦਿੱਤੀ।

ਹਾਲਾਤ ਬੀਬੀ ਦੇ ਹੱਕ ਵਿਚ ਚੱਲ ਰਹੇ ਸਨ। ਸੈਸ਼ਨ ਵਾਲਾ ਕੇਸ ਵੀ ਖਾਰਜ ਹੋ ਗਿਆ ਤੇ ਨਾਰੀ ਮੰਚ ਨੂੰ ਨਾਲ ਲੈ ਕੇ ਬੀਬੀ ਦਿਆਲ ਕੌਰ ਨੇ ਬੀ.ਡੀ.ਓ. ਵਿਰੁੱਧ ਧਰਨਾ ਦਿੱਤਾ ਅਤੇ ਉਸਨੂੰ ਤਾੜਨਾ ਕੀਤੀ ਕਿ ਜੇਕਰ ਉਸਨੇ ਕਿਸੇ ਪਿੰਡ ਦੇ ਵਿਕਾਸ ਦੇ ਕੰਮਾਂ ਵਿਚ ਲੱਤ ਅੜਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸਨੂੰ ਮੂੰਹ ਦੀ ਖਾਣੀ ਪਵੇਗੀ। ਬੀ.ਡੀ.ਓ. ਤੇ ਉਸਦਾ ਸਟਾਫ਼ ਚੋਰ ਦਰਵਾਜ਼ੇ ਰਾਹੀਂ ਬਲਾਕੋਂ ਬਾਹਰ ਚਲੇ ਗਏ ਤੇ ਨਾਰੀ ਮੰਚ ਉਸਦਾ ਸਿਆਪਾ ਕਰਦੇ ਹੋਏ ਵਾਪਸ ਪਿੰਡਾਂ ਨੂੰ ਪਰਤ ਗਏ। ਇਲਾਕੇ ਦੇ ਸਾਰੇ ਅਫ਼ਸਰ ਹੀ ਉਸ ਤੋਂ ਤ੍ਰਬਕਣ ਲੱਗੇ ਪਰ ਬੀਬੀ ਦਿਆਲ ਕੌਰ ਕਿਸੇ ਨਾਲ ਵੀ ਸਮਝੌਤੇ ਦੇ ਰੁਖ ਵਿਚ ਨਹੀਂ ਸੀ। ਉਹ ਆਪਣੇ ਵਿਰੋਧੀਆਂ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ। ਸਾਰੇ ਉਸਨੂੰ ਨਾਗਾ ਬਲਾ ਸਮਝ ਕੇ ਕੰਨੀਂ ਕਤਰਾਉਣ ਲੱਗੇ। ਸ਼ਿਕਾਇਤ ਕਰਨ ਵਾਲੇ ਅਜੇ ਵੀ ਨਿੱਤ ਨਵੇਂ ਦਿਨ ਉਸ ਵਿਰੁੱਧ ਕੋਈ ਨਾ ਕੋਈ ਪੰਗਾ ਖੜ੍ਹਾ ਰੱਖਦੇ। ਪੰਚਾਇਤ ਦੀਆਂ ਅਗਲੀਆਂ ਚੋਣਾਂ ਆਈਆਂ ਪਰ ਐਤਕੀਂ ਬੀਬੀ ਦਿਆਲ ਕੌਰ ਨੇ ਸਿਆਸਤ ਤੋਂ ਪੱਲਾ ਝਾੜ ਲਿਆ ਸੀ। ਉਹ ਨਾਰੀ ਮੰਚ ਦੀ ਪ੍ਰਧਾਨਗੀ ਆਪਣੀ ਕਿਸੇ ਸਹੇਲੀ ਜਗੀਰ ਕੌਰ ਨੂੰ ਸੌਂਪ ਕੇ ਉਹ ਕਨੇਡਾ ਚਲੀ ਗਈ। ਉਸਦਾ ਕੋਈ ਪੁੱਤਰ ਨਹੀਂ ਸੀ। ਇਕੋ ਇਕ ਧੀ ਜੋ ਕਿ ਕਨੇਡਾ ਵਿਆਹੀ ਹੋਈ ਸੀ, ਉਸਨੇ ਪਿੰਡ ਦੀ ਪੰਚਾਇਤ ਨੂੰ ਅਲਵਿਦਾ ਕਿਹਾ ਤੇ ਧੀ ਕੋਲ ਜਾ ਕੇ ਵੱਸਣ ਦਾ ਪੱਕਾ ਮਨ ਬਣਾ ਲਿਆ। 'ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮਟਕ ਦੇ ਨਾਲ'।

ਬੁੱਧਾਂ

ਉਸਦੇ ਘਰ ਦਿਆਂ ਨੇ ਭਾਵੇਂ ਉਸਦਾ ਨਾਮ ਬੁੱਧ ਕੌਰ ਰੱਖਿਆ ਸੀ ਤੇ ਪਿੰਡ ਵਾਲੇ ਉਸਨੂੰ ਬੁੱਧਾਂ ਕਹਿ ਕੇ ਬੁਲਾਉਂਦੇ ਸਨ ਪਰ ਅਕਲ ਉਸਦੇ ਲਾਗੇ-ਸ਼ਾਗੇ ਵੀ ਨਹੀਂ ਸੀ ਪਹੁੰਚੀ। ਇੰਜ ਲੱਗਦਾ ਸੀ ਜਿਵੇਂ ਉਹਨੇ ਆਪਣੇ ਆਲੇ-ਦੁਆਲੇ ਲਕੀਰ ਮਾਰੀ ਹੋਈ ਸੀ, ਅਕਲ ਇਸ ਲਕੀਰ ਦੇ ਅੰਦਰ ਜਾਣ ਤੋਂ ਝਿਜਕਦੀ ਸੀ। ਉਸਨੇ ਆਪਣੇ ਜੀਵਨ ਕਾਲ ਵਿਚ ਕੋਈ ਵੀ ਅਜਿਹਾ ਕੰਮ ਨਹੀਂ ਸੀ ਕੀਤਾ ਜਿਸ ਵਿਚ ਅਕਲ ਜਾਂ ਬੁੱਧੀ ਦਾ ਕੋਈ ਅੰਸ਼ ਹੋਵੇ। ਦਰਅਸਲ ਉਹ ਅਸਲੋਂ ਸਿੱਧੜ ਤੇ ਭੋਲੀ ਸੀ। ਜ਼ਮਾਨੇ ਦੀ ਚੁਸਤ ਚਲਾਕੀ ਜੋ ਇਕ ਸਾਧਾਰਨ ਇਨਸਾਨ ਵਿਚ ਹੋਣੀ ਚਾਹੀਦੀ ਹੈ, ਉਸ ਵਿਚ ਗਾਇਬ ਸੀ ਅਤੇ ਨਾ ਹੀ ਇਸਦੀ ਘਾਟ ਉਸਨੇ ਕਦੀ ਮਹਿਸੂਸ ਕੀਤੀ ਸੀ। ਉਸਦੀ ਆਪਣੀ ਹੀ ਇਕ ਦੁਨੀਆ ਸੀ, ਜਿਸ ਵਿਚ ਉਹ ਪੂਰੀ ਤਰ੍ਹਾਂ ਸੰਤੁਸ਼ਟ ਤੇ ਪ੍ਰਸੰਨ ਸੀ। ਉਸਦੇ ਬੁੱਲ੍ਹਾਂ 'ਤੇ ਇਕ ਨਿਰੰਤਰ ਮੁਸਕਾਨ ਇਸਦਾ ਪ੍ਰਮਾਣ ਸਨ। ਅੱਜ ਦੇ ਮਨੁੱਖੀ ਚਿਹਰੇ ਤੇ ਜੋ ਚਿੰਤਾਵਾਂ ਦੇ ਵਾਵਰੋਲੇ ਨਜ਼ਰੀ ਪੈਂਦੇ ਸਨ, ਬੁੱਧਾਂ ਇਨ੍ਹਾਂ ਤੋਂ ਮੁਕਤ ਸੀ।

ਉਹ ਮੱਤ ਦੀ ਮੋਟੀ ਹੋਣ ਦੇ ਨਾਲ-ਨਾਲ ਸਰੀਰ ਦੀ ਵੀ ਮੋਟੀ-ਠੁੱਲੀ ਸੀ। ਸ਼ਾਇਦ ਮੱਤ ਉਸ ਤੋਂ ਡਰਦੀ ਹੀ ਨੇੜੇ ਨਹੀਂ ਸੀ ਆਉਂਦੀ। ਉਸ ਦੀਆਂ ਬਾਕੀ ਭੈਣਾਂ ਤੇ ਭਰਾ ਸਭ ਚੁਸਤ ਚਲਾਕ ਸਨ ਪਰ ਬੁੱਧਾਂ ਨੂੰ ਉਨ੍ਹਾਂ ਦੀ ਲਾਗ ਨਹੀਂ ਸੀ ਲੱਗੀ। ਉਹ ਵਾਰੀ-ਵਾਰੀ ਕਰਕੇ ਸਾਰੇ ਵਿਆਹੇ ਗਏ ਸਨ ਪਰ ਬੁੱਧਾਂ ਹਾਲੇ ਵੀ ਘਰ ਵਿਚ ਡਟੀ ਹੋਈ ਸੀ। ਉਸਨੂੰ ਵਿਆਹ ਦੀ ਕੋਈ ਚਿੰਤਾ ਨਹੀਂ ਸੀ। ਦਰਅਸਲ ਉਸਨੂੰ ਦੁਨੀਆਦਾਰੀ ਦੀ ਸ਼ਾਇਦ ਬਹੁਤ ਘੱਟ ਸਮਝ ਸੀ। ਕਾਮ ਦੇਵਤਾ ਉਸਦੇ ਦੂਰੋਂ-ਦੂਰੋਂ ਲੰਘ ਜਾਂਦਾ ਸੀ। ਇਸ ਲਈ ਵਿਆਹ ਕਰਾਉਣ ਦੀ ਉਸ ਵਿਚ ਕੋਈ ਵਿਆਕੁਲਤਾ ਨਹੀਂ ਸੀ। ਉਸਦੇ ਮਾਪਿਆਂ ਨੇ ਬੜੀ ਵਾਰ ਉਸਦੇ ਰਿਸ਼ਤੇ ਦੀ ਗੱਲ ਚਲਾਈ ਪਰ ਨੇਪਰੇ ਨਾ ਚੜ੍ਹ ਸਕੀ। ਉਸਦੀ ਸ਼ਕਲ ਤਾਂ ਚੰਗੀ ਭਲੀ ਸੀ ਪਰ ਜਦੋਂ ਉਹਦੇ ਨਾਲ ਕੋਈ ਬਾਹਰਲਾ ਗੱਲ ਕਰਦਾ ਤਾਂ ਉਸਦੀ ਜ਼ਬਾਨ ਨੂੰ ਤਾਲੇ ਲੱਗ ਜਾਂਦੇ ਸਨ। ਉਹ ਡੂੰਨ-ਵੱਟਾ ਬਣ ਕੇ ਬੈਠੀ ਰਹਿੰਦੀ ਤੇ ਥੋੜ੍ਹਾ-ਥੋੜ੍ਹਾ ਬਿਨਾਂ ਮਤਲਬੋਂ ਹੱਸਦੀ ਰਹਿੰਦੀ।

ਉਸਨੂੰ ਘਰ ਦਾ ਕੰਮ ਵੀ ਸਹੀ ਤਰ੍ਹਾਂ ਕਰਨਾ ਨਹੀਂ ਸੀ ਆਉਂਦਾ। ਉਸਨੂੰ ਆਖ-ਆਖ ਕੇ ਕੰਮ ਕਰਾਉਣਾ ਪੈਂਦਾ ਸੀ। ਆਪਣੇ-ਆਪ ਉਹ ਕੋਈ ਕੰਮ ਨਹੀਂ ਸੀ ਕਰ ਸਕਦੀ।

ਇਸ ਲਈ ਘਰਦਿਆਂ ਉਸਨੂੰ ਮੋਟੇ-ਮੋਟੇ ਕੰਮ ਸੌਂਪੇ ਹੋਏ ਸਨ। ਡੰਗਰਾਂ ਨੂੰ ਖੂਹ 'ਤੇ ਲੈ ਜਾਣਾ ਤੇ ਮਾਲ ਚਾਰਨਾ ਤੇ ਸ਼ਾਮ ਨੂੰ ਮਾਲ ਡੰਗਰਾਂ ਨੂੰ ਘਰ ਵਾਪਸ ਲੈ ਆਉਣਾ ਤੇ ਪੱਠੇ ਪਾਉਣੇ। ਉਹ ਇਕ ਪੂਰੇ ਕਾਮੇ ਦਾ ਕੰਮ ਕਰ ਰਹੀ ਸੀ। ਉਸਦਾ ਕਿਸੇ ਨੂੰ ਫ਼ਿਕਰ ਨਹੀਂ ਸੀ ਤੇ ਨਾ ਹੀ ਬੁੱਧਾਂ ਨੂੰ ਕਿਸੇ ਦਾ ਫ਼ਿਕਰ ਸੀ। ਕਦੀ-ਕਦੀ ਮਾਪਿਆਂ ਨੂੰ ਉਹਦੀ ਚਿੰਤਾ ਹੁੰਦੀ ਸੀ ਪਰ ਬੁੱਧਾਂ ਨੂੰ ਕੋਈ ਚਿੰਤਾ ਨਹੀਂ ਸੀ। ਉਹ ਹਮੇਸ਼ਾ ਮਕੱਈ ਦੇ ਦਾਣਿਆਂ ਵਾਂਗ ਖਿੜੀ ਰਹਿੰਦੀ ਸੀ।

ਇਕ ਦਿਨ ਬੁੱਧਾਂ ਆਪਣੇ ਡੰਗਰ ਚਾਰ ਰਹੀ ਸੀ ਜਿਹੜੇ ਕਿ ਉਹ ਅਕਸਰ ਚਾਰਦੀ ਸੀ। ਲਾਗਲੇ ਪਿੰਡ ਦੇ ਦੋ ਮੁੰਡਿਆਂ ਨੇ ਜੋ ਕਿ ਉਸਦੇ ਲਾਗੇ ਹੀ ਮੱਝਾਂ ਚਾਰ ਰਹੇ ਸਨ, ਫੜ ਲਿਆ। ਉਨ੍ਹਾਂ ਨੇ ਬੁੱਧਾਂ ਦਾ ਮੂੰਹ ਬੰਨ੍ਹ ਲਿਆ ਤੇ ਉਸਨੂੰ ਧੂਹ ਕੇ ਲਾਗੇ ਚਰੀ ਵਿਚ ਲੈ ਗਏ। ਉਸ ਵਿਚ ਪੂਰੇ ਬੰਦੇ ਜਿੰਨਾ ਜ਼ੋਰ ਸੀ ਪਰ ਦੋਹਾਂ ਨੇ ਉਸਨੂੰ ਬੜੀ ਮੁਸ਼ਕਲ ਨਾਲ ਕਾਬੂ ਕੀਤਾ। ਉਸ ਨਾਲ ਜਬਰ ਜਨਾਹ ਕੀਤਾ। ਉਹ ਰੋਂਦੀ ਰਹੀ ਤੇ ਮੁੰਡੇ ਆਪਣਾ ਕੰਮ ਕਰਦੇ ਰਹੇ। ਖਿੱਚਾਧੂਹੀ ਵਿਚ ਉਸਦੇ ਕੱਪੜੇ ਪਾਟ ਗਏ ਸਨ ਤੇ ਉਸਦਾ ਪੇਟ ਨੰਗਾ ਹੋ ਰਿਹਾ ਸੀ। ਉਸਦੇ ਭਰਾਵਾਂ ਨੂੰ ਜਦੋਂ ਇਸ ਵਾਰਦਾਤ ਦਾ ਪਤਾ ਲੱਗਾ ਤਾਂ ਉਹ ਬਹੁਤ ਦੁਖੀ ਹੋਏ। ਦੋਸ਼ੀ ਮੁੰਡਿਆਂ ਨੂੰ ਫੜ ਕੇ ਪਹਿਲਾਂ ਕੁੱਟਿਆ ਗਿਆ ਤੇ ਫਿਰ ਪੁਲਿਸ ਦੇ ਹਵਾਲੇ ਕੀਤਾ ਗਿਆ। ਬੁੱਧਾਂ ਕੋਲੋਂ ਮਾਲ ਚਾਰਨ ਦਾ ਕੰਮ ਬੰਦ ਕਰਾਇਆ ਗਿਆ। ਉਹ ਹੁਣ ਘਰ ਦਾ ਕੰਮ ਕਰਦੀ ਤੇ ਮਾਲ ਡੰਗਰ ਨੂੰ ਪੱਠੇ ਪਾਉਂਦੀ। ਉਸਨੂੰ ਮੱਝ ਚੋਣੀ ਨਹੀਂ ਸੀ ਆਉਂਦੀ। ਇਹ ਕੰਮ ਉਸਦੀਆਂ ਭਰਜਾਈਆਂ ਕਰਦੀਆਂ ਸਨ।

ਉਸਦੇ ਮਾਂ-ਬਾਪ ਹੁਣ ਬੁੱਢੇ ਹੋ ਰਹੇ ਸਨ ਤੇ ਉਨ੍ਹਾਂ ਦੀ ਦਿਲੀ ਇੱਛਾ ਸੀ ਕਿ ਕੋਈ ਸਾਧਾਰਨ ਜਿਹਾ ਮੁੰਡਾ ਵੇਖ ਕੇ ਉਸਦੇ ਹੱਥ ਪੀਲੇ ਕੀਤੇ ਜਾਣ। ਉਨ੍ਹਾਂ ਨੂੰ ਇਹ ਸੈਂਸਾ ਖਾਈ ਜਾ ਰਿਹਾ ਸੀ ਕਿ ਉਨ੍ਹਾਂ ਤੋਂ ਬਾਅਦ ਬੁੱਧਾਂ ਦਾ ਕੀ ਬਣੇਗਾ। ਬੁੱਧਾਂ ਦੀਆਂ ਭਰਜਾਈਆਂ ਵੀ ਵਲਵੀਂ ਜ਼ਬਾਨ ਨਾਲ ਬੁੱਧਾਂ ਨੂੰ ਵਿਆਹੁਣ ਦੀ ਸਿਫਾਰਸ਼ ਕਰਦੀਆਂ ਸਨ। ਇਕ ਦਿਨ ਉਨ੍ਹਾਂ ਇਕ ਪਿੰਡ ਦਵਾਜੂ ਮੁੰਡਾ ਵੇਖਿਆ ਤੇ ਉਹਦੇ ਮਾਂ-ਬਾਪ ਨਾਲ ਗੱਲ ਕਰਕੇ ਬੁੱਧਾਂ ਨੂੰ ਉਸ ਨਾਲ ਫੇਰੇ ਦੁਆ ਦਿੱਤੇ। ਮਾਂ-ਪਿਉ ਇਹ ਕਾਰਜ ਕਰਕੇ ਸੰਤੁਸ਼ਟ ਮਹਿਸੂਸ ਕਰਨ ਲੱਗੇ ਅਤੇ ਭਰਾ-ਭਰਜਾਈ ਆਪਣੇ ਥਾਂ ਖ਼ੁਸ਼ ਸਨ। ਭਰਾ-ਭਰਜਾਈਆਂ ਤੇ ਮਾਂ-ਪਿਉ ਬੁੱਧਾਂ ਦੇ ਸੌਹਰੇ ਉਸਦਾ ਹਾਲ ਪੁੱਛਣ ਜਾਂਦੇ। ਬੁੱਧਾਂ ਦੇ ਸੌਹਰੇ ਕੋਈ ਨਾ ਕੋਈ ਉਸਦੀ ਸ਼ਿਕਾਇਤ ਉਨ੍ਹਾਂ ਕੋਲ ਕਰਦੇ। ਉਨ੍ਹਾਂ ਦਾ ਇਤਰਾਜ਼ ਸੀ ਕਿ ਉਹ ਕੋਈ ਕੰਮ ਚੱਜ ਨਾਲ ਨਹੀਂ ਕਰਦੀ, ਰਸੋਈ ਦਾ ਕੰਮ ਉਸਨੂੰ ਸਹੀ ਤਰ੍ਹਾਂ ਆਉਂਦਾ ਨਹੀਂ ਸੀ ਤੇ ਨਾ ਹੀ ਦੁਨੀਆਦਾਰੀ ਦੀ ਉਸਨੂੰ ਕੋਈ ਸਮਝ ਸੀ। ਜਦੋਂ ਉਸਦਾ ਘਰਵਾਲਾ ਉਸ ਕੋਲ ਪਿਆਰ ਕਰਨ ਆਉਂਦਾ, ਉਹ ਉੱਚੀ-ਉੱਚੀ ਰੋਣ ਲੱਗ ਪੈਂਦੀ। ਸਾਰਾ ਟੱਬਰ ਪਰੇਸ਼ਾਨ ਹੋ ਜਾਂਦਾ ਤੇ ਕਈ ਵਾਰ ਗਵਾਂਢੀ ਵੀ ਪੁੱਛਣ ਆਉਂਦੇ ਕਿ ਨੂੰਹ ਰਾਣੀ ਰਾਤ ਕਿਉਂ ਰੋਂਦੀ ਸੀ।

ਉਸਦੇ ਮਾਂ-ਬਾਪ ਤੇ ਬਾਕੀ ਉਸਨੂੰ ਨਸੀਹਤਾਂ ਦਿੰਦੇ ਅਤੇ ਉਸਨੂੰ ਗੱਲਾਂ-ਗੱਲਾਂ ਵਿਚ

ਘਰਵਾਲੇ ਨਾਲ ਪਿਆਰ ਮੁਹੱਬਤ ਕਰਨ ਲਈ ਉਚੇਚਾ ਆਖਦੇ। ਉਸਨੂੰ ਕਹਿੰਦੇ ਕਿ ਉਸਦਾ ਘਰਵਾਲਾ ਉਸਨੂੰ ਕੁਝ ਨਹੀਂ ਕਹਿੰਦਾ। ਉਸ ਕੋਲੋਂ ਐਵੇਂ ਡਰਿਆ ਨਾ ਕਰੇ। ਸਗੋਂ ਉਸਦੇ ਕੋਲ ਬੈਠਿਆ ਕਰੇ। ਬੁੱਧਾਂ ਹੱਸਦੀ ਰਹਿੰਦੀ ਤੇ ਉਨ੍ਹਾਂ ਦੀਆਂ ਗੱਲਾਂ ਸੁਣਦੀ ਰਹਿੰਦੀ। ਉਸਦੇ ਕੁਝ ਪੱਲੇ ਨਹੀਂ ਸੀ ਪੈਂਦਾ ਕਿ ਉਹ ਉਸਨੂੰ ਕੀ ਕਹਿਣ ਦੀ ਕੋਸ਼ਿਸ਼ ਕਰਦੇ ਹਨ। ਉਸ ਦੀਆਂ ਭਰਜਾਈਆਂ ਉਸਨੂੰ ਇਕੱਲਿਆਂ ਬੈਠ ਕੇ ਬੜਾ ਕੁਝ ਗ੍ਰਹਿਸਥ ਬਾਰੇ ਦੱਸਦੀਆਂ। ਬੁੱਧਾਂ ਹੱਸ ਕੇ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾ ਦਿੰਦੀ। ਇਸ ਤਰ੍ਹਾਂ ਉਸਦੇ ਪੇਕੇ ਉਸਨੂੰ ਬਹੁਤ ਕੁਝ ਸਮਝਾ ਬੁਝਾ ਕੇ ਵਾਪਸ ਪਰਤੇ। ਵਾਪਸ ਆ ਕੇ ਵੀ ਉਨ੍ਹਾਂ ਨੂੰ ਇਹ ਧੁੜਕੂ ਲੱਗਾ ਰਹਿੰਦਾ ਕਿ ਬੁੱਧਾਂ ਦਾ ਕੀ ਬਣੇਗਾ। ਉਹ ਬਾਹਲੀ ਹੀ ਸਿੱਧੀ ਸੀ। ਉਹ ਅੰਦਰੋ-ਅੰਦਰੀ ਸਮਝਦੇ ਸਨ ਕਿ ਉਨ੍ਹਾਂ ਨੂੰ ਬੁੱਧਾਂ ਦਾ ਵਿਆਹ ਨਹੀਂ ਸੀ ਕਰਨਾ ਚਾਹੀਦਾ। ਖ਼ੈਰ ਉਨ੍ਹਾਂ ਉਸਨੂੰ ਕਿਸਮਤ ਦੇ ਹਵਾਲੇ ਕਰ ਦਿੱਤਾ।

ਪਰ ਅੱਖਾਂ ਮੀਟਿਆਂ ਤਾਂ ਕਬੂਤਰ ਬਿੱਲੀ ਕੋਲੋਂ ਨਹੀਂ ਬਚ ਸਕਦਾ। ਇਕ ਦਿਨ ਸਵੇਰੇ ਹੀ ਬੁੱਧਾਂ ਤੇ ਉਸਦਾ ਸੌਹਰਾ ਤੇ ਘਰਵਾਲਾ ਉਨ੍ਹਾਂ ਦੇ ਘਰ ਆਏ। ਘਰਵਾਲਿਆਂ ਉਨ੍ਹਾਂ ਦੀ ਪੂਰੀ ਸੇਵਾ ਕੀਤੀ। ਪਰ ਬੁੱਧਾਂ ਤਾਂ ਪਹਿਲਾਂ ਹੀ ਹੱਸ ਰਹੀ ਸੀ ਪਰ ਉਸਦਾ ਪਤੀ ਤੇ ਸੌਹਰਾ ਵੱਟੇ ਘੁੱਟੇ ਸਨ। ਚਾਹ ਪਾਣੀ ਪੀ ਕੇ ਉਹ ਉੱਠ ਪਏ ਤੇ ਕਹਿਣ ਲੱਗੇ ਕਿ ਬੁੱਧਾਂ ਨੂੰ ਏਥੇ ਹੀ ਰੱਖਣ। ਉਸਦੇ ਸੌਹਰੇ ਨੇ ਆਖਿਆ—"ਸਾਡੇ ਨਾਲ ਤੁਸਾਂ ਧੋਖਾ ਕੀਤਾ ਹੈ। ਇੰਨੀ ਸਿੱਧੜ ਕੁੜੀ ਦਾ ਵਿਆਹ ਨਹੀਂ ਕਰਨਾ ਚਾਹੀਦਾ। ਉਸਨੂੰ ਦੀਨ ਦੁਨੀਆ ਦਾ ਕੱਖ ਪਤਾ ਨਹੀਂ। ਸਾਡੀ ਤਾਂ ਸਾਰੇ ਸ਼ਰੀਕੇ ਵਿਚ ਇਹਨੇ ਲਾਹ ਕੇ ਰੱਖ ਦਿੱਤੀ ਐ।' ਇਹ ਕਹਿ ਕੇ ਉਹ ਤੁਰ ਪਏ। ਬੁੱਧਾਂ ਦੇ ਭਰਾ ਤੇ ਪਿਤਾ ਉਨ੍ਹਾਂ ਨੂੰ ਬੜੇ ਤਰਲੇ ਮਿੰਨਤਾਂ ਕਰਦੇ ਰਹੇ ਕਿ ਉਹ ਕੁੜੀਨੂੰ ਇਸ ਤਰ੍ਹਾਂ ਛੱਡ ਕੇ ਨਾ ਜਾਣ। ਪਰ ਉਨ੍ਹਾਂ ਨੇ ਇਕ ਨਾ ਮੰਨੀ ਤੇ ਫਟਾ-ਫਟ ਘਰੋਂ ਬਾਹਰ ਨਿਕਲ ਗਏ। ਟਰਾਲੀ ਵਿਚ ਉਹ ਬੁੱਧਾਂ ਦਾ ਦਾਜ ਵੀ ਵਾਪਸ ਲਿਆਏ ਸਨ। ਉਹ ਫਟਾ-ਫਟ ਟਰਾਲੀ ਤੋਂ ਲਾਹ ਕੇ ਗ਼ੁੱਸੇ ਨਾਲ ਭੁੰਜੇ ਹੀ ਸੁੱਟਦੇ ਹੋਏ ਬੁੜ-ਬੁੜ ਕਰਦੇ ਚਲਦੇ ਬਣੇ। ਘਰ ਵਿਚ ਸਾਰੇ ਮੂੰਹ ਸੁੱਟ ਕੇ ਬੈਠ ਗਏ। ਹੋਣੀ ਟਲੀ ਨਹੀਂ ਸੀ। ਜੋ ਹੋਣਾ ਸੀ ਹੋ ਕੇ ਹੀ ਰਿਹਾ।

ਇਸ ਘਟਨਾ ਤੋਂ ਬਾਅਦ ਘਰਦਿਆਂ ਸੋਚਿਆ ਕਿ ਬੁੱਧਾਂ ਦਾ ਫਿਰ ਕਦੀ ਵਿਆਹ ਨਹੀਂ ਕਰਨਾ। ਉਹ ਪਹਿਲਾਂ ਵਾਂਗ ਘਰ ਦਾ ਹੀ ਕੰਮ-ਕਾਰ ਕਰਨ ਲੱਗੀ। ਘਰ ਦੇ ਉਸਦੇ ਭਵਿੱਖ ਦਾ ਖਹਿੜਾ ਛੱਡ ਕੇ ਆਪਣੇ ਕਾਰਾਂ-ਵਿਹਾਰਾਂ ਵਿਚ ਲੱਗ ਗਏ। ਬੁੱਧਾਂ ਹੁਣ ਖ਼ੁਸ਼ ਸੀ ਕਿ ਉਸਨੂੰ ਰਾਤ ਨੂੰ ਹੁਣ ਰੋਣਾ ਨਹੀਂ ਪਵੇਗਾ ਅਤੇ ਘਰੋਂ ਬਾਹਰ ਨਹੀਂ ਰਹਿਣਾ ਪਵੇਗਾ। ਉਹ ਭੈਣਾਂ-ਭਰਾਵਾਂ ਵਿਚ ਹੀ ਰਹਿ ਕੇ ਖ਼ੁਸ਼ ਸੀ। ਉਹ ਆਪਣੀਆਂ ਵਿਆਹੀਆਂ ਵਰੀਆਂ ਭੈਣਾਂ ਨੂੰ ਜ਼ਿਦ ਕਰਕੇ ਆਖਦੀ ਕਿ ਉਹ ਆਪਣੇ ਘਰ ਵਾਪਸ ਆ ਜਾਣ ਤੇ ਉਸ ਵਾਂਗ ਮਾਂ-ਪਿਉ ਕੋਲ ਰਹਿਣ। ਭੈਣਾਂ ਇਹ ਗੱਲ ਸੁਣ ਕੇ ਰੋ ਪੈਂਦੀਆਂ ਤੇ ਆਪਣੀ ਭੈਣ ਦੀ ਤਕਦੀਰ ਨੂੰ ਕੋਸਦੀਆਂ।

ਇਕ ਵਾਰੀ ਸਾਰਾ ਪਰਿਵਾਰ ਇਕ ਵਿਆਹ ਲਈ ਕੱਪੜਾ ਲੱਤਾ ਲੈਣ ਸ਼ਹਿਰ ਗਿਆ

ਹੋਇਆ ਸੀ। ਦੋਹਤਰੀ ਦਾ ਵਿਆਹ ਸੀ ਤੇ ਨਾਨਕਾਸ਼ਕ ਲੈਣ ਲਈ ਸ਼ਹਿਰ ਖਰੀਦ ਲਈ ਸਾਰਾ ਟੱਬਰ ਢੁਕਿਆ ਹੋਇਆ ਸੀ। ਬੁੱਧਾਂ ਘਰ ਤੇ ਮਾਲ-ਡੰਗਰ ਦੀ ਰਾਖੀ ਲਈ ਘਰ ਹੀ ਰਹੀ। ਉਹ ਵੀ ਨਾਲ ਜਾਣ ਦੀ ਜ਼ਿਦ ਕਰ ਰਹੀ ਸੀ। ਉਸਨੂੰ ਇਹ ਕਹਿ ਕੇ ਵਰਚਾਇਆ ਗਿਆ ਕਿ ਉਸ ਲਈ ਇਕ ਸਾਟਨ ਦਾ ਸੂਟ ਲਿਆ ਕੇ ਦੇਣਗੇ। ਦੁਪਹਿਰੇ ਬੁੱਧਾਂ ਮੱਝਾਂ ਨੂੰ ਪੱਠੇ ਪਾ ਰਹੀ ਸੀ ਕਿ ਬਾਹਰ ਦਾ ਦਰਵਾਜ਼ਾ ਖੜਕਿਆ। ਉਸਨੇ ਜਾ ਕੇ ਖੋਲ੍ਹਿਆ ਤੇ ਦੋ ਮੁੰਡੇ ਜੋ ਉਨ੍ਹਾਂ ਨਾਲ ਪਹਿਲਾਂ ਸੇਪ ਕਰਦੇ ਸਨ, ਅੰਦਰ ਆ ਗਏ। ਬੁੱਧਾਂ ਫਿਰ ਪੱਠਿਆਂ ਵੱਲ ਤੁਰ ਪਈ। ਮਲਕੜੇ ਹੀ ਉਨ੍ਹਾਂ ਬੁੱਧਾਂ ਨੂੰ ਪਿੱਛੋਂ ਜੱਫਾ ਪਾ ਕੇ ਉਸਦਾ ਮੂੰਹ ਪਰਨੇ ਨਾਲ ਬੰਨ ਲਿਆ ਤੇ ਉਸਨੂੰ ਖਿੱਚ ਕੇ ਪਿਛਲੇ ਅੰਦਰ ਲੈ ਗਏ। ਉਹ ਹੱਥ ਪੈਰ ਮਾਰਦੀ ਰਹੀ ਤੇ ਰੋਣ ਦੀ ਕੋਸ਼ਿਸ਼ ਕਰਦੀ ਰਹੀ। ਉਸਦਾ ਮੂੰਹ ਬੰਨ੍ਹਿਆ ਹੋਇਆ ਸੀ। ਉਹ ਆਪਣੀ ਮਰਜ਼ੀ ਨਾਲ ਆਏ ਤੇ ਮਰਜ਼ੀ ਨਾਲ ਚਲੇ ਗਏ। ਜਦੋਂ ਘਰਵਾਲੇ ਵਾਪਸ ਆਏ ਤਾਂ ਬੁੱਧਾਂ ਜ਼ਾਰ-ਜ਼ਾਰ ਰੋ ਰਹੀ ਸੀ। ਉਸਦੀ ਹਾਲਤ ਵੇਖ ਕੇ ਘਰ ਵਾਲਿਆਂ ਵਾਪਰਨ ਵਾਲੀ ਘਟਨਾ ਬਾਰੇ ਭਲੀਭਾਂਤ ਅੰਦਾਜ਼ਾ ਲਾ ਲਿਆ ਸੀ। ਬੁੱਧਾਂ ਨੇ ਉਨ੍ਹਾਂ ਮੁੰਡਿਆਂ ਦੇ ਨਾਮ ਲਏ। ਜੋ ਕੁਝ ਉਨ੍ਹਾਂ ਵਿਰੁੱਧ ਕਰਨਾ ਚਾਹੀਦਾ ਸੀ, ਕੀਤਾ ਗਿਆ। ਪਰ ਉਸਦੇ ਮਾਂ-ਪਿਉ ਨੂੰ ਧਰਤੀ ਵਿਹਲ ਨਹੀਂ ਸੀ ਦੇ ਰਹੀ। ਉਹ ਅੰਦਰੋਂ-ਅੰਦਰੀ ਝੂਰ ਰਹੇ ਸਨ ਕਿ ਉਨ੍ਹਾਂ ਦਾ ਕੋਈ ਜੀਣਾ ਨਹੀਂ। ਇਸ ਕੁੜੀ ਨੇ ਉਨ੍ਹਾਂ ਨੂੰ ਕਿਸੇ ਜਗ੍ਹਾ ਖਲੋਣ ਜੋਗਾ ਨਹੀਂ ਸੀ ਛੱਡਿਆ। ਸਾਰੇ ਪਿੰਡ ਵਿਚ ਲੋਕੀ ਭਾਂਤ-ਭਾਂਤ ਦੀਆਂ ਗੱਲਾਂ ਕਰ ਰਹੇ ਸਨ। ਕਈਆਂ ਦਾ ਵਿਚਾਰ ਸੀ ਕਿ ਸੀਰੀਆਂ ਨੂੰ ਨਜ਼ਾਇਜ ਕੁਟਾਇਆ ਗਿਆ ਏ। ਗੱਲ ਤਾਂ ਪੈਸੇ ਦੇ ਲੈਣ ਦੇਣ ਦੀ ਸੀ ਤੇ ਇਸ ਕੁੜੀ ਦਾ ਬਹਾਨਾ ਬਣਾ ਕੇ ਮੁੰਡਿਆਂ ਨੂੰ ਉਨ੍ਹਾਂ ਦੀ ਮਿਹਨਤ ਨਹੀਂ ਦਿੱਤੀ ਗਈ। ਉਲਟਾ ਉਨ੍ਹਾਂ ਨੂੰ ਪੁਲਿਸ ਕੋਲੋਂ ਕੁਟਾਇਆ ਗਿਆ ਹੈ। ਅਜਿਹੀਆਂ ਗੱਲਾਂ ਸੁਣ ਕੇ ਮਾਂ-ਪਿਉ ਨੂੰ ਹੋਰ ਦੁੱਖ ਹੁੰਦਾ। ਪਿੰਡ ਵਾਲੇ ਤਾਂ ਤਮਾਸ਼ਾ ਵੇਖ ਰਹੇ ਸਨ। ਉਹ ਨਮੋਸ਼ੀ ਨਾਲ ਦਿਨੋ-ਦਿਨੀਂ ਮਰੀ ਜਾ ਰਹੇ ਸਨ।

ਇਕ ਦਿਨ ਬੁੱਧਾਂ ਘੂਕ ਸੁੱਤੀ ਪਈ ਸੀ। ਉਸਦੇ ਪਿਉ ਨੇ ਉਠਾ ਕੇ ਉਸਨੂੰ ਦੁੱਧ ਪੀਣ ਲਈ ਕਿਹਾ। ਦੁੱਧ ਵਿਚ ਕੁਝ ਮਿਲਾਇਆ ਗਿਆ ਸੀ। ਬੁੱਧਾਂ ਡੀਕ ਲਾ ਕੇ ਪੀ ਗਈ। ਦਿਨੇ ਪਤਾ ਲੱਗਾ ਕਿ ਬੁੱਧਾਂ ਪੂਰੀ ਹੋ ਗਈ ਹੈ। ਗੱਲ ਬਣਾਈ ਗਈ ਕਿ ਉਸਨੂੰ ਸੱਪ ਨੇ ਕੱਟਿਆ ਹੈ। ਸਾਰੇ ਟੱਬਰ ਨੇ ਪਿੰਡ ਵਾਲਿਆਂ ਦੀ ਮੌਜੂਦਗੀ ਵਿਚ ਉਸਦਾ ਸਸਕਾਰ ਕੀਤਾ। ਭੈਣ-ਭਰਾ ਭਰਜਾਈਆਂ ਸੱਭੇ ਰੋ ਰਹੇ ਸਨ।

ਬੁੱਧਾਂ ਦਾ ਪਿਤਾ ਮੜ੍ਹੀਆਂ ਦੇ ਇਕ ਪਾਸੇ ਡੌਰ-ਭੌਰਾ ਬੈਠਾ ਸੀ। ਉਹ ਰੋਣਾ ਚਾਹੁੰਦਾ ਸੀ ਪਰ ਉਸ ਕੋਲੋਂ ਰੋਣਾ ਕਠਿਨ ਸੀ। ਉਸਨੂੰ ਇਹ ਝੋਰਾ ਘੁਣ ਵਾਂਗ ਖਾ ਰਿਹਾ ਸੀ ਕਿ ਕੁਦਰਤ ਨੇ ਉਸ ਕੋਲੋਂ ਅਜਿਹੀ ਸਾਧ ਰੂਪ ਲੜਕੀ ਦਾ ਕਤਲ ਕਿਉਂ ਕਰਵਾਇਆ ਹੈ ? ਇਸ ਗਊ ਹੱਤਿਆ ਦੇ ਹਸ਼ਰ ਬਾਰੇ ਚੱਤੇ ਪਹਿਰ ਉਹ ਸੋਚਦਾ ਰਹਿੰਦਾ।

ਪਿਆਰੋ ਫੌਜਣ

'ਐਵੇਂ ਕਟਾ ਕੇ ਨਾ ਆਵੀਂ ਨਾਵਾਂ, ਵੇ ਕੌਣ ਆਖੂ ਹੌਲਦਾਰਨੀ'

ਦੰਦ ਕਥਾ ਹੈ ਕਿ ਪਿਆਰੋ ਗੰਗੂ ਪਹਿਲਵਾਨ ਦੀ ਲੜਕੀ ਸੀ। ਜਦੋਂ ਉਹ ਪੈਦਾ ਹੋਈ ਤਾਂ ਗੰਗੂ ਚਾਹੁੰਦਾ ਸੀ ਕਿ ਉਸਦੇ ਘਰ ਲੜਕਾ ਹੋਵੇ। ਪਰ ਲੜਕੀ ਹੋਣ ਦੀ ਖ਼ਬਰ ਨੇ ਉਸਨੂੰ ਪ੍ਰੇਸ਼ਾਨ ਕਰ ਦਿੱਤਾ ਸੀ। ਉਸਦੇ ਮਰਦਾਊਪੁਣੇ ਨੂੰ ਡਾਹਢੀ ਚੋਟ ਲੱਗੀ ਸੀ। ਇਸ ਲਈ ਉਸਨੇ ਆਪਣੀ ਘਰਵਾਲੀ ਨੂੰ ਕੋਸਣਾ ਸ਼ੁਰੂ ਕਰ ਦਿੱਤਾ ਸੀ। ਘਰਵਾਲੀ ਕਹਿੰਦੀ ਕਿ ਇਸ ਵਿਚ ਉਸਦਾ ਕੀ ਕਸੂਰ ਹੈ। ਜੋ ਬੀਜ ਬੀਜਿਆ ਸੀ ਉਹੀ ਉਗਿਆ ਹੈ। ਇਸ ਵਿਚ ਉਸਦਾ ਕੋਈ ਕਸੂਰ ਨਹੀਂ। ਪਰ ਪਹਿਲਵਾਨ ਦੀ ਖੋਪੜੀ ਵਿਚ ਇਹ ਗੱਲ ਘਰ ਨਹੀਂ ਸੀ ਕਰ ਰਹੀ। ਦਿਨੋ-ਦਿਨ ਘਰਵਾਲੀ ਨਾਲ ਉਸਦਾ ਤਕਰਾਰ ਵਧਦਾ ਗਿਆ ਤੇ ਇਕ ਦਿਨ ਉਸਨੇ ਦਾਰੂ ਦੇ ਨਸ਼ੇ ਵਿਚ ਘਰਵਾਲੀ ਦਾ ਗਲ ਘੁੱਟ ਦਿੱਤਾ ਸੀ। ਪਿਆਰੋ ਦੀ ਮਾਂ ਦੀ ਲਾਸ਼ ਰਫ਼ਾ-ਦਫ਼ਾ ਕੀਤੀ ਗਈ ਸੀ। ਪਿਆਰੋ ਇਕੱਲੀ ਰਹਿ ਗਈ ਸੀ। ਉਸਦੇ ਪਿਉ ਨੇ ਹੋਰ ਵਿਆਹ ਕਰਵਾ ਲਿਆ ਸੀ। ਦੂਜੀ ਮਾਂ ਦੇ ਪੇਟੋਂ ਦੋ ਹੋਰ ਬੱਚੇ ਹੋਏ ਸਨ ਪਰ ਪਿਆਰੋ ਦਾ ਨਾ ਤਾਂ ਬੱਚਿਆਂ ਨਾਲ ਕੋਈ ਪ੍ਰੇਮ ਸੀ ਤੇ ਨਾ ਹੀ ਮਾਂ ਨਾਲ।

ਜਦੋਂ ਉਹ ਮੁਟਿਆਰ ਹੋਈ ਤਾਂ ਉਸਦਾ ਹੁਸਨ ਠਾਠਾਂ ਮਾਰਦਾ ਸੀ। ਉਸਦਾ ਕੱਦ ਕੋਈ ਪੌਣੇ ਛੇ ਫੁੱਟ ਸੀ। ਉਸਦਾ ਰੰਗ ਗੋਰਾ ਤੇ ਨੈਣ ਨਕਸ਼ ਭੜਕੀਲੇ ਸਨ। ਉਹ ਦੂਰੋਂ ਹੀ ਭਲਵਾਨ ਦੀ ਲੜਕੀ ਲੱਗਦੀ ਸੀ। ਵੇਖ ਕੇ ਕੋਈ ਨਹੀਂ ਸੀ ਕਹਿ ਸਕਦਾ ਉਹ ਹਰੀਜਨਾਂ ਦੀ ਕੁੜੀ ਸੀ। ਗੰਗੂ ਭਲਵਾਨ ਨੇ ਇਕ ਫ਼ੌਜੀ ਮੁੰਡੇ ਨਾਲ ਉਸਦੀ ਸ਼ਾਦੀ ਕਰ ਦਿੱਤੀ। ਦੋਹਾਂ ਨੇ ਸ਼ੁਕਰ ਕੀਤਾ। ਭਲਵਾਨ ਵੀ ਉਸਨੂੰ ਘਰੋਂ ਕੱਢਣਾ ਚਾਹੁੰਦਾ ਸੀ ਕਿਉਂਕਿ ਪਿਆਰੋ ਦੇ ਜੰਮਣ ਕਰਕੇ ਹੀ ਉਸਨੇ ਉਹਦੀ ਮਾਂ ਨੂੰ ਪਾਰ ਬੁਲਾਇਆ ਸੀ ਤੇ ਪਿਆਰੋ ਨੂੰ ਵੀ ਆਪਣੇ ਪਿਉ ਵਿਚੋਂ ਪਾਪੀ ਤੇ ਜ਼ਾਲਿਮ ਨਜ਼ਰ ਆਉਂਦਾ ਸੀ। ਵਿਆਹ ਤੋਂ ਬਾਅਦ ਨਾ ਕੋਈ ਉਹਨੂੰ ਪੇਕਿਆਂ ਤੋਂ ਲੈਣ ਆਇਆ ਤੇ ਨਾ ਹੀ ਉਥੇ ਜਾ ਕੇ ਰਾਜੀ ਸੀ।

ਫ਼ੌਜੀ ਸੂਬਾ ਸਿੰਘ, ਬੜਾ ਨਿਹੰਗ ਕਿਸਮ ਦਾ ਬੰਦਾ ਸੀ। ਉਸ ਵਿਚ ਲਚਕਪਣ ਨਾ ਮਾਤਰ ਹੀ ਸੀ। ਜਦੋਂ ਉਹ ਛੁੱਟੀ ਘਰ ਆਉਂਦਾ ਤਾਂ ਪਿਆਰੋ ਪਰਛਾਵੇਂ ਵਾਂਗ ਉਸਦੇ ਮਗਰ-ਮਗਰ ਤੁਰੀ ਫਿਰਦੀ ਸੀ। ਸੂਬਾ ਸਿੰਘ ਫ਼ੌਜੀ ਹੁਕਮ ਛੱਡਦਾ ਤੇ ਪਿਆਰੋ ਫਟ ਉਸਦੀ ਤਮੀਲ ਕਰਦੀ ਸੀ। ਜ਼ਰਾ ਕੁ ਦੇਰ ਵੀ ਸੂਬੇ ਨੂੰ ਚੰਗੀ ਨਹੀਂ ਸੀ ਲੱਗਦੀ। ਪਿਆਰੋ ਸੋਚਦੀ ਸੀ ਕਿ

ਚਲੋ ਦੋ ਕੁ ਮਹੀਨੇ ਦੀ ਗੱਲ ਹੈ, ਫਿਰ ਤਾਂ ਇਸਨੇ ਵਾਪਸ ਫ਼ੌਜ ਵਿਚ ਚਲੇ ਜਾਣਾ ਹੈ। ਇਸ ਲਈ ਉਹ ਉਸ ਦੀਆਂ ਵਧੀਕੀਆਂ ਵੀ ਜਰ ਲੈਂਦੀ ਸੀ। ਉਹ ਜ਼ਾਲਮ ਪਿਉ ਤੇ ਮਤਰਈ ਮਾਂ ਕੋਲ ਰਹਿ ਕੇ ਜਵਾਨ ਹੋਈ ਸੀ ਇਸ ਲਈ ਉਹ ਵਧੀਕੀਆਂ ਵੀ ਬਰਦਾਸ਼ਤ ਕਰ ਸਕਦੀ ਸੀ। ਫ਼ੌਜੀ ਭਾਵੇਂ ਉਸ ਉਪਰ ਪੂਰਾ ਰੋਹਬ ਦਾਬ ਰੱਖਦਾ ਸੀ ਪਰ ਫਿਰ ਵੀ ਉਸਨੂੰ ਪੇਕਿਆਂ ਦਾ ਘਰ ਚੇਤੇ ਨਹੀਂ ਸੀ ਆਉਂਦਾ। ਦੂਜੇ ਸਾਲ ਪਿਆਰੋ ਦੇ ਘਰ ਇਕ ਲੜਕਾ ਹੋਇਆ। ਕਿੰਨੇ ਦਿਨ ਵਾਜਾ ਵੱਜਦਾ ਰਿਹਾ ਤੇ ਫ਼ੌਜੀ ਦਾਰੂ ਪੀਂਦਾ ਰਿਹਾ। ਫ਼ੌਜੀ ਦਾ ਪਿਤਾ ਵਿਆਹ ਤੋਂ ਜਲਦੀ ਬਾਅਦ ਸੱਪ ਲੜਨ ਨਾਲ ਮਰ ਗਿਆ ਸੀ। ਪਿਆਰੋ ਦੀ ਇਕ ਨਣਾਨ ਸੀ ਜੋ ਸੂਬੇ ਨਾਲੋਂ ਪੰਜ ਸਾਲ ਵੱਡੀ ਤੇ ਵਿਆਹੀ ਵਰੀ ਸੀ। ਫ਼ੌਜੀ ਨੂੰ ਘਰ ਵਿਚ ਕੋਈ ਹੋਰ ਮਨ-ਆਈ ਕਰਨ ਤੋਂ ਰੋਕਣ ਵਾਲਾ ਨਹੀਂ ਸੀ। ਜਦੋਂ ਫ਼ੌਜੀ ਛੁੱਟੀ ਆਉਂਦਾ ਤਾਂ ਘਰ ਵਿਚ ਫ਼ੌਜੀ ਦੀ ਹਕੂਮਤ ਚੱਲਦੀ ਸੀ ਤੇ ਅੱਗੋਂ-ਪਿੱਛੋਂ ਪਿਆਰੋ ਦੀ। ਸਮਾਂ ਪਾ ਕੇ ਪਿਆਰੋ ਦੇ ਇਕ ਲੜਕੀ ਪੈਦਾ ਹੋਈ। ਉਸਦੇ ਪੈਦਾ ਹੋਣ ਦੀ ਕੇਵਲ ਪਿਆਰੋ ਨੇ ਹੀ ਖ਼ੁਸ਼ੀ ਮਨਾਈ ਸੀ। ਮਰਦ ਜਾਤ ਨਾਲ ਉਸਦੀ ਨਫ਼ਰਤ ਵਧਦੀ ਜਾ ਰਹੀ ਸੀ। ਪਹਿਲਾਂ ਪਿਤਾ ਦੇ ਰੂਪ ਵਿਚ ਤੇ ਬਾਅਦ ਪਤੀ ਦੇ ਰੂਪ ਵਿਚ ਉਸਨੂੰ ਜ਼ਾਲਮ ਮਰਦਾਂ ਨਾਲ ਹੀ ਵਾਹ ਪਿਆ ਸੀ। ਕਿਸਮਤ ਸਮਝ ਕੇ ਪਿਆਰੋ ਇਸ ਨੂੰ ਭੋਗ ਰਹੀ ਸੀ।

ਕੁਝ ਵਰ੍ਹਿਆਂ ਬਾਅਦ ਫ਼ੌਜੀ ਪੈਨਸ਼ਨ ਆ ਗਿਆ ਤੇ ਪਿਆਰੋ ਲਈ ਭਾਅ ਦੀ ਬਣ ਗਈ ਸੀ। ਪਰ ਹੁਣ ਤਕ ਪਿਆਰੋ ਨੇ ਵਧੀਕੀਆਂ ਦਾ ਟਾਕਰਾ ਕਰਨਾ ਸਿੱਖ ਲਿਆ ਸੀ। ਫ਼ੌਜੀ ਛੀਟਕੇ ਜਿਹੇ ਸਰੀਰ ਵਾਲਾ ਸੀ ਤੇ ਰੰਮ ਪੀ ਕੇ ਉਸਦਾ ਸਰੀਰ ਖੱਦੀ ਹੋ ਚੁੱਕਾ ਸੀ ਪਰ ਦਬਕਾ ਉਸਦਾ ਅਜੇ ਵੀ ਫ਼ੌਜੀਆਂ ਵਾਲਾ ਸੀ। ਉਧਰੋਂ ਪਿਆਰੋ ਭਲਵਾਨ ਦੀ ਧੀ ਸੀ। ਉਹ ਕੱਦ-ਕਾਠ ਤੇ ਜ਼ੋਰ ਵਿਚ ਵੀ ਸੂਬੇ ਨਾਲੋਂ ਕਿਤੇ ਤਗੜੀ ਸੀ ਪਰ ਜ਼ਨਾਨੀ ਹੋਣ ਕਰਕੇ ਉਸਨੇ ਆਪਣੀ ਤਾਕਤ ਦਾ ਕਦੀ ਇਸਤੇਮਾਲ ਨਹੀਂ ਸੀ ਕੀਤਾ। ਸੂਬੇ ਨੂੰ ਪਤਾ ਸੀ ਕਿ ਉਸਦਾ ਸੌਹਰਾ ਪਿਆਰੋ ਦੀ ਪਰਵਾਹ ਨਹੀਂ ਕਰਦਾ, ਇਸ ਲਈ ਉਹ ਉਸ ਨਾਲ ਨਜ਼ਾਇਜ ਕਰਨ ਦਾ ਕੋਈ ਮੌਕਾ ਹੱਥੋਂ ਨਾ ਗਵਾਉਂਦਾ। ਉਸਨੂੰ ਦਾਰੂ ਹੁਣ ਚੜ੍ਹਨ ਲੱਗ ਪਈ ਸੀ ਤੇ ਨਸ਼ੇ ਵਿਚ ਉਹ ਪਿਆਰੋ ਨੂੰ ਗਾਲ੍ਹਾਂ ਕੱਢਣ ਲੱਗਦਾ। ਪਿਆਰੋ ਬੋਤਲ ਲੁਕਾ ਲੈਂਦੀ। ਉਹ ਪਿਆਰੋ ਨੂੰ ਮਾਰਦਾ-ਕੁੱਟਦਾ ਤੇ ਮਜਬੂਰ ਹੋ ਕੇ ਪਿਆਰੋ ਨੂੰ ਫਿਰ ਬੋਤਲ ਦੇਣੀ ਪੈਂਦੀ। ਉਹ ਸ਼ਰਾਬ ਵੀ ਘਰ ਹੀ ਕੱਢਣ ਲੱਗ ਪਿਆ ਸੀ, ਜਿਸ ਕਰਕੇ ਦਾਰੂ ਪੀਣ ਤੋਂ ਘਰ ਵਿਚ ਰੋਜ਼ ਹੀ ਕਲੇਸ਼ ਹੋਣ ਲੱਗਾ। ਇਕ ਦਿਨ ਗ਼ੁੱਸੇ ਵਿਚ ਆ ਕੇ ਲੰਮੀ ਪਈ ਪਿਆਰੋ ਦਾ ਗਲ ਘੁੱਟਣ ਦੀ ਕੋਸ਼ਿਸ਼ ਕੀਤੀ। ਪਿਆਰੋ ਜਾਗਦੀ ਸੀ। ਉਸਨੇ ਘਰਵਾਲੇ ਨੂੰ ਧੱਕ ਕੇ ਪਿੱਛੇ ਪਟਕਾ ਕੇ ਮਾਰਿਆ। ਉਸਦਾ ਸਿਰ ਜ਼ੋਰ ਨਾਲ ਕੰਧ ਨਾਲ ਵੱਜਾ। ਸੂਬਾ ਡਿੱਗਦਿਆਂ ਸਾਰ ਬੇਹੋਸ਼ ਹੋ ਗਿਆ ਤੇ ਫਿਰ ਕਦੀ ਹੋਸ਼ ਵਿਚ ਨਾ ਆਇਆ। ਨਿਆਣੇ ਰੋਣ ਲੱਗ ਪਏ। ਉਹ ਉਨ੍ਹਾਂ ਨੂੰ ਚੁੱਪ ਕਰਾ ਕੇ ਮੰਜੇ 'ਤੇ ਲੰਮੀ ਪੈ ਗਈ ਤੇ ਸਾਰੀ ਰਾਤ ਰੋਂਦੀ ਖਪਦੀ ਰਹੀ।

ਦਿਨੇ ਸਾਰੇ ਵਿਹੜੇ ਤੇ ਬਾਅਦ ਵਿਚ ਪਿੰਡ ਨੂੰ ਪਤਾ ਲੱਗ ਗਿਆ ਕਿ ਸੂਬਾ ਮਰ ਗਿਆ

ਹੈ। ਦਾਰੂ ਨਾਲ ਪਹਿਲਾਂ ਵੀ ਪਿੰਡ ਵਿਚ ਕਈ ਬੰਦੇ ਇਸ ਤਰ੍ਹਾਂ ਹੀ ਮਰੇ ਸਨ। ਉਸਦਾ ਮਰਨਾ ਸੁਭਾਵਕ ਹੀ ਸਮਝਿਆ ਗਿਆ। ਆਂਢੀ-ਗੁਆਂਢੀ ਤੇ ਰਿਸ਼ਤੇਦਾਰਾਂ ਪਿਆਰੋ ਨੂੰ ਦਲਾਸਾ ਦਿੱਤਾ ਤੇ ਸਬਰ ਕਰਨ ਲਈ ਆਖਿਆ। ਲੋਕਾਂ ਦਾ ਬਸ ਏਨਾ ਹੀ ਕੰਮ ਹੁੰਦਾ ਹੈ। ਪਹਾੜ ਜਿੱਡੀ ਜ਼ਿੰਦਗੀ ਉਸ ਲਈ ਸਵਾਲੀਆ ਨਿਸ਼ਾਨ ਬਣੀ ਹੋਈ ਸੀ। ਉਹ ਕਿਧਰ ਜਾਵੇ ਤੇ ਕੀ ਕੰਮ ਧੰਦਾ ਕਰੇ ਤੇ ਆਪਣੇ ਜਵਾਕ ਪਾਲੇ ? ਉਸਦੀ ਸਮਝ ਵਿਚ ਕੁਝ ਨਹੀਂ ਸੀ ਆ ਰਿਹਾ। ਫ਼ੌਜੀ ਦੀ ਪੈਨਸ਼ਨ ਨਾਲ ਘਰ ਚਲਾਉਣਾ ਕਠਿਨ ਸੀ। ਅਖ਼ੀਰ ਉਹ ਸ਼ਹਿਰ ਇਕ ਲਾਲੇ ਦੇ ਘਰ ਦਾ ਕੰਮ ਕਰਨ ਲੱਗੀ। ਉਹ ਸਾਰਾ ਦਿਨ ਕੰਮ ਕਰਦੀ ਤੇ ਸ਼ਾਮ ਨੂੰ ਘਰ ਪਰਤਦੀ ਸੀ। ਲੜਕਾ ਤੇ ਲੜਕੀ ਸਕੂਲੇ ਪੜ੍ਹਨ ਜਾਂਦੇ ਤੇ ਘਰ ਆ ਕੇ ਆਪੇ ਖੇਡਦੇ ਰਹਿੰਦੇ। ਬੜੇ ਸੁਲੱਖਣੇ ਸਨ ਦੋਵੇਂ ਜਣੇ।

ਪਿਆਰੋ ਨੂੰ ਤਿੰਨ ਵਰ੍ਹੇ ਲਾਲੇ ਦੇ ਘਰ ਕੰਮ ਕਰਦਿਆਂ ਗੁਜ਼ਰ ਗਏ ਸਨ। ਲਾਲੇ ਦਾ ਵੱਡਾ ਮੁੰਡਾ ਮਦਨ ਵਿਆਹਿਆ ਹੋਇਆ ਸੀ ਪਰ ਉਹਦੀ ਘਰਵਾਲੀ ਨਾਲ ਅਣ-ਬਣ ਚੱਲ ਰਹੀ ਸੀ। ਉਹ ਪਿਆਰੋ ਨਾਲ ਨਜ਼ਦੀਕੀ ਵਧਾਉਣ ਲੱਗਾ। ਘਰਦਿਆਂ ਤੋਂ ਚੋਰੀ ਉਸ ਨਾਲ ਗੱਲਾਂ-ਬਾਤਾਂ ਕਰਦਾ ਰਹਿੰਦਾ। ਹੌਲੀ-ਹੌਲੀ ਉਹ ਉਸ ਨਾਲ ਪੂਰਾ ਰਸ-ਮਿਸ ਗਿਆ। ਪਤਾ ਹੀ ਉਸ ਵਕਤ ਲੱਗਾ ਜਦੋਂ ਉਹ ਪਿਆਰੋ ਨੂੰ ਨਾਲ ਲੈ ਕੇ ਪੰਚਕੂਲੇ ਭੱਜ ਗਿਆ। ਦੋਵਾਂ ਨੂੰ ਜਾਂਦਿਆਂ ਵੇਖ ਕੇ ਕੋਈ ਨਹੀਂ ਸੀ ਕਹਿ ਸਕਦਾ ਕਿ ਉਹ ਪਤੀ-ਪਤਨੀ ਨਹੀਂ ਹਨ। ਦੋਵੇਂ ਨਿਆਣੇ ਉਨ੍ਹਾਂ ਇਕ ਸਕੂਲ ਵਿਚ ਪਾ ਦਿੱਤੇ ਤੇ ਆਪ ਸਰਕਾਰੀ ਮਹਿਕਮੇ ਵਿਚ ਕਲਰਕ ਜਾ ਲੱਗਾ। ਉਸ ਕੋਲ ਤਲੀਮ ਵੀ ਸੀ ਤੇ ਗਹਿਣਾ ਗੱਟਾ ਵੀ। ਉਹਨੇ ਇਕ ਫਲੈਟ ਕਿਸ਼ਤਾਂ 'ਤੇ ਲੈ ਲਿਆ। ਉਸਦੇ ਘਰ ਵਾਲਿਆਂ ਨੂੰ ਜਦੋਂ ਪਤਾ ਲੱਗਾ ਕਿ ਉਸਨੇ ਨੌਕਰਾਣੀ ਨਾਲ ਸ਼ਾਦੀ ਕਰ ਲਈ ਹੈ ਤਾਂ ਉਨ੍ਹਾਂ ਨੇ ਉਸਦਾ ਸੋਸ਼ਲ ਬਾਈਕਾਟ ਕਰ ਦਿੱਤਾ। ਮਦਨ ਨੂੰ ਇਸਦੀ ਕੋਈ ਪ੍ਰਵਾਹ ਨਹੀਂ ਸੀ। ਉਸਦੀ ਪਹਿਲੀ ਘਰਵਾਲੀ ਬਦਸ਼ਕਲ ਤੇ ਕਾਲੀ-ਕਲੋਟੀ ਸੀ ਪਰ ਪਿਆਰੋ ਨੂੰ ਵੇਖ ਕੇ ਉਸਦੀ ਭੁੱਖ ਲੱਥਦੀ ਸੀ। ਉਹ ਪਿਆਰੋ ਨਾਲ ਸ਼ਾਦੀ ਕਰਕੇ ਆਪਣੇ ਸਾਰੇ ਦੁੱਖ ਭੁੱਲ ਗਿਆ ਸੀ।

ਦੂਜੇ ਸਾਲ ਦੇ ਸਿਆਲ ਦੇ ਸ਼ੁਰੂ ਵਿਚ ਮਦਨ ਦੇ ਘਰ ਇਕ ਲੜਕਾ ਹੋਇਆ। ਲੜਕਾ ਬਹੁਤ ਸੁੰਦਰ ਸੀ। ਉਸਦਾ ਜ਼ਿਹਨ ਖ਼ੁਸ਼ੀਆਂ ਨਾਲ ਭਰ ਗਿਆ। ਉਹ ਪਿਆਰੋ ਨੂੰ ਹੋਰ ਪਿਆਰ ਕਰਨ ਲੱਗਾ ਤੇ ਪਿਆਰੋ ਉਸਨੂੰ। ਇਹ ਸਮਾਂ ਉਨ੍ਹਾਂ ਲਈ ਖ਼ੁਸ਼ੀਆਂ ਦੀ ਚਰਮਸੀਮਾ ਸੀ। ਸਮਾਜ ਖ਼ੁਸ਼ੀਆਂ ਦਾ ਵੈਰੀ ਹੈ। ਹੌਲੀ-ਹੌਲੀ ਉਸਦੇ ਸਾਥੀਆਂ ਨੂੰ ਪਤਾ ਲੱਗਾ ਗਿਆ ਕਿ ਪਿਆਰੋ ਹਰੀਜਨ ਹੈ ਤੇ ਵੱਡਾ ਲੜਕਾ ਤੇ ਲੜਕੀ ਉਸਦੇ ਪਹਿਲੇ ਪਤੀ ਦੇ ਨਿਆਣੇ ਹਨ। ਲੋਕੀ ਤਾਂ ਜਾਤਾਂ ਦੀ ਪਰਖ ਕਰਨ ਲਈ ਦਿਨ ਰਾਤ ਇਕ ਕਰ ਛੱਡਦੇ ਹਨ। ਉਨ੍ਹਾਂ ਦੀ ਨੀਂਦ ਹਰਾਮ ਹੋ ਜਾਂਦੀ ਹੈ, ਜਿੰਨਾ ਚਿਰ 'ਅਸਲੀਅਤ' ਦਾ ਪਤਾ ਨਾ ਲੱਗ ਜਾਵੇ। ਉਹਨੇ ਇਹ ਸੁਣਿਆ ਕਿ ਪਿਆਰੋ ਨੇ ਆਪਣਾ ਪਹਿਲਾ ਘਰਵਾਲਾ ਆਪ ਮਾਰਿਆ ਹੈ ਤਾਂ ਕਿ ਉਹ ਮਦਦ ਨਾਲ ਸ਼ਾਦੀ ਕਰ ਸਕੇ। ਉਨ੍ਹਾਂ ਨੂੰ ਇਹ ਵੀ ਪਤਾ ਲੱਗ ਗਿਆ ਕਿ ਮਦਨ ਵੀ ਆਪਣੀ

ਪਹਿਲੀ ਘਰਵਾਲੀ ਛੱਡ-ਛਡਾ ਕੇ ਦੌੜ ਕੇ ਪੰਚਕੂਲੇ ਆਇਆ ਹੈ। ਇਹ ਸਾਰੀਆਂ ਸੂਹਾਂ ਘੁੰਮ-ਘੁਮਾ ਕੇ ਮਦਨ ਕੋਲ ਪਹੁੰਚੀਆਂ। ਲੋਕੀ ਉਸ ਕੋਲੋਂ ਹੌਲੀ-ਹੌਲੀ ਕਿਨਾਰਾਕਸ਼ੀ ਕਰਨ ਲੱਗੇ। ਇਹ ਸਭ ਕੁਝ ਸੁਣ ਕੇ ਮਦਨ ਨੂੰ ਸੱਪ ਸੁੰਘ ਜਾਂਦਾ ਤੇ ਉਹ ਕਈਆਂ ਨਾਲ ਲੜਦਾ, ਝਗੜਦਾ, ਖਹਿਬੜਦਾ ਤੇ ਬਹਿਸਦਾ। ਗੁਆਂਢੀ ਤੇ ਜਾਣੂ-ਪਛਾਣੂ ਪਹਿਲਾਂ ਤਾਂ ਪਿਆਰੋ ਦੀਆਂ ਸਿਫ਼ਤਾਂ ਕਰਦੇ ਨਹੀਂ ਸਨ ਥੱਕਦੇ ਪਰ ਇਹ ਸਾਰੀ ਰਾਮ ਕਹਾਣੀ ਸੁਣਨ ਤੋਂ ਬਾਅਦ ਠਠੰਬਰ ਗਏ। ਹੁਣ ਉਨ੍ਹਾਂ ਨੂੰ ਪਿਆਰੋ ਕੋਲੋਂ ਕਰੰਟ ਵੱਜਦਾ ਸੀ। ਇਸ ਹਾਲਤ ਵਿਚ ਮਦਨ ਭੈਭੀਤ ਹੋਇਆ ਆਪਣੇ ਆਪ ਨੂੰ ਮੰਝਧਾਰ ਵਿਚ ਫਸਿਆ ਮਹਿਸੂਸ ਕਰਨ ਲੱਗਾ। ਪਿਆਰੋ ਦੇ ਪਿਆਰ ਵਿਚ ਜਿਹੜੇ ਦੁੱਖ-ਦਰਦ ਉਸਨੇ ਭੁਲਾਏ ਸਨ, ਉਹ ਦੁਬਾਰਾ ਰੜਕਣ ਲੱਗੇ।

ਲੋਕਾਂ ਦਾ ਕੌਣ ਮੂੰਹ ਫੜੇ ? ਲੋਕੀ ਤਾਂ ਉਸਦੇ ਸਾਹਮਣੇ ਹੁਣ ਨਿੱਝਕੇ ਹੋ ਕੇ ਆਖਣ ਲੱਗੇ—'ਇਹ ਹਰਾਮੀ ਚੂਹੜੀ ਨੂੰ ਭਜਾ ਕੇ ਲਿਆਇਆ ਏ। ਉਹਨੇ ਪਹਿਲਾ ਘਰਵਾਲਾ ਮਾਰ ਮੁਕਾਇਆ ਏ, ਹੁਣ ਇਹਨੂੰ ਵੀ ਨਹੀਂ ਛੱਡਣ ਲੱਗੀ। ਸੁਣਿਆ ਇਹ ਬੰਦੇ ਖਾਣੀ ਡੈਣ ਏ। ਮਦਨ ਕਿਸ ਬਾਗ ਦੀ ਮੂਲੀ ਏ। ਇਹਨੂੰ ਮਾਰ ਮੁਕਾ ਕੇ ਕਿਸੇ ਦਿਨ ਟਿਬ ਜਾਵੇਗੀ। ਡੈਣਾਂ ਦੇ ਵੀ ਕਦੀ ਘਰ ਹੁੰਦੇ ਨੇ।" ਇਹ ਸਭ ਕੁਝ ਸੁਣ ਕੇ ਉਹ ਸੁੰਨ ਹੋ ਜਾਂਦਾ। ਉਸ ਵਿਚ ਏਨੀ ਹਿੰਮਤ ਨਹੀਂ ਸੀ ਕਿ ਉਹ ਲੰਡੀ ਬੁੱਚੀ ਨਾਲ ਲੜੇ ਤੇ ਵਾਜਬ ਜਵਾਬ ਬਾਜੀ ਕਰੇ। ਚਿੰਤਾ ਨੇ ਉਸਦੀ ਰੱਤ ਚੂਸ ਲਈ ਸੀ। ਅਖ਼ੀਰ ਇਕ ਦਿਨ ਉਸਦਾ ਖੁਰਾ ਨੱਪਦੀ ਅੰਮ੍ਰਿਤਸਰੋਂ ਪੁਲਿਸ ਉਸਦੇ ਸਕੂਲ ਆਣ ਧਮਕੀ। ਇਹ ਉਸਦੀ ਪਹਿਲੀ ਘਰ ਵਾਲੀ ਦੇ ਮਾਪਿਆਂ ਵੱਲੋਂ ਉਸਦੇ ਗ੍ਰਿਫ਼ਤਾਰੀ ਵਰੰਟ ਲੈ ਕੇ ਆਈ ਸੀ। ਸਾਰੇ ਸਕੂਲ ਵਿਚ ਰੌਲਾ ਪੈ ਗਿਆ ਤੇ ਉਸਦੀ ਲਾ-ਲਾ ਹੋ ਗਈ। ਪੁਲਿਸ ਦੇ ਇਰਾਦੇ ਨੂੰ ਭਾਂਪ ਕੇ ਉਹ ਅੱਗੇ ਪਿੱਛੇ ਹੋ ਗਿਆ। ਪੁਲਿਸ ਪ੍ਰਿੰਸੀਪਲ ਨਾਲ ਗੱਲਬਾਤ ਕਰਕੇ ਇਕ ਕਾਗ਼ਜ਼ ਮਦਨ ਨੂੰ ਪੇਸ਼ ਹੋਣ ਵਾਸਤੇ ਛੱਡ ਗਈ। ਸਕੂਲੋਂ ਦੌੜ ਕੇ ਮਦਨ ਘਰ ਨਹੀਂ ਗਿਆ। ਆਲੇ-ਦੁਆਲੇ ਉਸਦੇ ਗ਼ਾਇਬ ਹੋਣ ਦੀ ਖ਼ਬਰ ਫੈਲ ਗਈ। ਸਕੂਲੋਂ ਉਹ ਮੁਅੱਤਲ ਹੋ ਗਿਆ। ਮਹੀਨੇ ਬਾਅਦ ਵੀ ਉਸਦੀ ਕੋਈ ਉੱਘ-ਸੁੱਘ ਨਾ ਨਿਕਲੀ। ਪਿਆਰੋ ਕੋਲ ਪੁਲਿਸ ਛਾਪੇ ਮਾਰਨ ਲੱਗੀ ਤੇ ਉਸਨੂੰ ਤੁਰੰਤ ਪੇਸ਼ ਕਰਾਉਣ ਵਾਸਤੇ ਤੰਗ ਕਰਨ ਲੱਗੀ। ਪਿਆਰੋ ਲਈ ਵੀ ਇਹ ਨਵੀਂ ਮੁਸੀਬਤ ਸੀ। ਉਸਨੂੰ ਕੁਝ ਸਮਝ ਨਹੀਂ ਸੀ ਆ ਰਿਹਾ। ਮਦਨ ਦੇ ਵਤੀਰੇ ਨਾਲ ਉਸਨੂੰ ਹਮਦਰਦੀ ਤੇ ਗ਼ੁੱਸਾ ਦੋਵੇਂ ਆ ਰਹੇ ਸਨ। ਉਸਦਾ ਇਕ ਦਿਨ ਇਕ-ਇਕ ਮਹੀਨੇ ਵਾਂਗ ਗੁਜ਼ਰ ਰਿਹਾ ਸੀ। ਉਸਦੇ ਜਾਣ ਲਈ ਕੋਈ ਥਾਂ ਨਹੀਂ ਬਚੀ। ਸਾਰੀ ਦੁਨੀਆ ਸੁੰਨੀ ਨਜ਼ਰ ਆਉਣ ਲੱਗੀ।

ਅਖ਼ੀਰ ਇਕ ਦਿਨ ਉਸਨੇ ਕਿਸੇ ਰਿਸ਼ਤੇਦਾਰ ਕੋਲੋਂ ਸੁਣਿਆ ਕਿ ਮਦਨ ਡਰਦਾ ਮਾਰਾ ਪੁਲਿਸ ਕੋਲ ਪੇਸ਼ ਹੋ ਗਿਆ ਹੈ ਅਤੇ ਉਸਨੇ ਆਪਣੀ ਪਹਿਲੀ ਘਰਵਾਲੀ ਨਾਲ ਰਾਜ਼ੀਨਾਵਾਂ ਕਰ ਲਿਆ ਹੈ। ਉਹ ਹੁਣ ਸੌਹਰਿਆਂ ਦੇ ਘਰ ਹੀ ਰਹਿਣ ਲੱਗਾ ਕਿਉਂਕਿ ਉਸਦੇ ਆਪਣੇ ਘਰ ਵਾਲਿਆਂ ਉਸਨੂੰ ਬਰਾਦਰੀ ਵਿਚੋਂ ਛੇਕ ਦਿੱਤਾ ਸੀ। ਪਿਆਰੋ ਦੰਦ ਕਰੀਚਦੀ, ਨਿਆਣੇ ਲੈ ਕੇ ਅੰਮ੍ਰਿਤਸਰ ਪਹੁੰਚੀ। ਉਹ ਇਧਰੋਂ-ਉਧਰੋਂ ਪਤਾ ਕਰਕੇ ਓੜਕ ਮਦਨ ਦੇ ਘਰ ਜਾ

ਪਹੁੰਚੀ। ਉਸ ਵਕਤ ਮਦਨ ਆਪਣੀ ਪਤਨੀ ਨਾਲ ਖਾਣਾ ਖਾ ਰਿਹਾ ਸੀ। ਅਚਾਨਕ ਪਿਆਰੋ ਨੂੰ ਵੇਖ ਕੇ ਉਸਦੀ ਖਾਨਿਓਂ ਗਈ। ਪਿਆਰੋ ਨੇ ਪੂਰੇ ਤਾਣ ਨਾਲ ਮਦਨ ਉਪਰ ਖੰਜਰ ਦਾ ਵਾਰ ਕੀਤਾ। ਜਦੋਂ ਮਦਨ ਦੀ ਘਰਵਾਲੀ ਅੱਗੋਂ ਛੁਡਾਉਣ ਲੱਗੀ ਤਾਂ ਪਿਆਰੋ ਨੇ ਉਹਨੂੰ ਜ਼ਖ਼ਮੀ ਕਰ ਦਿੱਤਾ। ਘਰ ਵਿਚ ਕੁਰਲਾਹਟ ਮੱਚ ਗਿਆ। ਦੋਹਾਂ ਨੂੰ ਲਹੂ-ਲੁਹਾਨ ਛੱਡ ਕੇ ਉਸਨੇ ਆਪਣਾ ਕੁੱਛੜ ਵਾਲਾ ਮੁੰਡਾ ਵਗਾਹ ਕੇ ਮਦਨ ਅੱਗੇ ਸੁੱਟਿਆ ਤੇ ਆਪ ਉੱਚੀ-ਉੱਚੀ ਗਾਲ੍ਹਾਂ ਕੱਢਦੀ ਬਾਹਰ ਨਿਕਲ ਗਈ। ਸਾਰੇ ਵੇਖਦੇ ਹੀ ਰਹਿ ਗਏ। ਚੌਂਕ ਤੇ ਜਾ ਕੇ ਉਸਨੇ ਬੱਚਿਆਂ ਨਾਲ ਪੰਚਕੂਲੇ ਵਾਲੀ ਬੱਸ ਫੜੀ। ਬਾਰੀ ਵਿਚੋਂ ਸਿਰ ਕੱਢ ਕੇ ਉਸਨੇ ਮਦਨ ਦੇ ਘਰ ਵੱਲ ਮੂੰਹ ਕਰਕੇ ਥੁੱਕਿਆ ਤੇ ਆਪਣੇ ਬੱਚਿਆਂ ਨੂੰ ਗਲ ਲਾ ਕੇ ਛਮ-ਛਮ ਰੋਣ ਲੱਗ ਪਈ।

ਪਰਉਪਕਾਰੀ ਬੀਰੋ

ਬੀਰੋ ਬਾਰਡਰ ਦੇ ਇਕ ਪਿੰਡ ਬਥਨਗੜ੍ਹ ਦੀ ਜੰਮਪਲ ਸੀ। ਜਦੋਂ ਉਹ ਮੁਟਿਆਰ ਹੋਈ ਤਾਂ ਉਸਦਾ ਵਿਆਹ ਸਾਡੇ ਪਿੰਡ ਦੇ ਹਰੀਜਨ ਪਰਿਵਾਰ ਦੇ ਹੀਰੇ ਨਾਲ ਹੋਇਆ। ਬੀਰੋ ਬੜੀ ਸੋਹਣੀ, ਜਵਾਨ ਤੇ ਹੱਟੀ-ਕੱਟੀ ਮੁਟਿਆਰ ਸੀ। ਉਸਦਾ ਘਰਵਾਲਾ ਹੀਰਾ ਪਿੰਡ ਵਿਚ ਦਿਹਾੜੀ-ਦੱਪਾ ਕਰਦਾ ਤੇ ਪਿੰਡ ਵਿਚ ਦਿਹਾੜੀ ਨਾ ਮਿਲਣ ਕਾਰਨ ਸ਼ਹਿਰ ਵਿਚ ਰਿਕਸ਼ਾ ਵਾਹੁਣ ਜਾਂਦਾ ਸੀ। ਉਸਦੇ ਘਰ ਹੇਠ ਉਪਰ ਦੋ ਮੁੰਡੇ ਪੈਦਾ ਹੋਏ। ਉਹ ਦੋਹਾਂ ਮੁੰਡਿਆਂ ਦੀ ਹਫਤਾ-ਹਫਤਾ ਖ਼ੁਸ਼ੀ ਮਨਾਉਂਦਾ ਰਿਹਾ। ਉਹ ਘਰ ਦੀ ਦਾਰੂ ਕੱਢਦਾ, ਆਪ ਪੀਂਦਾ ਤੇ ਲੋਕਾਂ ਨੂੰ ਪਿਲਾਉਂਦਾ ਰਿਹਾ। ਜਦੋਂ ਪੈਸੇ ਮੁੱਕ ਗਏ ਤਾਂ ਉਹ ਸ਼ਹਿਰ ਵੱਲ ਦਿਹਾੜੀ ਕਰਨ ਜਾਣ ਲੱਗਾ। ਉਹ ਕੰਮ ਉਸ ਵਕਤ ਹੀ ਕਰਦਾ ਸੀ ਜਦੋਂ ਉਸਦੀ ਜੇਬ ਖ਼ਾਲੀ ਹੋ ਜਾਏ। ਉਹ ਜਦੋਂ ਸ਼ਹਿਰ ਰਿਕਸ਼ਾ ਚਲਾਉਣ ਜਾਂਦਾ ਤਾਂ ਬਾਕੀ ਰਿਕਸ਼ੇ ਵਾਲਿਆਂ ਦੀ ਸੋਹਬਤ ਵਿਚ ਉਹ ਨਸ਼ੇ ਦੇ ਕੈਪਸੂਲ ਖਾਣ ਲੱਗਾ। ਹੌਲੀ-ਹੌਲੀ ਉਹ ਜਦੋਂ ਉਸਨੂੰ ਥੋੜ੍ਹੀ-ਬਹੁਤੀ ਥਕਾਵਟ ਹੁੰਦੀ, ਉਹ ਕੈਪਸੂਲ ਦਾ ਫੱਕਾ ਮਾਰ ਲੈਂਦਾ। ਇਨ੍ਹਾਂ ਨਸ਼ੇ ਵਾਲੀਆਂ ਗੋਲੀਆਂ ਤੇ ਕੈਪਸੂਲਾਂ ਕਾਰਨ ਉਹ ਦਿਨੋ-ਦਿਨ ਨਿਘਰਦਾ ਗਿਆ ਅਤੇ ਇਕ ਦਿਨ ਤੇਲ ਮੁੱਕੇ ਦੀਵੇ ਵਾਂਗ ਫੱਕ-ਫੱਕ ਕਰਕੇ ਬੁਝ ਗਿਆ।

ਬੀਰੋ ਦੇ ਹਾਲੇ ਛੋਟੇ-ਛੋਟੇ ਮੁੰਡੇ ਸਨ। ਇਕ ਤਾਂ ਹਾਲੀ ਦੁੱਧ ਚੁੰਘਦਾ ਸੀ। ਘਰ ਵਿਚ ਕੋਈ ਕਮਾਉਣ ਵਾਲਾ ਨਾ ਰਿਹਾ ਤੇ ਨਾ ਹੀ ਘਰ ਤੋਂ ਬਿਨਾਂ ਉਸਦੀ ਹੋਰ ਕੋਈ ਜਾਇਦਾਦ ਨਹੀਂ ਸੀ। ਉਹ ਬੱਚੇ ਪਾਲਣ ਲਈ ਜ਼ਿਮੀਂਦਾਰਾਂ ਦੇ ਘਰ ਕੰਮ ਧੰਦਾ ਕਰਨ ਲੱਗੀ, ਜਿਸ ਨਾਲ ਉਸਨੂੰ ਦੋਹਾਂ ਡੰਗਾਂ ਦੀ ਰੋਟੀ ਮਿਲਣ ਲੱਗੀ। ਉਹ ਕਈ ਘਰਾਂ ਦਾ ਗੋਹਾ ਕੂੜਾ ਵੀ ਕਰਦੀ ਸੀ। ਸਾਰੀ ਦਿਹਾੜੀ ਬਾਹਰ ਰਹਿਣ ਨਾਲ ਉਸਦੇ ਮੁੰਡੇ ਰੁਲ ਗਏ ਸਨ। ਭਾਵੇਂ ਸੱਸ ਮਗਰ ਘਰ ਰਹਿੰਦੀ ਸੀ ਪਰ ਉਹ ਬੁੱਢੀ ਹੋਣ ਕਾਰਨ ਬੱਚਿਆਂ ਨੂੰ ਚੰਗੀ ਤਰ੍ਹਾਂ ਸਾਂਭ ਸੰਭਾਲ ਨਹੀਂ ਸੀ ਸਕਦੀ। ਬੱਚਿਆਂ ਦੀ ਤਰਸਯੋਗ ਹਾਲਤ ਵੇਖ ਕੇ ਇਕ ਦਿਨ ਉਹ ਰੋ ਪਈ ਪਰ ਉਸਨੂੰ ਕੰਮ 'ਤੇ ਜਾਣਾ ਹੀ ਪੈਣਾ ਸੀ ਇਸ ਲਈ ਉਹ ਆਪਣੀ ਤੇ ਬੱਚਿਆਂ ਦੀ ਕਿਸਮਤ ਨੂੰ ਕੋਸਣ ਲੱਗੀ। ਭਾਵੇਂ ਉਸਦਾ ਜੇਠ ਤੇ ਨਣਾਨ ਉਸ ਨਾਲ ਹਮਦਰਦੀ ਕਰਦੇ ਸਨ ਪਰ ਹਮਦਰਦੀ ਨਾਲ ਤਾਂ ਪੇਟ ਨਹੀਂ ਭਰਦਾ।

ਉਸਦੇ ਜੇਠ ਜੀਵਨ ਦੇ ਘਰ ਦੋ ਲੜਕੀਆਂ ਤੋਂ ਬਾਅਦ ਕੋਈ ਔਲਾਦ ਨਹੀਂ ਸੀ ਹੋਈ।

ਉਹ ਇਲਾਜ ਕਰਵਾ ਕੇ ਹਾਰ ਗਿਆ ਸੀ। ਨਰ ਔਲਾਦ ਤੋਂ ਬਿਨਾਂ ਉਹ ਆਪਣਾ ਘਰ ਅਧੂਰਾ ਸਮਝਦਾ ਸੀ। ਉਸਨੇ ਹਮਦਰਦੀ ਵਜੋਂ ਹੀਰੇ ਦਾ ਇਕ ਲੜਕਾ ਆਪਣੀ ਮਾਂ ਕੋਲੋਂ ਮੰਗਿਆ ਪਰ ਨਾ ਤਾਂ ਬੀਰੋ ਆਪਣਾ ਲੜਕਾ ਦੇਣ ਲਈ ਤਿਆਰ ਸੀ ਤੇ ਨਾ ਹੀ ਜੀਵਨ ਦੇ ਘਰ ਵਾਲੀ ਬਾਹਰੋਂ ਲੜਕਾ ਲੈਣ ਦੇ ਹੱਕ ਵਿਚ ਸੀ। ਦੋਵਾਂ ਦੀ ਵਿਰੋਧਤਾ ਕਾਰਨ ਇਹ ਮਾਮਲਾ ਵਿਚੇ ਹੀ ਠੱਪਿਆ ਗਿਆ। ਉਸਨੇ ਆਪਣੀ ਅਤੇ ਆਪਣੀ ਛੋਟੀ ਭਰਜਾਈ ਦੀ ਮਦਦ ਕਰਨ ਦਾ ਇਕ ਹੋਰ ਢੰਗ ਸੋਚਿਆ ਤੇ ਆਪਣੀ ਮਾਂ ਨਾਲ ਸਾਂਝਾ ਕੀਤਾ। ਇਸ ਢੰਗ ਅਨੁਸਾਰ ਜੀਵਨ ਨੇ ਬੀਰੋ ਦੀ ਗੋਦ ਹਰੀ ਕਰਨੀ ਸੀ ਤੇ ਜੇਕਰ ਉਸਦੇ ਘਰ ਲੜਕਾ ਹੋਵੇ ਤਾਂ ਉਸਨੇ ਜੀਵਨ ਨੂੰ ਸੌਂਪ ਦੇਣਾ ਸੀ ਤੇ ਇਸ ਦੇ ਬਦਲੇ ਜੀਵਨ ਕੋਲੋਂ ਪੱਚੀ ਹਜ਼ਾਰ ਰੁਪੈ ਲੈਣੇ ਸਨ। ਸੱਸ ਨੇ ਨੱਪ ਘੁੱਟ ਕੇ ਬੀਰੋ ਨੂੰ ਮਨਾ ਲਿਆ। ਜੀਵਨ ਕਦੀ-ਕਦੀ ਬੀਰੋ ਦੇ ਘਰ ਆਉਂਦਾ ਜਾਂਦਾ ਰਿਹਾ। ਬੀਰੋ ਦੀ ਜਦੋਂ ਗੋਦ ਹਰੀ ਭਰੀ ਹੋ ਗਈ ਤਾਂ ਉਸਦੀ ਨਣਾਨ ਨੇ ਬੀਰੋ ਦੀ ਕੁਰਬਾਨੀ ਦੀ ਸ਼ਲਾਘਾ ਕਰਨੀ ਸ਼ੁਰੂ ਕਰ ਦਿੱਤੀ। ਜੀਵਨ ਵੀ ਬੱਚੇ ਦੀ ਸਿਹਤ ਲਈ ਘਰ ਵਿਚ ਫਲ-ਫਰੂਟ ਤੇ ਹੋਰ ਤਾਕਤ ਵਾਲੀਆਂ ਦਵਾਈਆਂ ਲੈ ਕੇ ਆਉਣ ਲੱਗਾ। ਜੀਵਨ ਦੀ ਘਰਵਾਲੀ ਉੱਤੋਂ ਤਾਂ ਕੋਈ ਉਭਾਸਰਦੀ ਨਾ। ਪਰ ਵਿਚੋਂ ਵਟੀ-ਘੁੱਟੀ ਹੀ ਰਹਿੰਦੀ ਕਿਉਂਕਿ ਜੀਵਨ ਦਾ ਬਹੁਤਾ ਧਿਆਨ ਹੁਣ ਬੀਰੋ ਵੱਲ ਹੋ ਰਿਹਾ ਸੀ। ਜੀਵਨ ਭਾਵੇਂ ਉਸਨੂੰ ਬੜਾ ਪਿਆਰਦਾ ਪਲੋਸਦਾ ਪਰ ਬੀਰੋ ਉਸ ਦੀਆਂ ਅੱਖਾਂ ਵਿਚ ਰੜਕਣ ਲੱਗੀ।

ਬੱਚਾ ਪੈਦਾ ਹੋਣ ਦੇ ਲਾਗੇ ਬੀਰੋ ਨੂੰ ਹਸਪਤਾਲ ਦਾਖ਼ਲ ਕਰਵਾ ਦਿੱਤਾ ਗਿਆ। ਬੀਰੋ ਨੂੰ ਜੀਵਨ ਤੇ ਉਸਦੀ ਜੇਠਾਣੀ ਦੀ ਲੜਾਈ ਦਾ ਪਤਾ ਲੱਗਦਾ ਰਹਿੰਦਾ ਸੀ। ਉਹ ਅੰਦਰੋਂ ਬਹੁਤ ਦੁਖੀ ਸੀ। ਜਦੋਂ ਬੱਚਾ ਪੈਦਾ ਹੋਇਆ ਤਾਂ ਉਹ ਮੁੰਡਾ ਨਹੀਂ ਸੀ। ਜੀਵਨ ਨੇ ਸੁਣਦੇ ਸਾਰ ਹੀ ਗਸ਼ੀ ਮਾਰ ਲਈ। ਉਸਦੀ ਘਰਵਾਲੀ ਦੀ ਹੋਰ ਚੜ ਮੱਚ ਗਈ। ਜੀਵਨ ਕੁੜੀ ਨੂੰ ਲੈਣਾ ਹਰਗਿਜ਼ ਨਹੀਂ ਸੀ ਚਾਹੁੰਦਾ। ਉਸਨੇ ਸੋਚ ਰੱਖਿਆ ਸੀ ਕਿ ਪਹਿਲਾਂ ਬੀਰੋ ਦੇ ਦੋ ਮੁੰਡੇ ਹੀ ਹੋਏ ਹਨ, ਇਸ ਲਈ ਐਦਕੀਂ ਵੀ ਮੁੰਡਾ ਹੀ ਹੋਵੇਗਾ। ਪਰ ਕੁਦਰਤ ਨੂੰ ਕੁਝ ਹੋਰ ਮੰਜ਼ੂਰ ਸੀ। ਬੀਰੋ ਤੇ ਉਸਦੀ ਸੱਸ ਹਸਪਤਾਲ ਵਿਚ ਇਕੱਲੀਆਂ ਰਹਿ ਗਈਆਂ। ਉਨ੍ਹਾਂ ਦਾ ਹਾਲ ਪੁੱਛਣ ਨਾ ਤਾਂ ਜੀਵਨ ਆਇਆ ਤੇ ਨਾ ਹੀ ਉਸਦੀ ਵੱਡੀ ਭੈਣ। ਬੀਰੋ ਨੂੰ ਇਸ ਕੁੜੀ ਦੇ ਭਵਿੱਖ ਦੀ ਚਿੰਤਾ ਹੋਣ ਲੱਗੀ। ਉਹ ਤਾਂ ਬੜੀ ਮੁਸ਼ਕਿਲ ਨਾਲ ਪਹਿਲਾਂ ਦੋ ਮੁੰਡੇ ਪਾਲ ਰਹੀ ਸੀ। ਉਸਦੀ ਕੁੜੀ ਜੰਮਦਿਆਂ ਹੀ ਬੜੀ ਮਰੀਅਲ ਜਿਹੀ ਸੀ। ਉਹ ਬਿਮਾਰ ਤੇ ਕਮਜ਼ੋਰ ਹੋ ਗਈ। ਉਸਦੀ ਕਿਸੇ ਪ੍ਰਾਰਥਨਾ ਕੀਤੀ ਤੇ ਕੁੜੀ ਚਲਦੀ ਬਣੀ। ਉੱਤੋਂ ਭਾਵੇਂ ਸਾਰੇ ਦੁਖੀ ਸਨ ਪਰ ਵਿਚੋਂ ਸਣੇ ਬੀਰੋ ਸਭੇ ਖ਼ੁਸ਼ ਸਨ।

ਬੀਰੋ ਨੂੰ ਆਪਣੇ ਜੇਠ-ਜਠਾਣੀ ਤੇ ਨਣਾਨ ਉਪਰ ਬੜਾ ਗ਼ੁੱਸਾ ਸੀ। ਉਸਨੇ ਘਰ ਆ ਕੇ ਆਪਣੀ ਨਣਾਨ ਨਾਲ ਲੜਾਈ ਕੀਤੀ ਤੇ ਜੀਵਨ ਵਿਰੁੱਧ ਕੇਸ ਕਰਨ ਬਾਰੇ ਫ਼ੈਸਲਾ ਕੀਤਾ। ਉਸਦੀ ਸੱਸ ਨੇ ਉਸਨੂੰ ਕੇਸ ਕਰਨ ਤੋਂ ਰੋਕਿਆ ਭਾਵੇਂ ਉਹ ਜੀਵਨ ਦੇ ਵਿਹਾਰ ਨਾਲ ਖ਼ੁਸ਼ ਨਹੀਂ ਸੀ। ਉਸਦੀ ਨਣਾਨ ਨਿੰਦੋ ਵੀ ਭੱਜੀ ਆਈ ਤੇ ਉਸਨੇ ਭਰਜਾਈ ਨੂੰ ਕੇਸ

ਕਰਨ ਤੋਂ ਵਰਜਿਆ। ਝਗੜਾ ਵਧਦਾ ਵੇਖ ਕੇ ਰਿਸ਼ਤੇਦਾਰਾਂ ਨੇ ਵਿਚ ਪੈ ਕੇ ਦੋਹਾਂ ਪਾਰਟੀਆਂ ਦਾ ਸਮਝੌਤਾ ਕਰਵਾ ਦਿੱਤਾ। ਸਮਝੌਤੇ ਮੁਤਾਬਕ ਜੀਵਨ ਨੇ ਬੀਰੋ ਨੂੰ ਤੀਹ ਹਜ਼ਾਰ ਰੁਪੈ ਦੇਣਾ ਕੀਤਾ। ਬੀਰੋ ਤੀਹ ਹਜ਼ਾਰ ਰੁਪੈ ਲੈ ਕੇ ਆਪਣੇ ਗ਼ੁੱਸੇ ਸ਼ਿਕਵੇ ਭੁਲਾਉਣ ਦੀ ਕੋਸ਼ਿਸ਼ ਕਰਨ ਲੱਗੀ। ਬੀਰੋ ਨੇ ਇਹ ਪੈਸੇ ਬੈਂਕ ਵਿਚ ਜਮ੍ਹਾ ਕਰਵਾ ਦਿੱਤੇ ਅਤੇ ਪਹਿਲਾਂ ਵਾਂਗ ਹੀ ਗੋਹਾ ਕੂੜਾ ਕਰਕੇ ਆਪਣੇ ਮੁੰਡੇ ਪਾਲਣ ਲੱਗੀ। ਇਸ ਤਰ੍ਹਾਂ ਵਕਤ ਨੂੰ ਧੱਕਾ ਦੇਂਦਿਆਂ ਪੰਜ ਸਾਲ ਲੰਘ ਗਏ ਸਨ। ਇਸ ਦੌਰਾਨ ਉਸਦੀ ਸੱਸ ਮਰ ਗਈ। ਸੱਸ ਦਾ ਉਹਨੂੰ ਰੱਬ ਜਿੰਨਾ ਸੁਖ ਸੀ।

ਸੱਸ ਤੋਂ ਬਾਅਦ ਇਕ ਵਾਰ ਫਿਰ ਉਸਦਾ ਜੀਵਨ ਤੰਗੀ ਭਰਿਆ ਹੋ ਗਿਆ। ਸੱਸ ਬੱਚਿਆਂ ਦੀ ਸੰਭਾਲ ਕਰਦੀ ਸੀ ਤੇ ਉਹ ਲੋਕਾਂ ਦਾ ਕੰਮ ਧੰਦਾ ਕਰਕੇ ਟੱਬਰ ਪਾਲਦੀ ਸੀ। ਹੁਣ ਬੱਚਿਆਂ ਨੂੰ ਪਿੱਛੋਂ ਕੌਣ ਸੰਭਾਲੇ ? ਫਿਲਹਾਲ ਬੀਰੋ ਘਰ ਰਹਿਣ ਲੱਗ ਪਈ। ਸੱਸ ਦੇ ਭੋਗ ਤੇ ਸਾਰੇ ਰਿਸ਼ਤੇਦਾਰ ਆਏ ਸਨ। ਉਸਦੀ ਨਨਾਣ ਨਿੰਦੋ ਵੀ ਆਈ ਸੀ। ਉਸਦਾ ਘਰਵਾਲਾ ਠਾਣੇਦਾਰ ਸੀ। ਉਸਦੇ ਵਿਆਹ ਨੂੰ ਹੁਣ ਬਾਰਾਂ ਸਾਲ ਹੋ ਗਏ ਸਨ। ਉਸਦੀ ਕੋਈ ਔਲਾਦ ਨਹੀਂ ਹੋਈ ਸੀ। ਠਾਣੇਦਾਰ ਤੇ ਨਿੰਦੋ ਨੇ ਸ਼ਹਿਰ ਗੁਰਦਾਸਪੁਰ ਦਾ ਕੋਈ ਡਾਕਟਰ ਨਹੀਂ ਸੀ ਛੱਡਿਆ। ਡਾਕਟਰਾਂ ਨੇ ਨਿੰਦੋ ਵਿਚ ਨੁਕਸ ਹੋਣ ਦਾ ਪ੍ਰਗਟਾਵਾ ਕੀਤਾ ਸੀ। ਠਾਣੇਦਾਰ ਨਿੰਦੋ ਨੂੰ ਨਵੇਂ ਵਿਆਹ ਦੀਆਂ ਦਿਨ ਰਾਤ ਧਮਕੀਆਂ ਦੇ ਰਿਹਾ ਸੀ। ਨਿੰਦੋ ਨੇ ਆਪਣਾ ਘਰ ਬਚਾਉਣ ਲਈ ਬੀਰੋ ਨੂੰ ਇਕ ਲੜਕਾ ਦੇਣ ਦੀ ਬੇਨਤੀ ਕੀਤੀ ਪਰ ਬੀਰੋ ਕਿਸੇ ਵੀ ਸੂਰਤ ਵਿਚ ਆਪਣੇ ਮੁੰਡੇ ਨੂੰ ਕਿਸੇ ਦੀ ਝੋਲੀ ਨਹੀਂ ਸੀ ਪਾਉਣਾ ਚਾਹੁੰਦੀ। ਉਧਰੋਂ ਠਾਣੇਦਾਰ ਵੀ ਕਿਸੇ ਦਾ ਲੜਕਾ ਲੈ ਕੇ ਪਾਲਣ ਦੇ ਹੱਕ ਵਿਚ ਨਹੀਂ ਸੀ।

ਅਖ਼ੀਰ ਪਰਿਵਾਰ ਵਿਚ ਹੀ ਫ਼ੈਸਲਾ ਹੋਇਆ ਕਿ ਬੀਰੋ ਠਾਣੇਦਾਰ ਦੇ ਬੱਚੇ ਨੂੰ ਜਨਮ ਦੇਵੇਗੀ ਤੇ ਇਸ ਸੇਵਾ ਮੁਸ਼ੱਕਤ ਵਾਸਤੇ ਉਸਨੂੰ ਠਾਣੇਦਾਰ ਪੰਜਾਹ ਹਜ਼ਾਰ ਰੁਪੈ ਸੇਵਾ ਫਲ ਦੇਵੇਗਾ ਤੇ ਬੱਚਾ ਨਿੰਦੋ ਦੀ ਝੋਲੀ ਪਾ ਦੇਵੇਗੀ। ਅਹਿਦਨਾਮੇ ਮੁਤਾਬਕ ਠਾਣੇਦਾਰ ਕਦੀ-ਕਦੀ ਬੀਰੋ ਦੇ ਘਰ ਆ ਜਾਂਦਾ ਤੇ ਦਿਨੇ ਚਲਾ ਜਾਂਦਾ। ਬੀਰੋ ਨੇ ਇਹ ਫ਼ੈਸਲਾ ਸਿਰਫ਼ ਆਪਣੇ ਬੱਚਿਆਂ ਨੂੰ ਪਾਲਣ ਖ਼ਾਤਰ ਕੀਤਾ ਸੀ। ਇਸ ਲਈ ਉਹ ਠਾਣੇਦਾਰ ਨੂੰ ਆਉਣ 'ਤੇ ਖੜੇ ਮੱਥੇ ਮਿਲਦੀ ਤੇ ਉਸ ਨਾਲ ਮੁਹੱਬਤ ਸਲੂਕ ਨਾਲ ਰਹਿੰਦੀ। ਬੀਰੋ ਦੀ ਗੋਦ ਹਰੀ ਹੋ ਗਈ ਤੇ ਵਕਤ ਆਉਣ 'ਤੇ ਨਿੰਦੋ ਭਰਜਾਈ ਕੋਲ ਹੀ ਆ ਕੇ ਰਹਿਣ ਲੱਗੀ। ਦਾਤੇ ਨੇ ਐਤਕੀਂ ਉਸਦੀ ਝੋਲੀ ਲੜਕੇ ਨੂੰ ਪਾਇਆ। ਠਾਣੇਦਾਰ ਤੇ ਉਸਦੇ ਪਰਿਵਾਰ ਨੇ ਬੱਚੇ ਦੀ ਬੇਹੱਦ ਖ਼ੁਸ਼ੀ ਮਨਾਈ ਅਤੇ ਜਦੋਂ ਲੜਕਾ ਤੇਰਾਂ ਦਿਨਾਂ ਦਾ ਹੋਇਆ ਤਾਂ ਨਿੰਦੋ ਉਸਨੂੰ ਨਵਾ-ਧੁਆ ਕੇ ਆਪਣੇ ਨਾਲ ਆਪਣੇ ਘਰ ਗੁਰਦਾਸਪੁਰ ਚਲੀ ਗਈ। ਠਾਣੇਦਾਰ ਉਸਨੂੰ ਲੈਣ ਆਇਆ ਸੀ। ਲੜਕੇ ਨੂੰ ਬੈਂਡ ਵਾਜਿਆਂ ਨਾਲ ਘਰ ਲਿਆਂਦਾ ਗਿਆ ਸੀ।

ਬੱਚੇ ਦਾ ਹਾਲ-ਚਾਲ ਪੁੱਛਣ ਬਹਾਨੇ ਉਹ ਗੁਰਦਾਸਪੁਰ ਆਪਣੀ ਨਣਾਨ ਕੋਲ ਗਈ। ਉਹਨੂੰ ਠਾਣੇਦਾਰ ਨੇ ਹਾਲੇ ਪੰਜਾਹ ਹਜ਼ਾਰ ਰੁਪੈ ਨਹੀਂ ਸਨ ਦਿੱਤੇ। ਉਸਨੇ ਸੋਚਿਆ ਕਿ

ਉਹ ਆਪ ਦੇ ਦੇਣਗੇ ਪਰ ਦੋ ਦਿਨਾਂ ਬਾਅਦ ਠਾਣੇਦਾਰ ਨੇ ਪੈਸੇ ਦਾ ਜ਼ਿਕਰ ਨਾ ਕੀਤਾ। ਬੀਰੋ ਨੇ ਨਿੰਦੋ ਨਾਲ ਗੱਲ ਕੀਤੀ। ਨਿੰਦੋ ਨੇ ਆਪਣੇ ਘਰਵਾਲੇ ਨੂੰ ਤੁਰੰਤ ਪੈਸੇ ਦੇਣ ਬਾਰੇ ਸਿਫਾਰਸ਼ ਕੀਤੀ। ਪਰ ਠਾਣੇਦਾਰ ਆਲਾ-ਟਾਲਾ ਕਰੀ ਜਾ ਰਿਹਾ ਸੀ। ਉਸਨੇ ਪਾਸੇ ਕਰਕੇ ਬੀਰੋ ਨੂੰ ਕਿਹਾ ਕਿ ਉਹ ਉਸ ਨਾਲ ਵਿਆਹ ਕਰਾਉਣਾ ਚਾਹੁੰਦਾ ਹੈ ਤੇ ਉਹ ਉਸਦੇ ਮੁੰਡਿਆਂ ਨੂੰ ਆਪਣੇ ਮੁੰਡੇ ਸਮਝ ਕੇ ਪਾਲੇਗਾ। ਬੀਰੋ ਨੇ ਗੱਲ ਸੁਣ ਕੇ ਕੋਈ ਹੂੰ-ਹਾਂ ਨਾ ਕੀਤੀ ਤੇ ਫਿਰ ਨਿੰਦੋ ਦੇ ਕਮਰੇ ਵਿਚ ਆ ਕੇ ਕਾਕੇ ਨੂੰ ਖਿਡਾਉਣ ਲੱਗੀ। ਗੱਲਾਂ-ਬਾਤਾਂ ਵਿਚ ਉਸਨੇ ਨਿੰਦੋ ਨੂੰ ਠਾਣੇਦਾਰ ਦੀ ਪੇਸ਼ਕਸ਼ ਦਾ ਜ਼ਿਕਰ ਕੀਤਾ। ਨਿੰਦੋ ਨੂੰ ਤਾਂ ਸੱਤੀਂ ਕੱਪੜੀਂ ਅੱਗ ਲੱਗ ਗਈ। ਉਸਨੇ ਉੱਠ ਕੇ ਦੂਜੇ ਕਮਰੇ ਵਿਚ ਬੈਠੇ ਠਾਣੇਦਾਰ ਨਾਲ ਜਾ ਆਢਾ ਲਾਇਆ। ਉਹ ਤੂੰ-ਤੂੰ ਮੈਂ-ਮੈਂ ਕਰਨ ਲੱਗੇ ਤੇ ਬਾਅਦ ਵਿਚ ਗਾਲੀਆਂ ਦੀ ਵਾਛੜ ਹੋਣ ਲੱਗੀ। ਗੱਲ ਕੁੱਟ-ਕੁਟਾਪੇ ਤਕ ਪਹੁੰਚ ਗਈ। ਬੀਰੋ ਨੇ ਜਲਦੀ ਨਾਲ ਆ ਕੇ ਦੋਹਾਂ ਨੂੰ ਛੁਡਾਇਆ ਪਰ ਨਿੰਦੋ ਨੇ ਬੀਰੋ ਨੂੰ ਧੱਕਾ ਮਾਰ ਕੇ ਪਰ੍ਹੇ ਸੁੱਟਦੀ ਹੋਈ ਕਹਿਣ ਲੱਗੀ—"ਕੁੱਤੀਏ ਸਭ ਤੇਰੇ ਪੁਆੜੇ ਪਾਏ ਨੇ। ਦਫ਼ਾ ਹੋ ਜਾ ਕਮਜਾਤੇ ਏਥੋਂ !"

ਠਾਣੇਦਾਰ ਸੂਬਾ ਸਿੰਘ ਬੀਰੋ ਦੀ ਇਹ ਬੇਇਜ਼ਤੀ ਸਹਾਰ ਨਾ ਸਕਿਆ। ਉਸਨੇ ਤੈਸ਼ ਵਿਚ ਆ ਕੇ ਨਿੰਦੋ ਨੂੰ ਗਲੋਂ ਫੜਿਆ ਤੇ ਉਦੋਂ ਹੀ ਛੱਡਿਆ ਜਦੋਂ ਉਸ ਦੀਆਂ ਅੱਖਾਂ ਬਾਹਰ ਨੂੰ ਆ ਗਈਆਂ। ਬੀਰੋ ਉਸਦੇ ਮੂੰਹ ਵਿਚ ਪਾਣੀ ਪਾ ਰਹੀ ਸੀ ਪਰ ਪਾਣੀ ਬਾਹਰ ਨੂੰ ਆ ਰਿਹਾ ਸੀ। ਉਸਨੂੰ ਸੁੱਝ ਨਹੀਂ ਸੀ ਰਿਹਾ ਕਿ ਉਹ ਕੀ ਕਰੇ ? ਉਸਨੇ ਦੋਵੇਂ ਮੁੰਡਿਆਂ ਨੂੰ ਕਾਹਲੀ ਨਾਲ ਤਿਆਰ ਕੀਤਾ ਤੇ ਠਾਣੇਦਾਰ ਦੇ ਘਰੋਂ ਬਾਹਰ ਨਿਕਲ ਗਈ। ਛੋਟਾ ਕਾਕਾ ਉੱਚੀ-ਉੱਚੀ ਰੋ ਰਿਹਾ ਸੀ ਪਰ ਠਾਣੇਦਾਰ ਨਿੰਦੋ ਦੀ ਲਾਸ਼ ਨੂੰ ਇਕ ਬੋਰੀ ਵਿਚ ਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਬੀਰੋ ਨੇ ਇਹ ਸਾਰੀ ਵਾਰਦਾਤ ਆਪਣੇ ਜੇਠ ਜੀਵਨ ਨੂੰ ਆ ਦੱਸੀ। ਉਹ ਪਿੰਡ ਵਿਚੋਂ ਚਾਰ ਬੰਦੇ ਲੈ ਕੇ ਗੁਰਦਾਸਪੁਰ ਵੱਲ ਤੁਰ ਪਿਆ। ਇਸ ਵਾਰਦਾਤ ਤੋਂ ਦੂਜੇ ਦਿਨ ਪਹੁੰਚਿਆ ਸੀ। ਘਰ ਵਿਚ ਇਕ ਜ਼ਨਾਨੀ ਛੋਟੇ ਬੱਚੇ ਨੂੰ ਗੋਦੀ ਵਿਚ ਲੈ ਕੇ ਖਿਡਾ ਰਹੀ ਸੀ। ਠਾਣੇਦਾਰ ਬਾਰੇ ਪੁੱਛ ਕੇ ਉਹ ਠਾਣੇ ਵੱਲ ਤੁਰ ਪਏ। ਠਾਣੇਦਾਰ ਉਨ੍ਹਾਂ ਨੂੰ ਵੇਖ ਕੇ ਅਗਾਂਹ ਪਿਛਾਂਹ ਹੋ ਗਿਆ ਸੀ। ਉਨ੍ਹਾਂ ਨੇ ਠਾਣੇ ਦੇ ਐੱਸ.ਐੱਚ.ਓ. ਨੂੰ ਸੂਬਾ ਸਿੰਘ ਦੀ ਕਰਤੂਤ ਬਾਰੇ ਲਿਖਤੀ ਸ਼ਿਕਾਇਤ ਕੀਤੀ। ਜੀਵਨ ਵੱਲੋਂ ਉਸ ਵਿਰੁੱਧ ਪਰਚਾ ਦਰਜ ਕਰਵਾਇਆ ਗਿਆ ਤੇ ਤਫ਼ਤੀਸ਼ ਸ਼ੁਰੂ ਹੋ ਗਈ। ਪੁਲਿਸ ਵਾਲੇ ਪੁਲਿਸ ਵਾਲਿਆਂ ਦੀ ਤਾਂ ਕੰਡ ਨਹੀਂ ਲੱਗਣ ਦਿੰਦੇ। ਬਸ ਫਿਰ ਕੀ ਸੀ ਨੌਂਵੀਂ ਰੂੰ ਤੇ ਤੇਰੀਂ ਕਪਾਹ। ਜੀਵਨ ਤੇ ਉਸਦੇ ਸਾਥੀ ਕੁਝ ਦਿਨ ਉਥੇ ਠਹਿਰ ਕੇ ਵਾਪਸ ਆ ਗਏ ਤੇ ਕੇਸ ਠੰਡੇ ਬਸਤੇ ਵਿਚ ਪੈ ਗਿਆ।

ਬੀਰੋ ਦੀ ਜਠਾਣੀ ਜੀਵਨ ਨਾਲ ਰੁੱਸ ਕੇ ਆਪਣੇ ਪੇਕੇ ਚਲੀ ਗਈ ਸੀ। ਉਹ ਆਪਣੇ ਘਰਵਾਲੇ ਦੇ ਬੀਰੋ ਪ੍ਰਤੀ ਨਰਮ ਰਵੱਈਏ ਤੋਂ ਬਹੁਤ ਨਰਾਜ਼ ਸੀ। ਉਹ ਕੁੜੀਆਂ ਪਿੱਛੇ ਛੱਡ ਕੇ ਪੇਕੇ ਜਾ ਵੜੀ ਸੀ। ਜੀਵਨ ਨੇ ਉਸਨੂੰ ਵਾਪਸ ਆਉਣ ਦਾ ਸੁਨੇਹਾ ਭੇਜਿਆ ਪਰ ਆਪ

ਲੈਣ ਜਾਂ ਮਨਾਉਣ ਨਾ ਗਿਆ। ਮਾਮਲਾ ਵਿਗੜਦਾ ਵਿਗੜਦਾ ਵਿਗੜ ਗਿਆ। ਉਸਦੇ ਘਰਵਾਲਿਆਂ ਉਸਨੂੰ ਇਕ ਤਗੜੇ ਦਵਾਜੂ ਦੇ ਬਿਠਾਇਆ। ਜੀਵਨ ਕੱਲਾ ਹੀ ਘਰ ਨੂੰ ਸੰਭਾਲਣ ਲੱਗਾ। ਉਸਦੀ ਪਿੰਡ ਵਿਚ ਕਰਿਆਨੇ ਦੀ ਦੁਕਾਨ ਸੀ। ਉਸ ਲਈ ਰੋਟੀ ਪਾਣੀ ਦਾ ਮਸਲਾ ਗੰਭੀਰ ਬਣ ਗਿਆ। ਉਸਨੇ ਹਾਰ ਕੇ ਬੀਰੋ ਦੇ ਘਰ ਜਾਣ ਦਾ ਮਨ ਬਣਾਇਆ। ਉਸਨੇ ਆਪਣੀ ਘਰ ਵਾਲੀ ਦੀ ਕਰਤੂਤ ਬੀਰੋ ਨਾਲ ਸਾਂਝੀ ਕੀਤੀ। ਉਸਦਾ ਚੁੱਲ੍ਹਾ ਚੌਂਕਾ ਭਾਂ-ਭਾਂ ਕਰ ਰਿਹਾ ਸੀ ਤੇ ਕੁੜੀਆਂ ਮਾਂ ਨੂੰ ਯਾਦ ਕਰਕੇ ਰੋਂਦੀਆਂ ਰਹਿੰਦੀਆਂ ਸਨ।

ਉਧਰੋ ਬੀਰੋ ਵੀ ਗੁਰਦਾਸਪੁਰੋਂ ਸੱਟ ਖਾ ਕੇ ਖ਼ਾਲੀ ਹੱਥ ਮੁੜੀ ਸੀ। ਉਸਨੂੰ ਆਪਣਾ ਭਵਿੱਖ ਧੁੰਦਲਾ ਵਿਖਾਈ ਦੇ ਰਿਹਾ ਸੀ। ਉਸਨੇ ਜੀਵਨ ਵੱਲ ਸਰਸਰੀ ਝਾਤ ਮਾਰੀ। ਉਸ ਵਿਚੋਂ ਉਸਨੂੰ ਹੀਰਾ ਵਿਖਾਈ ਦੇਣ ਲੱਗਾ। ਜੀਵਨ ਨੇ ਤਰਲਾ ਲੈ ਕੇ ਆਖਿਆ—'ਬੀਰੋ ਮੈਨੂੰ ਪਿਛਲੀ ਗੱਲ ਮਾਫ਼ ਕਰ ਦੇ। ਤੇਰੇ ਬੱਚੇ ਕੀ ਤੇ ਮੇਰੇ ਬੱਚੇ ਕੀ। ਦੋਵਾਂ ਦਾ ਖ਼ੂਨ ਤਾਂ ਇਕੋ ਹੀ ਐ। ਸਾਨੂੰ ਇਨ੍ਹਾਂ ਬੱਚਿਆਂ ਨਾਲ ਜ਼ਿਆਦਤੀ ਨਹੀਂ ਕਰਨੀ ਚਾਹੀਦੀ। ਬੱਚੇ ਤਾਂ ਰੱਬ ਦਾ ਰੂਪ ਹੁੰਦੇ ਨੇ। ਸਾਨੂੰ ਇਨ੍ਹਾਂ ਨੂੰ ਰਲ ਕੇ ਪਾਲਣਾ ਚਾਹੀਦੈ। ਮੇਰੀ ਕੱਲੀ ਦੁਕਾਨ ਇਨ੍ਹਾਂ ਬੱਚਿਆਂ ਨੂੰ ਕੋਈ ਤੋਟ ਨਹੀਂ ਆਉਣ ਦੇਂਦੀ।' ਇਹ ਸੁਣ ਕੇ ਉਹ ਆਪਣੇ ਜੇਠ ਦੇ ਪੈਰੀਂ ਪੈ ਗਈ ਤੇ ਜੀਵਨ ਉਸਨੂੰ ਉਠਾ ਕੇ ਗਲੇ ਲਾ ਲਿਆ। ਦੋਵੇਂ ਇਕ ਪੰਜਾਲੀ ਵਿਚ ਸਿਰ ਦੇਣ ਲਈ ਤਿਆਰ ਹੋ ਗਏ। ਬੀਰੋ ਆਪਣੇ ਮੁੰਡਿਆਂ ਨੂੰ ਉਂਗਲੀ ਲਾ ਕੇ ਜੀਵਨ ਦੇ ਪਿੱਛੇ-ਪਿੱਛੇ ਤੁਰ ਪਈ। ਅਖ਼ੀਰ ਖੋਤੀ ਬੋਹੜ ਹੇਠ ਆ ਗਈ ਸੀ।

ਲਿਹਾਜੋ

'ਤੇਰੇ ਨੀ ਲਿਹਾਜਾਂ ਸਾਨੂੰ ਪੱਟਿਆ !'

ਲਾਜੋ ਜਾਂ ਲਿਹਾਜੋ ਦਾ ਹਿਰਦਾ ਸ਼ੁਰੂ ਤੋਂ ਹੀ ਬੜਾ ਕੋਮਲ ਸੀ। ਉਸ ਕੋਲੋਂ ਦੁਨੀਆ ਦੇ ਦੁੱਖ ਕਲੇਸ਼ ਝੱਲੇ ਨਹੀਂ ਸਨ ਜਾਂਦੇ। ਉਹ ਸਰਬੱਤ ਦਾ ਭਲਾ ਮੰਗਣ ਵਾਲੀ ਸੀ। ਜਦੋਂ ਹਾਲੇ ਉਹ ਸੁੱਖ ਨਾਲ ਛੋਟੀ ਜਿਹੀ ਸੀ, ਉਸ ਵਕਤ ਵੀ ਉਹ ਆਪਣੇ ਛੋਟੇ ਭੈਣ-ਭਰਾਵਾਂ ਨੂੰ ਖਿਡਾਉਂਦੀ ਤੇ ਵਰਚਾਉਂਦੀ ਰਹਿੰਦੀ ਸੀ। ਉਨ੍ਹਾਂ ਨੂੰ ਵੰਨ-ਸੁਵੰਨੀਆਂ ਚੀਜ਼ਾਂ ਲਿਆ ਕੇ ਦੇਂਦੀ ਸੀ। ਕੋਈ ਛੋਟਾ ਬੱਚਾ ਜਦ ਵੀ ਉਹਦੇ ਦੁਆਲੇ ਰੋਂਦਾ-ਚੀਕਦਾ ਕੰਨੀਂ ਪੈਂਦਾ ਤਾਂ ਉਹ ਤੜਪ ਉਠਦੀ। ਉਸਨੂੰ ਚੁੱਕ ਕੇ ਚੁੱਪ ਕਰਾਉਂਦੀ, ਕੁਤਕੁਤਾਰੀਆਂ ਕੱਢ ਕੇ ਹਸਾਉਂਦੀ ਤੇ ਉਸਨੂੰ ਹਸਦਾ ਛੱਡ ਕੇ ਹੀ ਸਾਹ ਲੈਂਦੀ। ਆਲੇ-ਦੁਆਲੇ ਗੁਆਂਢੀਆਂ ਦੇ ਘਰਾਂ ਵਿਚ ਲਾਜੋ ਦਾ ਆਮ ਆਉਣਾ ਜਾਣਾ ਸੀ। ਉਸਨੂੰ ਘਰ ਵਾਲੇ ਨਗਰ ਨੈਣ ਕਹਿੰਦੇ ਸਨ। ਜਿੰਨਾ ਚਿਰ ਉਹ ਪੰਜ-ਸੱਤ ਘਰ ਕੱਛ ਨਾ ਆਵੇ, ਉਹਨੂੰ ਚੈਨ ਨਹੀਂ ਸੀ ਆਉਂਦਾ। ਘਰ ਦੇ ਉਸਨੂੰ ਬਾਹਰ ਜਾਣੋਂ ਵਰਜਦੇ ਹੀ ਰਹਿੰਦੇ ਸਨ।

ਜਦੋਂ ਉਹ ਸਕੂਲ ਪੜ੍ਹਦੀ ਸੀ ਤਾਂ ਕੁਝ ਦਿਨਾਂ ਵਿਚ ਹੀ ਹਰਮਨਪਿਆਰੀ ਹੋ ਗਈ। ਉਹ ਹਿਸਾਬ ਕਿਤਾਬ ਵਿਚ ਬੜੀ ਚੇਤੰਨ ਸੀ। ਜਦੋਂ ਵੀ ਕੋਈ ਸਵਾਲ ਅੜ ਜਾਂਦਾ ਤਾਂ ਜਮਾਤਣਾਂ ਉਸ ਕੋਲ ਹੀ ਸਵਾਲ ਸਮਝਣ ਆਉਂਦੀਆਂ ਸਨ। ਉਹ ਪ੍ਰੀਖਿਆ ਦੌਰਾਨ ਵੀ ਲੋੜਵੰਦ ਤੇ ਨਲਾਇਕ ਲੜਕੀਆਂ ਦੀ ਮਦਦ ਕਰਦੀ ਹੁੰਦੀ ਸੀ ਤਾਂ ਕਿ ਉਹ ਫੇਲ੍ਹ ਨਾ ਹੋਣ ਤੇ ਉਨ੍ਹਾਂ ਨੂੰ ਮਾਸਟਰਾਂ ਕੋਲੋਂ ਮਾਰ ਨਾ ਪਵੇ। ਕਈ ਵਾਰ ਅਧਿਆਪਕ ਉਸਨੂੰ ਨਕਲ ਕਰਾਉਂਦੀ ਨੂੰ ਵੇਖ ਕੇ ਝਿੜਕਾਂ ਮਾਰਨ ਲੱਗਦੇ। ਪਰ ਅਜਿਹੀਆਂ ਝਿੜਕਾਂ ਨੂੰ ਲਾਜੋ ਇਕ ਕੰਨੋਂ ਸੁਣ ਕੇ ਦੂਜਿਓਂ ਕੱਢ ਛੱਡਦੀ ਸੀ। ਦਸਵੀਂ ਪਾਸ ਕਰਕੇ ਉਸਨੇ ਸਿਲਾਈ ਦਾ ਕੋਰਸ ਕਰ ਲਿਆ ਸੀ। ਉਹ ਸਿਲਾਈ ਕਰਕੇ ਬਹੁਤ ਕਮਾਈ ਕਰਨ ਲੱਗ ਪਈ ਸੀ। ਜੇ ਕਦੇ ਕੋਈ ਗਰੀਬਣੀ ਉਸ ਪਾਸ ਸਿਲਾਈ ਕਢਾਈ ਲਈ ਆਉਂਦੀ ਤਾਂ ਉਹ ਉਸ ਪਾਸੋਂ ਪੈਸੇ ਨਹੀਂ ਸੀ ਲੈਂਦੀ। ਇਸੇ ਲਈ ਲੋਕ ਉਸਨੂੰ ਲਾਜੋ ਦੀ ਜਗ੍ਹਾ ਲਿਹਾਜੋ ਆਖਣ ਲੱਗ ਪਏ ਸਨ। ਉਹ ਆਪਣੇ ਘਰ ਬਾਹਰ ਦਾ ਕੰਮ ਬੜੀ ਫੁਰਤੀ ਤੇ ਰੀਝ ਨਾਲ ਕਰਦੀ ਸੀ। ਕੰਮਕਾਰ ਵਿਚ ਉਹ ਸੁਥਰੀ ਤੇ ਸੁਚੱਜੀ ਸੀ। ਰਸੋਈ ਤੇ ਮੱਝਾਂ ਨੂੰ ਚੋਣ ਦਾ ਕੰਮ ਉਸਦਾ ਖੱਬੇ ਹੱਥ ਦਾ ਕੰਮ ਸੀ।

ਕਿਉਂਕਿ ਹੁਣ ਉਹ ਪੜ੍ਹਨੋਂ ਹਟ ਗਈ ਸੀ। ਇਸ ਲਈ ਰਿਸ਼ਤੇਦਾਰ ਉਸਨੂੰ ਕੰਮਕਾਜ

ਦੀ ਖ਼ਾਤਰ ਹਫ਼ਤਾ-ਹਫ਼ਤਾ ਪਹਿਲਾਂ ਲੈ ਜਾਂਦੇ ਸਨ ਅਤੇ ਹਫ਼ਤਾ ਬਾਅਤ ਉਹ ਸ਼ਗਨਾਂ ਤੇ ਭਾਜੀਆਂ ਦੇ ਝੋਲੇ ਭਰ ਕੇ ਉਹ ਘਰ ਪਰਤਦੀ। ਇਸ ਤਰ੍ਹਾਂ ਘਰੋਂ ਬਾਹਰ ਰਹਿਣ ਕਾਰਨ ਰਿਸ਼ਤੇਦਾਰਾਂ ਦੇ ਜਵਾਨ ਮੁੰਡੇ ਉਸ ਨਾਲ ਗੱਪ-ਸ਼ੱਪ ਮਾਰਨ ਵਿਚ ਖ਼ਾਸ ਦਿਲਚਸਪੀ ਲੈਣ ਲੱਗੇ। ਉਹ ਉਨ੍ਹਾਂ ਮੁੰਡਿਆਂ ਨਾਲ ਖੇਡ ਮੱਲ ਕੇ ਬਹੁਤ ਖ਼ੁਸ਼ ਹੁੰਦੀ ਸੀ। ਉਸਦੀ ਉਮਰ ਸੋਲਾਂ ਸਤਾਰਾਂ ਸਾਲਾਂ ਦੀ ਹੋ ਗਈ ਸੀ। ਰਿਸ਼ਤੇਦਾਰਾਂ ਦੇ ਮੁੰਡਿਆਂ ਨੇ ਉਸਨੂੰ ਗ਼ਲਤ ਪਾਸੇ ਵਰਗਲਾ ਲਿਆ ਸੀ ਤੇ ਹੁਣ ਉਸਨੂੰ ਇਧਰ-ਉਧਰ ਫਿਰਨ ਦਾ ਚਸਕਾ ਪੈ ਗਿਆ ਸੀ। ਜਿਹੜਾ ਵੀ ਉਸ ਅੱਗੇ ਤਰਲਾ ਜਾਂ ਫਰਿਆਦ ਕਰਦਾ ਉਹ ਉਸਦੇ ਨਾਲ ਚੋਰੀ-ਚੋਰੀ ਤੁਰ ਪੈਂਦੀ। ਉਹ ਘਰੋਂ ਬਾਹਰ ਰਹਿ ਕੇ ਖ਼ੁਸ਼ ਰਹਿਣ ਲੱਗੀ। ਘਰਦਿਆਂ ਨੂੰ ਉਹਦਾ ਫ਼ਿਕਰ ਪੈ ਗਿਆ ਸੀ। ਉਨ੍ਹਾਂ ਨੇ ਜਲਦੀ ਨਾਲ ਕੋਈ ਰਿਸ਼ਤਾ ਲੱਭ ਕੇ ਵਿਆਹੁਣ ਦੀ ਕਾਹਲ ਕੀਤੀ ਤਾਂ ਕਿ ਉਹ ਵੇਲੇ ਸਿਰ ਸਹੀ ਸਲਾਮਤ ਆਪਣੇ ਘਰ ਪਹੁੰਚ ਜਾਵੇ।

ਉਸਦਾ ਘਰ ਵਾਲਾ ਬੜਾ ਨੇਕ ਬੰਦਾ ਸੀ। ਜਦੋਂ ਸੌਹਰੇ ਘਰ ਵੀ ਲਾਜੋ ਦਾ ਕੋਈ ਜਾਣੂ-ਪਛਾਣੂ ਆ ਜਾਂਦਾ ਤਾਂ ਲਾਜੋ ਦਾ ਘਰਵਾਲਾ ਵੱਸਣ ਉਹਦੀ ਪੂਰੀ ਆਉ-ਭਗਤ ਕਰਦਾ ਕਿਉਂਕਿ ਉਹ ਉਸਦੇ ਸੌਹਰੇ ਪਿੰਡੋਂ ਜੁ ਆਇਆ ਸੀ। ਜਦੋਂ ਉਸਦੀ ਸੱਸ ਪੁੱਛਦੀ ਕਿ ਪ੍ਰਾਹੁਣਾ ਕੌਣ ਏ ? ਉਹ ਦੱਸਦੀ ਕਿ ਪ੍ਰਾਹੁਣਾ ਉਸਦੀ ਮਾਸੀ ਦਾ ਪੁੱਤ ਸੀ, ਕਦੀ ਭੂਆ ਦਾ ਪੁੱਤ ਕਹਿ ਦਿੰਦੀ। ਹੌਲੀ-ਹੌਲੀ ਜਦੋਂ ਸੱਸ ਨੂੰ ਉਹਦੇ ਫਰੇਬਾਂ ਦਾ ਪਤਾ ਲੱਗਾ ਤਾਂ ਉਸਨੇ ਉਸਦੇ ਪੇਕਿਆਂ ਤੋਂ ਆਉਣ ਵਾਲਿਆਂ ਦੀ ਆਪ ਪੁੱਛਗਿੱਛ ਕਰਨੀ ਸ਼ੁਰੂ ਕਰ ਦਿੱਤੀ। ਆਉਣ ਵਾਲੇ ਆਉਣੋਂ ਘਟ ਗਏ ਪਰ ਕਦੀ-ਕਦਾਈਂ ਉਹ ਸੱਸ ਨੂੰ ਘਰੋਂ ਬਾਹਰ ਵੇਖ ਕੇ ਆਉਣ ਵਾਲੇ ਨਾਲ ਹੱਸ-ਖੇਡ ਲੈਂਦੀ ਸੀ। ਉਸਦੇ ਘਰਵਾਲੇ ਵੱਸਣ ਨੂੰ ਲਾਜੋ ਦੀ ਇਸ ਲੀਲਾ ਦਾ ਕੋਈ ਇਲਮ ਨਹੀਂ ਸੀ। ਉਹ ਇਸੇ ਲਈ ਜਦੋਂ ਉਸਦੀ ਮਾ ਲਾਜੋ ਨੂੰ ਝਿੜਕਦੀ ਤਾਂ ਉਹ ਲਾਜੋ ਦਾ ਪੱਖ ਪਾਲਦਾ। ਲਾਜੋ ਦੀ ਜਦ ਉਹ ਸ਼ਕਲ ਵੱਲ ਵੇਖਦਾ ਤਾਂ ਏਨੀ ਭੋਲੀ ਤੇ ਮਾਸੂਮ ਲੱਗਦੀ ਸੀ ਕਿ ਉਸਨੂੰ ਝਿੜਕਣ ਦਾ ਉਸਦਾ ਹੀਆ ਨਹੀਂ ਸੀ ਪੈਂਦਾ। ਜਿਹੜੇ ਲੋਕ ਲਾਜੋ ਦੇ ਚਰਿਤਰ ਉੱਤੇ ਸ਼ੱਕ ਕਰਦੇ ਸਨ, ਉਹ ਲੋਕ ਉਹਦੀਆਂ ਨਜ਼ਰਾਂ ਵਿਚ ਗੁਨਾਹਗਾਰ ਸਨ ਕਿਉਂਕਿ ਉਹ ਸਮਝਦਾ ਸੀ ਕਿ ਲਾਜੋ ਦੀ ਲਿਹਾਜੀ ਤਬੀਅਤ ਹੈ। ਉਹ ਹਰ ਇਕ ਨਾਲ ਹੱਸ ਖੇਡ ਲੈਂਦੀ ਸੀ। ਇਹ ਅਦਾ ਉਸਦੇ ਸੁਭਾਅ ਦੀ ਖ਼ੂਬੀ ਹੈ, ਹਰਗਿਜ਼ ਖਾਮੀ ਨਹੀਂ।

ਇਕ ਵਾਰੀ ਵੱਸਣ ਦੀ ਮਾਂ ਬਿਮਾਰ ਹੋ ਗਈ ਸੀ। ਉਸਨੂੰ ਹਸਪਤਾਲ ਦਾਖ਼ਲ ਕਰਾਉਣਾ ਪਿਆ। ਘਰ ਵਿਚ ਉਸਦਾ ਪਿਤਾ ਹੀ ਸੀ। ਉਸਦਾ ਪਿਤਾ ਬਹੁਤ ਹੀ ਸਾਈਂ ਲੋਕ ਸੀ। ਉਹ ਤੇ ਵੱਸਣ ਹਸਪਤਾਲ ਵਿਚ ਦੇਖਭਾਲ ਲਈ ਆਉਂਦੇ ਜਾਂਦੇ ਸਨ। ਬੁੱਢੀ ਦਾ ਬੁਖ਼ਾਰ ਨਹੀਂ ਸੀ ਟੁੱਟ ਰਿਹਾ। ਪਿਉ-ਪੁੱਤਰ ਉਸਨੂੰ ਬਚਾਉਣ ਲਈ ਡਾਕਟਰਾਂ ਪਿੱਛੇ ਭੱਜੇ ਫਿਰਦੇ ਸਨ। ਘਰ ਵਿਚ ਲਾਜੋ ਨੂੰ ਹੀ ਰਹਿਣਾ ਪੈਂਦਾ ਸੀ। ਇਕ ਦਿਨ ਵੱਸਣ ਹਸਪਤਾਲੋਂ ਘਰ ਪੈਸੇ ਲੈਣ ਆਇਆ। ਆ ਕੇ ਵੇਖਿਆ ਤਾਂ ਘਰ ਵਿਚ ਕੋਈ ਵੀ ਨਹੀਂ ਸੀ। ਉਸਨੇ ਸਾਰੇ ਅੰਦਰ ਫੋਲੇ ਪਰ ਲਾਜੋ ਨਜ਼ਰ ਨਾ ਆਈ। ਏਨੇ ਨੂੰ ਉਸਦਾ ਜਾਣੂ ਚੁਬਾਰੇ ਤੋਂ ਉਤਰਿਆ।

ਵੱਸਣ ਨੂੰ ਘਰ ਵੇਖ ਕੇ ਉਹ ਫਟਾਫਟ ਪੌੜੀਆਂ ਉਤਰ ਕੇ ਬਾਹਰ ਨੂੰ ਚਲਾ ਗਿਆ। ਵੱਸਣ ਨੇ ਉਸਦਾ ਪਿੱਛਾ ਕੀਤਾ ਪਰ ਦੌੜ ਕੇ ਦੂਰ ਚਲਾ ਗਿਆ। ਘਰ ਆਇਆ ਤਾਂ ਲਾਜੋ ਕੰਘੀ ਨਾਲ ਵਾਲ ਸਵਾਰ ਰਹੀ ਸੀ। ਵੱਸਣ ਟਰੰਕ ਵਿਚੋਂ ਪੈਸੇ ਲੈ ਕੇ ਜਲਦੀ ਬਾਹਰ ਨਿਕਲ ਗਿਆ। ਲਾਜੋ ਉਸਨੂੰ ਪਿੱਛੋਂ ਵਾਜਾਂ ਮਾਰਦੀ ਰਹੀ ਪਰ ਉਹ ਕਾਹਲੀ ਨਾਲ ਹਸਪਤਾਲ ਜਾ ਰਿਹਾ ਸੀ।

ਲਾਜੋ ਨੂੰ ਸੁੱਝ ਗਈ ਕਿ ਰਾਤ ਨੂੰ ਜ਼ਰੂਰ ਕੋਈ ਗੜਬੜ ਹੋਵੇਗੀ। ਉਸਦਾ ਲਿਹਾਜੀ ਸੁਭਾਅ ਉਸਨੂੰ ਲੈ ਬੈਠੇਗਾ। ਜਦੋਂ ਰਾਤ ਨੂੰ ਵੱਸਣ ਰੋਟੀ ਲੈਣ ਲਈ ਆਇਆ ਤਾਂ ਲਾਜੋ ਨੇ ਉਸਨੂੰ ਮਾਤਾ ਦਾ ਹਾਲ-ਚਾਲ ਪੁੱਛਿਆ। ਵੱਸਣ ਚੁੱਪ ਰਿਹਾ ਤੇ ਰੋਟੀ ਖਾ ਕੇ ਰੋਟੀ ਦਾ ਡੱਬਾ ਨਾਲ ਲੈ ਕੇ ਚੱਲਣ ਲੱਗਾ ਤਾਂ ਲਾਜੋ ਨੇ ਬਾਂਹ ਫੜ ਕੇ ਉਸਨੂੰ ਰੋਕ ਲਿਆ। ਉਹ ਬਾਂਹ ਛੁਡਾ ਕੇ ਜਲਦੀ ਨਾਲ ਬਾਹਰ ਨਿਕਲ ਗਿਆ। ਲਾਜੋ ਫਿਰ ਆਵਾਜ਼ਾਂ ਮਾਰਦੀ ਰਹਿ ਗਈ। ਉਹ ਚਾਹੁੰਦਾ ਸੀ ਕਿ ਇਸ ਘਟਨਾ ਬਾਰੇ ਆਪਣੀ ਮਾਂ ਨਾਲ ਗੱਲਬਾਤ ਕਰੇ ਪਰ ਉਹ ਕਿਸ ਮੂੰਹ ਨਾਲ ਗੱਲ ਕਰਦਾ। ਉਹ ਤਾਂ ਲਾਜੋ ਦੀਆਂ ਸਿਫ਼ਤਾਂ ਕਰਦਾ ਨਹੀਂ ਸੀ ਥੱਕਦਾ। ਉਸਨੇ ਚੁੱਪ ਰਹਿਣਾ ਹੀ ਠੀਕ ਸਮਝਿਆ। ਉਸਨੇ ਸੋਚਿਆ ਕਿ ਉਹ ਉਸ ਸ਼ਖ਼ਸ ਨਾਲ ਗੱਲ ਕਰੇ ਜਿਹੜਾ ਚੁਬਾਰਿਉਂ ਉਤਰਿਆ ਸੀ ਪਰ ਉਸਨੂੰ ਵੀ ਉਸਨੇ ਭੱਜੇ ਜਾਂਦੇ ਨੂੰ ਪਿੱਛੋਂ ਹੀ ਵੇਖਿਆ ਸੀ। ਇਸ ਲਈ ਉਹਦੀ ਪੂਰੀ ਤਰ੍ਹਾਂ ਪਹਿਚਾਣ ਨਹੀਂ ਸੀ ਕਰ ਸਕਿਆ। ਉਹ ਰਾਤ ਦਿਨ ਇਸ ਸਮੱਸਿਆ ਬਾਰੇ ਸੋਚਦਾ ਰਹਿੰਦਾ।

ਉਸਦੀ ਬਿਮਾਰ ਮਾਂ ਉਸਦੇ ਉਦਾਸ ਚਿਹਰੇ ਵੱਲ ਵੇਖ ਕੇ ਆਖਦੀ—'ਵੇ ਵੱਸਣਾ ਠੀਕ ਤੇ ਹੈਂ ਏ ? ਪੁੱਤ ! ਮਾਂ ਦਾ ਗ਼ਮ ਨਾ ਕਰ। ਮੈਂ ਤਾਂ ਜਲਦੀ ਠੀਕ ਹੋ ਜਾਣਾ। ਮੈਂ ਹਾਲੇ ਬੜਾ ਚਿਰ ਹੋਰ ਜੀਣਾ ਏ। ਆਪਣੇ ਪਿਉ ਦਾ ਖ਼ਿਆਲ ਰੱਖਿਆ ਕਰ, ਵਿਚਾਰਾ ਫੇਰੇ ਮਾਰ ਮਾਰ ਕੇ ਹੰਭ ਗਿਆ ਏ।' 'ਨਹੀਂ ਮਾਂ, ਮੈਨੂੰ ਕੋਈ ਗੱਲ ਨਹੀਂ, ਐਵੇਂ ਜ਼ਰਾ ਤੇਰਾ ਈ ਖ਼ਿਆਲ ਆ ਜਾਂਦਾ ਏ।' ਵੱਸਣ ਨੇ ਆਪਣੀ ਉਲਝਣ ਨੂੰ ਲੁਕਾਉਂਦੇ ਹੋਏ ਮਾਂ ਨੂੰ ਆਖਿਆ। ਖ਼ਾਲੀ ਭਾਂਡੇ ਲੈ ਕੇ ਉਹ ਘਰ ਨੂੰ ਵਾਪਸ ਆ ਗਿਆ।

ਘਰ ਆਇਆ ਤਾਂ ਲਾਜੋ ਅੱਜ ਫਿਰ ਘਰ ਨਹੀਂ ਸੀ। ਉਹ ਸਿੱਧਾ ਚੁਬਾਰੇ ਜਾ ਚੜ੍ਹਿਆ। ਲਾਜੋ ਉਥੇ ਨਹੀਂ ਸੀ। ਉਸਨੇ ਹੇਠਾਂ ਆ ਕੇ ਸਾਰੇ ਕਮਰੇ ਫੋਲੇ ਤੇ ਮੰਜਿਆਂ ਦੇ ਹੇਠਾਂ ਝਾਤੀ ਮਾਰੀ। ਉਥੇ ਕੋਈ ਨਹੀਂ ਸੀ। ਏਨੇ ਨੂੰ ਲਾਜੋ ਕਾਹਲੀ ਨਾਲ ਬਾਹਰੋਂ ਘਰ ਆਈ। ਵੱਸਣ ਨੇ ਆਉਂਦਿਆਂ ਹੀ ਉਸਨੂੰ ਪੁੱਛਿਆ, 'ਕਿਥੇ ਗਈ ਸੈਂ, ਮੈਂ ਤੈਨੂੰ ਐਵੇਂ ਇਧਰ-ਉਧਰ ਈ ਲੱਭੀ ਜਾਨਾ ਵਾਂ ?' ਉਹ ਘਬਰਾਈ ਹੋਈ ਬੋਲੀ, 'ਮੈਂ ਭਾਨੇ ਕੇ ਘਰ ਉਹਦੀ ਘਰਵਾਲੀ ਨੂੰ ਮਿਲਣ ਗਈ ਸੀ।' ਵੱਸਣ ਨੂੰ ਤਸੱਲੀ ਨਾ ਹੋਈ ਕਿਉਂਕਿ ਉਹ ਘਰ ਖੁੱਲ੍ਹਾ ਛੱਡ ਕੇ ਗਈ ਸੀ। ਦਰਅਸਲ ਉਸ ਦਿਨ ਚੁਬਾਰੇ ਤੋਂ ਭਾਨਾ ਹੀ ਉਤਰ ਕੇ ਬਾਹਰ ਭੱਜਾ ਸੀ। ਉਹ ਘਰੋਂ ਪਤਾ ਕਰਨ ਗਈ ਸੀ ਕਿ ਵੱਸਣ ਬਾਅਦ ਵਿਚ ਉਹਨੂੰ ਮਿਲਿਆ ਕਿ ਨਹੀਂ ? ਭਾਨਾ ਉਸ ਵਕਤ ਘਰ ਨਹੀਂ ਸੀ, ਇਸ ਲਈ ਉਹ ਉਸਦੀ ਬਹੂ ਨੂੰ ਮਿਲ ਕੇ ਜਲਦੀ ਨਾਲ ਘਰ ਪਰਤੀ

ਸੀ ਕਿਉਂਕਿ ਉਸਨੂੰ ਰਾਹ ਵਿਚ ਚੇਤਾ ਆਇਆ ਸੀ ਕਿ ਘਰ ਤਾਂ ਖੁੱਲ੍ਹਾ ਹੀ ਰਹਿ ਗਿਆ ਏ। ਵੱਸਣ ਨੂੰ ਉਸਦੀ ਅਣਗਹਿਲੀ ਉਪਰ ਗੁੱਸਾ ਆ ਰਿਹਾ ਸੀ। ਉਸਨੂੰ ਇਹ ਯਕੀਨ ਹੋ ਗਿਆ ਕਿ ਉਸ ਦਿਨ ਭੱਜਣ ਵਾਲਾ ਭਾਨਾ ਹੀ ਸੀ। ਉਹ ਗੁੱਸੇ ਨਾਲ ਕਹਿਣ ਲੱਗਾ—'ਭਾਨੇ ਦੇ ਘਰ ਅੰਬ ਲੈਣ ਗਈ ਸੈਂ। ਉਹ ਜੁ ਤੇਰੇ ਚੁਬਾਰੇ ਚੜ੍ਹਦਾ, ਤੈਨੂੰ ਕੀ ਲੋੜ ਸੀ ਉਥੇ ਜਾਣ ਦੀ। ਮਾਂ ਮੇਰੀ ਮਰਨੇ ਪਈ ਆ ਤੈਨੂੰ ਯਾਰਾਂ ਤੋਂ ਵੇਹਲ ਨਹੀਂ। ਜਾ ਦਫ਼ਾ ਹੋ ਜਾ ਕੁੱਤੀਏ! ਤੂੰ ਨਹੀਂ ਮੇਰੀ ਘਰਵਾਲੀ ਅੱਜ ਤੋਂ!' ਇਹ ਕਹਿ ਕੇ ਉਹ ਫਿਰ ਹਸਪਤਾਲ ਚਲਾ ਗਿਆ ਤੇ ਉਥੇ ਹੀ ਜਾ ਸੁੱਤਾ। ਮਾਂ ਪਿਉ ਉਸਨੂੰ ਅੱਗੋਂ ਗੁੱਸੇ ਹੋਏ।

ਦਿਨ ਚੜ੍ਹਿਆ ਤਾਂ ਉਹ ਖ਼ੁਸ਼-ਖ਼ੁਸ਼ ਨਜ਼ਰ ਆ ਰਿਹਾ ਸੀ। ਉਸਨੇ ਆਪਣੀ ਸਮੱਸਿਆ ਦਾ ਹਾਲ ਢੂੰਡ ਹੀ ਲਿਆ ਸੀ। ਹੁਣ ਜਦੋਂ ਕੋਈ ਵੱਸਣ ਨੂੰ ਲਾਜੋ ਦੇ ਲਿਹਾਜੀ ਸੁਭਾਅ ਬਾਰੇ ਕੋਈ ਟਿੱਚਰ ਕਰਕੇ ਪੁੱਛਦਾ ਤਾਂ ਉਹ ਬੜੇ ਸਵੈ-ਵਿਸ਼ਵਾਸ ਨਾਲ ਆਖਣ ਲੱਗਦਾ—'ਵੇਖ ਬਈ ਆਪਾਂ ਤਾਂ ਆਪਣਾਂ ਨੁਕਤਾ-ਨਿਗਾਹ ਹੀ ਬਦਲ ਲਿਆ ਏ। ਮੈਂ ਸਮਝਦਾ ਵਾਂ ਕਿ ਲਾਜੋ ਕਿਸੇ ਹੋਰ ਦੀ ਜ਼ਨਾਨੀ ਏ। ਜਦੋਂ ਸਾਨੂੰ ਲੋੜ ਪਵੇ ਤਾਂ ਉਹ ਸਾਡਾ ਵੀ ਬੁੱਤਾ ਸਾਰ ਦਿੰਦੀ ਏ। ਸਾਨੂੰ ਹੋਰ ਕੀ ਚਾਹੀਦੈ?' ਇਹ ਕਹਿ ਕੇ ਉਹ ਉੱਚੀ-ਉੱਚੀ ਹੱਸਣ ਲੱਗਦਾ ਤੇ ਟਿੱਚਰ ਕਰਨ ਵਾਲਾ ਵੀ ਉਹਦੇ ਹਾਸੇ ਵਿਚ ਸ਼ਾਮਲ ਹੋ ਜਾਂਦਾ।

ਸ਼ਮਿੰਦਰੋ

ਉਹ ਠਾਣੇਦਾਰ ਕਾਹਨ ਸਿੰਘ ਢਿੱਲੋਂ ਦੀ ਪਲੇਠੀ ਦੀ ਲੜਕੀ ਸੀ। ਉਸ ਦੀਆਂ ਤਿੰਨੇ ਲੜਕੀਆਂ ਵਿਚੋਂ ਉਹ ਸਭ ਤੋਂ ਵੱਡੀ ਤੇ ਵੱਧ ਪੜ੍ਹੀ ਲਿਖੀ ਸੀ। ਉਸਦਾ ਕੋਈ ਲੜਕਾ ਨਾ ਹੋਣ ਕਾਰਨ ਉਹ ਇਨ੍ਹਾਂ ਲੜਕੀਆਂ ਨੂੰ ਹੀ ਲੜਕਿਆਂ ਤੋਂ ਵੱਧ ਸਮਝਦਾ ਸੀ ਤੇ ਲੜਕਿਆਂ ਵਾਂਗ ਹੀ ਉਨ੍ਹਾਂ ਨੂੰ ਬੁਲਾਉਂਦਾ ਸੀ। ਸ਼ਮਿੰਦਰ ਸਭ ਤੋਂ ਵੱਡੀ ਹੋਣ ਕਾਰਨ ਪਿਤਾ ਦੀ ਬਹੁਤ ਲਾਡਲੀ ਧੀ ਸੀ। ਠਾਣੇਦਾਰ ਨੇ ਉਸਨੂੰ ਬੇਟਿਆਂ ਵਾਂਗ ਹੀ ਪਾਲਿਆ-ਪੜ੍ਹਾਇਆ ਸੀ। ਉਸ ਤੋਂ ਉਸਨੂੰ ਬਹੁਤ ਉਮੀਦਾਂ ਸਨ। ਉਸਨੂੰ ਉਚੇਚਾ ਅੰਗਰੇਜ਼ੀ ਸਕੂਲਾਂ ਵਿਚ ਦਾਖ਼ਲ ਕਰਵਾਇਆ ਤੇ ਬਾਅਦ ਵਿਚ ਉਸਨੇ ਖ਼ਾਲਸਾ ਕਾਲਜ ਤੋਂ ਐੱਮ.ਏ. ਅੰਗਰੇਜ਼ੀ ਕੀਤੀ। ਅੰਗਰੇਜ਼ੀ ਦੀ ਐੱਮ.ਏ. ਇਸ ਲਈ ਕੀਤੀ ਤਾਂ ਕਿ ਉਹ ਸਿਵਲ ਸਰਵਿਸਾਂ ਦੀ ਪ੍ਰੀਖਿਆ ਕਾਮਯਾਬੀ ਤੇ ਸ੍ਵੈ-ਵਿਸ਼ਵਾਸ ਨਾਲ ਦੇ ਸਕੇ। ਉਹ ਪੜ੍ਹਾਈ ਵਿਚ ਦਰਮਿਆਨੀ ਸੀ ਤੇ ਉਸਦਾ ਐੱਮ.ਏ. ਵਿਚ ਵੀ ਤੀਸਰਾ ਦਰਜਾ ਆਇਆ ਸੀ। ਉਹ ਕਾਲਜ ਵਿਚ ਨਿਯੁਕਤ ਨਹੀਂ ਸੀ ਹੋ ਸਕਦੀ ਇਸ ਲਈ ਉਸਨੇ ਬੀ.ਐੱਡ. ਕਰਕੇ ਸਰਕਾਰੀ ਨੌਕਰੀ ਬਤੌਰ ਅੰਗਰੇਜ਼ੀ ਲੈਕਚਰਾਰ ਲਈ ਤੇ ਸਿਵਲ ਪ੍ਰੀਖਿਆਵਾਂ ਵਿਚ ਆਪਣੀ ਕਿਸਮਤ ਅਜ਼ਮਾਉਣ ਲਈ ਨਿਕਲ ਪਈ।

ਉਸਨੇ ਯੂਨੀਵਰਸਿਟੀ ਵਿਚੋਂ ਸਿਵਲ ਪ੍ਰੀਖਿਆਵਾਂ ਦੀ ਸਪੈਸ਼ਲ ਟ੍ਰੇਨਿੰਗ ਵੀ ਲਈ ਤੇ ਪਹਿਲੇ ਸਾਲ ਪ੍ਰੀਖਿਆ ਵਿਚ ਬੈਠੀ। ਉਹ ਪਹਿਲਾ ਲਿਖਤੀ ਟੈਸਟ ਪਾਸ ਕਰ ਗਈ। ਘਰਵਾਲਿਆਂ ਤੇ ਉਸਦੇ ਸਾਥੀ ਅਧਿਆਪਕਾਵਾਂ ਨੇ ਉਸਨੂੰ ਵਧਾਈਆਂ ਦਿੱਤੀਆਂ ਅਤੇ ਮੁਖਲਿਖਤੀ ਟੈਸਟ ਪਾਸ ਕਰਨ ਦੀ ਕਾਮਨਾ ਕੀਤੀ। ਉਸਨੇ ਬੜੀ ਮਿਹਨਤ ਕਰਕੇ ਮੁਖਲਿਖਤੀ ਪ੍ਰੀਖਿਆ ਦਿੱਤੀ ਤੇ ਲੋੜੀਂਦੇ ਅੰਕ ਪ੍ਰਾਪਤ ਨਾ ਕਰ ਸਕਣ ਕਾਰਨ ਉਸ ਟੈਸਟ ਵਿਚੋਂ ਫੇਲ੍ਹ ਹੋ ਗਈ। ਇਸ ਤੋਂ ਬਾਅਦ ਉਸਨੇ ਪਟਿਆਲੇ ਇਕ ਅਕੈਡਮੀ ਤੋਂ ਸਿਵਲ ਪ੍ਰੀਖਿਆ ਆਈ.ਏ.ਐੱਸ. ਦੀ ਟ੍ਰੇਨਿੰਗ ਵੀ ਲਈ। ਜਦੋਂ ਅਗਲੇ ਸਾਲ ਫਿਰ ਪ੍ਰੀਖਿਆ ਹੋਈ ਤਾਂ ਉਹ ਫਿਰ ਪਹਿਲੇ ਲਿਖਤੀ ਵਿਚੋਂ ਲੰਘ ਗਈ ਤੇ ਮੇਨ ਵਿਚੋਂ ਦੋਬਾਰਾ ਰਹਿ ਗਈ। ਸਭ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਉਸ ਉਪਰ ਆਸਾਂ ਸਨ ਪਰ ਉਹ ਇੰਟਰਵਿਊ ਲਈ ਨਾ ਚੁਣੀ ਜਾ ਸਕੀ।

ਠਾਣੇਦਾਰ ਨੇ ਉਸਨੂੰ ਹੌਸਲਾ ਰੱਖਣ ਲਈ ਕਿਹਾ। ਉਸਨੇ ਦੱਸਿਆ ਕਿ ਕਈ ਉਮੀਦਵਾਰ ਚੌਥੀ ਪੰਜਵੀਂ ਕੋਸ਼ਿਸ਼ ਪਿੱਛੋਂ ਜਾ ਕੇ ਕਾਮਯਾਬ ਹੁੰਦੇ ਹਨ। ਇਸ ਲਈ ਸ਼ਮਿੰਦਰੋ

ਨੂੰ ਫਿਰ ਤਿਆਰੀ ਕਰਨ ਲਈ ਆਖਿਆ। ਉਸਨੇ ਐਤਕੀਂ ਆਈ.ਏ.ਐੱਸ. ਦੀ ਜਗ੍ਹਾ ਪੀ.ਸੀ.ਐੱਸ ਦੀ ਪ੍ਰੀਖਿਆ ਦੇਣ ਦਾ ਫ਼ੈਸਲਾ ਕੀਤਾ। ਇਹ ਪ੍ਰੀਖਿਆ ਵੀ ਉਸੇ ਪੱਧਰ ਦੀ ਹੁੰਦੀ ਹੈ। ਉਸਨੇ ਐਤਕੀਂ ਬਿਨਾਂ ਤਿਆਰੀ ਕੀਤਿਆਂ ਹੀ ਪੀ.ਸੀ.ਐੱਸ. ਦਾ ਪਹਿਲਾ ਲਿਖਤੀ ਟੈਸਟ ਦਿੱਤਾ ਤੇ ਆਰਾਮ ਨਾਲ ਉਹ ਪਾਸ ਹੋ ਗਈ ਤੇ ਫਿਰ ਮੇਨ ਟੈਸਟ ਦੀ ਤਿਆਰੀ ਕਰਨ ਲੱਗੀ। ਇਸ ਟੈਸਟ ਵਿਚੋਂ ਕਿਉਂਕਿ ਉਹ ਹਰ ਵਾਰੀ ਰਹਿ ਜਾਂਦੀ ਸੀ ਇਸ ਲਈ ਉਸਨੇ ਪੂਰੀ ਤਿਆਰੀ ਨਾਲ ਇਹ ਪ੍ਰੀਖਿਆ ਦਿੱਤੀ। ਉਸਨੇ ਸਕੂਲੋਂ ਛੁੱਟੀ ਲੈ ਕੇ ਰਾਤ ਦਿਨ ਇਕ ਕਰ ਦਿੱਤਾ। ਐਤਕੀਂ ਹਰੇਕ ਨੂੰ ਉਮੀਦ ਸੀ ਕਿ ਉਹ ਪਾਸ ਕਰ ਜਾਵੇਗੀ ਪਰ ਉਹ ਫਿਰ ਰਹਿ ਗਈ। ਉਸ ਦੀਆਂ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ। ਉਹ ਬਹੁਤ ਮਾਯੂਸ ਹੋਈ। ਉਸਦੇ ਕਈ ਸਾਥੀ ਇੰਟਰਵਿਊ ਲਈ ਚੁਣੇ ਗਏ ਸਨ। ਉਹ ਆਪਣੀ ਕਿਸਮਤ ਨੂੰ ਕੋਸਣ ਲੱਗੀ ਤੇ ਅੱਗੇ ਤੋਂ ਕਿਸੇ ਵੀ ਪ੍ਰੀਖਿਆ ਵਿਚ ਨਾ ਬੈਠਣ ਦਾ ਉਸਨੇ ਫ਼ੈਸਲਾ ਕੀਤਾ। ਉਸਦੇ ਪਿਤਾ ਨੇ ਵੀ ਐਤਕੀਂ ਉਸਨੂੰ ਦਿਲਾਸਾ ਦੇਂਦੇ ਹੋਏ ਦੋਬਾਰਾ ਪ੍ਰੀਖਿਆ ਨਾ ਦੇਣ ਬਾਰੇ ਪ੍ਰੇਰਨਾ ਦਿੱਤੀ।

ਇਨ੍ਹਾਂ ਪ੍ਰੀਖਿਆਵਾਂ ਦੌਰਾਨ ਉਸਨੂੰ ਚੰਗੇ-ਚੰਗੇ ਅਫ਼ਸਰਾਂ ਅਤੇ ਚੰਗੇ-ਚੰਗੇ ਘਰਾਂ ਦੇ ਰਿਸ਼ਤੇ ਆਉਂਦੇ ਸਨ ਪਰ ਉਹ ਇਹ ਰਿਸ਼ਤੇ ਇਸ ਕਰਕੇ ਟਾਲ ਰਹੀ ਸੀ ਕਿ ਉਹ ਪਹਿਲਾਂ ਉੱਚ-ਅਫ਼ਸਰ ਬਣਨਾ ਚਾਹੁੰਦੀ ਸੀ ਤੇ ਫਿਰ ਵਿਆਹ ਬਾਰੇ ਕੋਈ ਚੋਣ ਕਰਨੀ ਚਾਹੁੰਦੀ ਸੀ। ਹੁਣ ਉਸਦੇ ਪਿਤਾ ਨੇ ਅਖ਼ਬਾਰ ਵਿਚ ਉਸਦੇ ਲਈ ਇਸ਼ਤਿਹਾਰ ਦਿੱਤਾ। ਕਈ ਅਫ਼ਸਰ ਮੁੰਡਿਆਂ ਦੀਆਂ ਦਰਖਾਸਤਾਂ ਆਈਆਂ ਪਰ ਕਿਸੇ ਉੱਚ ਅਫ਼ਸਰ ਦੀ ਕੋਈ ਦਰਖਾਸਤ ਨਹੀਂ ਸੀ। ਉਸਨੂੰ ਇਹ ਰਿਸ਼ਤੇ ਪਸੰਦ ਨਾ ਆਏ ਤੇ ਇਸ ਕਰਕੇ ਕਿਸੇ ਨੂੰ ਵੀ ਵੇਖਣ ਵਖਾਉਣ ਦੀ ਚਿੱਠੀ ਨਾ ਪਾਈ। ਮਹੀਨਾ ਕੁ ਹਟ ਕੇ ਅਖ਼ਬਾਰ ਵਿਚ ਫਿਰ ਇਕ ਇਸ਼ਤਿਹਾਰ ਦਿੱਤਾ ਗਿਆ। ਐਤਕੀਂ ਸ਼ਮਿੰਦਰ ਨੇ ਮੰਨ ਲਿਆ ਸੀ ਕਿ ਉਹ ਆਮ ਅਫ਼ਸਰ ਲੜਕਿਆਂ ਬਾਰੇ ਵੀ ਗ਼ੌਰ ਕਰ ਸਕਦੀ ਹੈ। ਇਸ ਵਾਰ ਤਿੰਨ ਅਫ਼ਸਰ ਲੜਕਿਆਂ ਦੇ ਲਫਾਫੇ ਇਕ ਪਾਸੇ ਕਰਕੇ ਬਾਕੀ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤੇ ਗਏ।

ਇਕ ਬੈਂਕ ਅਫ਼ਸਰ ਸੀ। ਉੱਚਾ ਲੰਮਾ। ਉਸਦੇ ਤਰੱਕੀ ਕਰਨ ਦੇ ਕਾਫ਼ੀ ਮੌਕੇ ਸਨ। ਵੇਖ ਵਿਖਾਲਾ ਹੋਇਆ। ਗੱਲ ਫਿਰ ਨਾ ਸਿਰੇ ਚੜ੍ਹ ਸਕੀ ਕਿਉਂਕਿ ਲੜਕੇ ਦਾ ਰੰਗ ਕਾਫ਼ੀ ਕਾਲਾ ਸੀ। ਭਾਵੇਂ ਸ਼ਮਿੰਦਰ ਦੇ ਪਿਤਾ ਦਾ ਵੀ ਰੰਗ ਬਹੁਤਾ ਸਾਫ਼ ਨਹੀਂ ਸੀ ਪਰ ਫਿਰ ਵੀ ਉਸਨੇ ਸ਼ਮਿੰਦਰ ਦੀ ਹਾਂ ਵਿਚ ਹਾਂ ਮਿਲਾਉਂਦਿਆਂ ਰਿਸ਼ਤਾ ਪਸੰਦ ਨਾ ਕੀਤਾ। ਇਕ ਹੋਰ ਜੰਗਲਾਤ ਦੇ ਮਹਿਕਮੇ ਦਾ ਰੇਂਜਰ ਸੀ। ਰੇਂਜਰ ਦ੍ਹਾ ਮਹਿਕਮੇ ਵਿਚ ਕਾਫ਼ੀ ਦਬਦਬਾ ਹੁੰਦਾ ਹੈ ਪਰ ਸ਼ਮਿੰਦਰ ਨੂੰ ਇਹ ਲੜਕਾ ਵੇਖਣ ਬਾਅਦ ਇਸ ਕਰਕੇ ਪਸੰਦ ਨਾ ਆਇਆ ਕਿਉਂਕਿ ਲੜਕੇ ਦਾ ਕੱਦ ਸਾਢੇ ਪੰਜ ਫੁੱਟ ਸੀ ਜਦੋਂ ਕਿ ਸ਼ਮਿੰਦਰ ਪੌਣੇ ਛੇ ਫੁੱਟ ਸੀ। ਉਹ ਉਸਦੇ ਲਾਗੇ ਖਲੋਤੀ ਉਸ ਨਾਲੋਂ ਲੰਮੀ ਲਗਦੀ ਸੀ। ਲੜਕਾ ਭਾਵੇਂ ਗੋਰਾ ਚਿੱਟਾ ਤੇ ਸੁੰਦਰ ਨੈਣ ਨਕਸ਼ਾਂ ਵਾਲਾ ਸੀ ਪਰ ਕੱਦ ਕਾਰਨ ਸ਼ਮਿੰਦਰ ਦੇ ਨੱਕ 'ਤੇ ਨਾ ਚੜ੍ਹ ਸਕਿਆ। ਤੀਸਰਾ ਲੜਕਾ

ਸਿਵਲ ਸਪਲਾਈ ਵਿਚ ਅਫ਼ਸਰ ਸੀ। ਉਹ ਗੋਰਾ ਚਿੱਟਾ, ਲੰਮਾ ਤੇ ਸੁੰਦਰ ਸੀ। ਇਸ ਵਿਚ ਉਹੀ ਕੁਝ ਸੀ ਜੋ ਸ਼ਮਿੰਦਰ ਚਾਹੁੰਦੀ ਸੀ। ਠਾਣੇਦਾਰ ਨੂੰ ਐਤਕੀਂ ਪੂਰੀ ਉਮੀਦ ਸੀ ਕਿ ਇਹ ਲੜਕਾ ਸ਼ਮਿੰਦਰ ਦੀ ਪਸੰਦ ਆ ਜਾਵੇਗਾ। ਉਸਨੂੰ ਦੁਖ ਹੋਇਆ ਜਦੋਂ ਇਹ ਲੜਕਾ ਵੀ ਉਸ ਨੂੰ ਨਾ ਜਚਿਆ ਕਿਉਂਕਿ ਉਹ ਬਹੁਤ ਕਮਜ਼ੋਰ ਤੇ ਮਾੜਚੂ ਜਿਹਾ ਸੀ। ਸ਼ਮਿੰਦਰ ਭਰਵੇਂ ਸਰੀਰ ਦੀ ਹੋਣ ਕਰਕੇ ਇਹ ਜੋੜੀ ਬਣ ਨਾ ਸਕੀ।

ਥਾਣੇਦਾਰ ਨੇ ਖਫ਼ਾ ਹੋ ਕੇ ਖਹਿੜਾ ਛੱਡ ਦਿੱਤਾ ਤੇ ਹੁਣ ਆਪਣਾ ਧਿਆਨ ਛੋਟੀਆਂ ਲੜਕੀਆਂ ਨੂੰ ਦੇਣ ਲੱਗਾ। ਉਨ੍ਹਾਂ ਦੇ ਵੀ ਅਖ਼ਬਾਰ ਵਿਚ ਇਸ਼ਤਿਹਾਰ ਕਢਾਏ ਗਏ। ਕਨੇਡਾ ਵਿਚ ਦੋ ਭਰਾਵਾਂ ਦੇ ਉਹ ਪਸੰਦ ਆ ਗਈਆਂ ਤੇ ਲੜਕੀਆਂ ਨੇ ਵੀ ਆਪਣੀ ਸਹਿਮਤੀ ਪ੍ਰਗਟ ਕਰ ਦਿੱਤੀ। ਇਸ ਤਰ੍ਹਾਂ ਠਾਣੇਦਾਰ ਨੇ ਇਕੋ ਤੀਰ ਨਾਲ ਦੋ ਨਿਸ਼ਾਨੇ ਫੁੰਡ ਲਏ। ਉਸਨੇ ਬੜੇ ਚਾਅ ਨਾਲ ਦੋਹਾਂ ਬੇਟੀਆਂ ਨੂੰ ਪੂਰੇ ਸ਼ਗਨਾਂ ਨਾਲ ਬਦੇਸ਼ ਨੂੰ ਤੋਰਿਆ। ਉਨ੍ਹਾਂ ਦੇ ਘਰ ਵਾਲਿਆਂ ਦੇ ਕਨੇਡਾ ਵਿਚ ਸਟੋਰ ਸਨ। ਇਸ ਲਈ ਉਨ੍ਹਾਂ ਨੇ ਜਾ ਕੇ ਖ਼ੁਸ਼ੀ ਸਲਾਮਤੀ ਤੇ ਸੰਤੁਸ਼ਟੀ ਭਰੇ ਪੱਤਰ ਠਾਣੇਦਾਰ ਨੂੰ ਲਿਖੇ। ਠਾਣੇਦਾਰ ਨੂੰ ਹੁਣ ਕੇਵਲ ਸ਼ੰਮੋ (ਸ਼ਮਿੰਦਰ) ਦਾ ਫ਼ਿਕਰ ਸੀ। ਛੋਟੀਆਂ ਕੁੜੀਆਂ ਨੂੰ ਉਚੇਚਾ ਕਿਹਾ ਗਿਆ ਕਿ ਉਹ ਆਪਣੀ ਵੱਡੀ ਭੈਣ ਬਾਰੇ ਰਿਸ਼ਤੇ ਦੀ ਦੱਸ ਪਾਉਣ। ਉਨ੍ਹਾਂ ਨੇ ਕੁਝ ਕੁ ਰਿਸ਼ਤੇ ਦੱਸੇ ਜਿਹੜੇ ਕਿ ਬਹੁਤ ਚੰਗੇ ਨਹੀਂ ਸਨ ਕਿਉਂਕਿ ਲੜਕੇ ਮਿਹਨਤ ਮਜ਼ਦੂਰੀ ਕਰਦੇ ਸਨ।

ਇਧਰ ਸ਼ਮਿੰਦਰ ਹੁਣ ਚਾਲੀ ਸਾਲ ਦੇ ਲਗਭਗ ਹੋ ਚੁੱਕੀ ਸੀ। ਉਸਦਾ ਹੁਸਨ ਮਾਂਦਾ ਪੈ ਗਿਆ ਤੇ ਸਰੀਰ ਢਿਲਕ ਕੇ ਮੱਥੇ ਤੇ ਗੱਲ੍ਹਾਂ 'ਤੇ ਲਕੀਰਾਂ ਪੈ ਗਈਆਂ ਸਨ। ਵੇਖਣ ਵਾਲਿਆਂ ਨੂੰ ਉਹ ਵਿਆਹੀ ਔਰਤ ਲੱਗਦੀ ਸੀ। ਉਹਨੂੰ ਹੁਣ ਲੜਕੀ ਨਹੀਂ ਕਿਹਾ ਜਾ ਸਕਦਾ ਸੀ। ਹੁਣ ਉਸਨੇ ਆਪਣੀ ਉਮਰ ਤੇ ਸਰੀਰਕ ਅਵਸਥਾ ਨੂੰ ਮੁੱਖ ਰੱਖ ਕੇ ਆਪਣੀਆਂ ਸ਼ਰਤਾਂ ਹੋਰ ਨਰਮ ਕਰ ਦਿੱਤੀਆਂ ਸਨ।

ਸਕੂਲ ਵਾਲੇ ਸਾਥੀ ਅਧਿਆਪਕਾਂ ਦਾ ਰਵੱਈਆ ਉਸ ਨਾਲ ਹੁਣ ਹਮਦਰਦੀ ਭਰਿਆ ਨਹੀਂ ਸੀ। ਜਦੋਂ ਉਸ ਉਪਰ ਭਰ ਜਵਾਨੀ ਸੀ ਉਸ ਦੀਆਂ ਅੱਖਾਂ ਮੱਥੇ 'ਤੇ ਚੜ੍ਹ ਗਈਆਂ ਸਨ ਤੇ ਉਹ ਆਮ ਬੰਦੇ ਨੂੰ ਬੰਦਾ ਨਹੀਂ ਸੀ ਸਮਝਦੀ। ਉਹ ਆਪਣੇ ਜੂਨੀਅਰ ਅਧਿਆਪਕਾਵਾਂ ਨਾਲ ਬਹੁਤ ਘੁਲਦੀ ਮਿਲਦੀ ਨਹੀਂ ਸੀ। ਉਹ ਕੇਵਲ ਮਤਲਬ ਨਾਲ ਹੀ ਬੋਲਦੀ ਚਾਲਦੀ ਸੀ। ਅਫ਼ਸਰ ਬਣਨ ਦੇ ਸੁਪਨਿਆਂ ਨੇ ਉਸਦਾ ਨਾਤਾ ਧਰਤੀ ਨਾਲੋਂ ਤੋੜ ਦਿੱਤਾ ਸੀ। ਉਹ ਅਰਸ਼ਾਂ ਵੱਲ ਨਿਗਾਹ ਰੱਖਦੀ ਸੀ ਤੇ ਫਰਸ਼ ਦੇ ਚੱਲਣ ਵਾਲੇ ਲੋਕ ਉਸਦੀ ਨਜ਼ਰ ਘੇਰੇ ਤੋਂ ਬਾਹਰ ਸਨ। ਹੁਣ ਉਹ ਉਸਨੂੰ ਮੈਡਮ ਢਿੱਲੋਂ ਦੀ ਜਗ੍ਹਾ ਮੈਡਮ ਢਿੱਲੋ ਆਖਣ ਲੱਗ ਪਏ ਸਨ। ਉਹ ਏਨੀ ਢਿੱਲੀ ਸੀ ਕਿ ਨਾ ਤਾਂ ਉਹ ਉੱਚ ਅਫ਼ਸਰ ਬਣ ਸਕੀ ਤੇ ਨਾ ਹੀ ਕਿਸੇ ਅਫ਼ਸਰ ਨੂੰ ਆਪਣੇ ਵੱਲ ਖਿੱਚ ਸਕੀ। ਉਸਦੀਆਂ ਬਹੁਤੀਆਂ ਤਕਲੀਫ਼ਾਂ ਉਸਦੀ ਢਿੱਲੀ ਨੀਤੀ ਤੇ ਢਿੱਲਪੁਣੇ ਦੀ ਪੈਦਾਵਾਰ ਸਨ।

ਹੁਣ ਉਸਦੀ ਸ਼ਰਤ ਇਹ ਸੀ ਕਿ ਲੜਕਾ ਬਰਾਦਰੀ ਦਾ ਹੋਵੇ ਤੇ ਸਰਕਾਰੀ ਨੌਕਰੀ ਕਰਦਾ

ਹੋਵੇ। ਹੁਣ ਉਹ ਵੀ ਫਰਸ਼ 'ਤੇ ਆਣ ਡਿੱਗੀ ਸੀ। ਉਸਦੀ ਮਾਸੀ ਨੇ ਇਕ ਸਰਕਾਰੀ ਨੌਕਰੀ ਕਰਦੇ ਦਵਾਜੂ ਲੜਕੇ ਦਾ ਰਿਸ਼ਤਾ ਲਿਆਂਦਾ। ਉਸਨੇ ਹੋਰ ਢੁੱਚਰ ਡਾਹ ਦਿੱਤੀ। ਅਖੇ ਲੜਕੇ ਦੇ ਦੋ ਬੱਚੇ ਹਨ। ਰਿਸ਼ਤਾ ਜੇ ਕਰਨਾ ਹੈ ਤਾਂ ਬੱਚੇ ਉਸ ਕੋਲ ਨਹੀਂ ਆਉਣੇ ਚਾਹੀਦੇ। ਉਸਦੀ ਇਸ ਗ਼ੈਰ-ਸਰਕਾਰੀ ਮੰਗ ਕਾਰਨ ਇਹ ਰਿਸ਼ਤਾ ਵੀ ਨੇਪਰੇ ਨਾ ਚੜ੍ਹ ਸਕਿਆ ਤੇ ਉਸਦੀ ਮਾਸੀ ਨੱਕ ਮੂੰਹ ਵੱਟ ਕੇ ਆਪਣੇ ਘਰ ਵੱਲ ਰਵਾਨਾ ਹੋ ਗਈ। ਉਸਦੇ ਮਾਤਾ ਪਿਤਾ ਵੀ ਉਸ ਨਾਲ ਬਹੁਤ ਬੋਲੇ ਤੇ ਲੜੇ ਭਿੜੇ। ਉਨ੍ਹਾਂ ਨੇ ਉਸਦੇ ਵਿਆਹ ਦਾ ਖਹਿੜਾ ਹੀ ਛੱਡ ਦਿੱਤਾ ਅਤੇ ਸ਼ਮਿੰਦਰ ਨੂੰ ਉਸਦੇ ਹਾਲ 'ਤੇ ਛੱਡ ਦਿੱਤਾ।

ਉਨ੍ਹਾਂ ਨੂੰ ਦੁਖੀ ਤੇ ਚਿੰਤਤ ਵੇਖ ਕਨੇਡਾ ਵਾਲੀਆਂ ਲੜਕੀਆਂ ਨੇ ਆਪਣੇ ਮਾਤਾ-ਪਿਤਾ ਨੂੰ ਕਨੇਡਾ ਬੁਲਾ ਲਿਆ। ਸ਼ਮਿੰਦਰ ਨੂੰ ਘਰ ਵਿਚ ਇਕੱਲੀ ਛੱਡ ਕੇ ਆਪ ਉਹ ਕਨੇਡਾ ਰਵਾਨਾ ਹੋ ਗਏ। ਸ਼ਮਿੰਦਰ ਨੇ ਵੀ ਉਨ੍ਹਾਂ ਨੂੰ ਜਾਣ ਤੋਂ ਨਾ ਰੋਕਿਆ ਕਿਉਂਕਿ ਉਹ ਮਾਪਿਆਂ ਦੀ ਨਜ਼ਰੋਂ ਲੱਥ ਚੁੱਕੀ ਸੀ। ਹੁਣ ਉਹ ਆਪ ਹੀ ਇਕੱਲੇ ਰਹਿਣਾ ਚਾਹੁੰਦੀ ਸੀ। ਉਹ ਵੀ ਰੋਜ਼ ਦੇ ਵੇਖ-ਵਖਾਲੇ ਤੋਂ ਡਾਹਢੀ ਤੰਗ ਤੇ ਪ੍ਰੇਸ਼ਾਨ ਹੋ ਚੁੱਕੀ ਸੀ। ਉਸ ਕੋਲ ਉਸਦੀ ਇਕ ਭੂਆ, ਜੋ ਵਿਧਵਾ ਸੀ, ਆ ਗਈ। ਉਸਨੂੰ ਆਉਣ ਲਈ ਠਾਣੇਦਾਰ ਕਹਿ ਗਿਆ ਸੀ।

ਸ਼ਮਿੰਦਰ ਦੀ ਹੁਣ ਪ੍ਰਿੰਸੀਪਲ ਬਣਲ ਦੀ ਵਾਰੀ ਆ ਗਈ। ਪ੍ਰਿੰਸੀਪਲ ਬਣ ਕੇ ਉਹ ਮਾਨਾਂਵਾਲੇ ਸਕੂਲ ਚਲੀ ਗਈ। ਉਸ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਨੇ ਉਸਨੂੰ ਆਪਣਾ ਚਾਰਜ ਸੌਂਪਿਆ ਤੇ ਮੈਡਕ ਢਿੱਲੋਂ ਸ਼ੋਹਰਤ ਦੇ ਨਸ਼ੇ ਨਾਲ ਤਣੀ ਗਈ ਤੇ ਸਾਰੇ ਅਧਿਆਪਕ ਉਸਨੂੰ ਫਿਰ ਮੈਡਮ ਢਿੱਲੋਂ ਕਹਿਣ ਲੱਗੇ। ਕਾਰਜਕਾਰੀ ਪ੍ਰਿੰਸੀਪਲ ਪੰਨੂ ਸਾਹਿਬ ਦੀ ਘਰਵਾਲੀ ਪਿਛਲੇ ਸਾਲ ਕੈਂਸਰ ਨਾਲ ਮਰ ਗਈ ਸੀ ਤੇ ਅਣਵਿਆਹੇ ਦੋ ਲੜਕੇ ਪਿੱਛੇ ਛੱਡ ਗਈ ਸੀ। ਸ਼ਮਿੰਦਰ ਨੂੰ ਪੰਨੂ ਸਾਹਿਬ ਉਪਰ ਬਹੁਤ ਤਰਸ ਆਇਆ ਕਿਉਂਕਿ ਉਹ ਸੁਭਾਅ ਤੇ ਚਲਨ ਦਾ ਬਹੁਤ ਨੇਕ ਸੀ। ਦੋਵੇਂ ਦੁਖੀਏ ਪੱਤਨ 'ਤੇ ਇਕੱਠੇ ਹੋ ਗਏ। ਇਕ ਸੀਨੀਅਰ ਅਧਿਆਪਕ ਨੇ ਵਿਚ ਪੈ ਕੇ ਉਨ੍ਹਾਂ ਦਰਮਿਆਨ ਰਹਿੰਦੀ ਖੂੰਹਦੀ ਦੂਰੀ ਵੀ ਦੂਰ ਕਰ ਦਿੱਤੀ। ਸ਼ਮਿੰਦਰ ਨੇ ਇਸ ਰਿਸ਼ਤੇ ਬਾਰੇ ਕਨੇਡਾ ਆਪਣੇ ਮਾਪਿਆਂ ਨੂੰ ਖ਼ਬਰ ਦਿੱਤੀ। ਉਹ ਸਭ ਕੁਝ ਉਥੇ ਛੱਡ-ਛਡਾ ਕੇ ਭਾਰਤ ਉਹਦੇ ਕੋਲ ਪਰਤ ਆਏ। ਵਿਆਹ ਦੀ ਰਸਮ ਬੜੀ ਸਾਦਗੀ ਤੇ ਸੰਜੀਦਗੀ ਨਾਲ ਨੇਪਰੇ ਚੜ੍ਹਾਈ ਗਈ।

ਸ਼ਮਿੰਦਰ ਖ਼ੁਸ਼ ਸੀ ਕਿ ਉਸਨੂੰ ਇਕ ਨੇਕ ਤੇ ਸ਼ਰੀਫ਼ ਇਨਸਾਨ ਪਤੀ ਦੇ ਰੂਪ ਵਿਚ ਮਿਲਿਆ ਹੈ ਤੇ ਉਹ ਬਿਨਾਂ ਕਿਸੇ ਹੀਲ-ਹੁੱਜਤ ਦੇ ਦੋ ਸੁੰਦਰ ਬੇਟਿਆਂ ਦੀ ਰਾਤੋ-ਰਾਤ ਮਾਂ ਬਣ ਗਈ ਸੀ। ਉਸਨੂੰ ਅਫ਼ਸੋਸ ਸੀ ਕਿ ਉਸਦੀ ਦੋਚਿੱਤੀ ਤੇ ਢਿੱਲੇਪਣ ਨੇ ਐਵੇਂ ਗਿੱਲਾ ਪੀਹਣ ਪਾ ਛੱਡਿਆ ਸੀ। 'ਬੁੱਢੇ ਵਾਰੇ ਨਿਸਰੀ ਡੂੰਮਾਂ ਦੀ ਜੌਂਵਾਰ'—ਆਮੀਨ।

ਮੀਣੀ ਘੁੱਗੀ ਦੀ ਪਿਆਰੋ

ਉਹ ਕਦੀ ਕਿਸੇ ਦੇ ਸਿਰੇ ਨਹੀਂ ਸੀ ਆਉਂਦਾ ਤੇ ਨਾ ਹੀ ਕਿਸੇ ਨੇ ਉਹਨੂੰ ਕਦੀ ਲੜਦੇ-ਝਗੜਦੇ ਵੇਖਿਆ ਸੀ। ਉਹ ਹਰ ਵਕਤ ਮੁਸਕਰਾਉਂਦਾ ਰਹਿੰਦਾ ਤੇ ਕਦੀ ਵੀ ਕਿਸੇ ਨਾਲ ਚੁਭਵੀਂ ਜਾਂ ਚੀਰਵੀਂ ਗੱਲ ਨਾ ਕਰਦਾ। ਲੋਕੀ ਉਸ ਨਾਲ ਨਿੱਤ ਠੱਠਾ ਮਖ਼ੌਲ ਕਰ ਲੈਂਦੇ ਸਨ ਪਰ ਉਸ ਪਿਉ ਦੇ ਪੁੱਤਰ ਨੇ ਕਦੀ ਮੋੜਵਾਂ ਜਵਾਬ ਨਹੀਂ ਸੀ ਦਿੱਤਾ। ਸਗੋਂ ਉਹ ਹਰ ਗੱਲ ਨੂੰ ਹੱਸ ਕੇ ਟਾਲ ਦਿੰਦਾ। ਉਹ ਕਦੀ ਕੰਨ ਵਿਚ ਪਾਇਆਂ ਵੀ ਨਹੀਂ ਸੀ ਦੁਖਦਾ, ਇਸ ਲਈ ਪਿੰਡ ਵਾਲੇ ਉਸਨੂੰ ਮੀਣੀ ਘੁੱਗੀ ਕਹਿਣ ਲੱਗ ਪਏ। ਘੁੱਗੀ ਸ਼ਾਹ ਵੀ ਕਹਿੰਦੇ ਸਨ। ਉਸਦਾ ਘਰ ਦਾ ਨਾਮ ਮੱਖਣ ਸਿੰਘ ਸੀ, ਜਿਹੜਾ ਕਿ ਬਾਅਦ ਵਿਚ ਕੇਵਲ ਲਿਖਤ ਪੜ੍ਹਤ ਤਕ ਹੀ ਮਹਿਦੂਦ ਹੋ ਗਿਆ ਸੀ।

ਕਹਿੰਦੇ ਹਨ ਕਿ ਜਦੋਂ ਉਹ ਵਿਆਹੁਣ ਯੋਗ ਹੋਇਆ ਤਾਂ ਇਕ ਵਿਚੋਲਾ ਉਸਦਾ ਰਿਸ਼ਤਾ ਲੈ ਕੇ ਉਸਦੇ ਘਰ ਆਇਆ। ਲੜਕੀ ਦਾ ਬਾਪ ਵੀ ਉਸਦੇ ਨਾਲ ਸੀ। ਜਦੋਂ ਵੇਖ-ਵਖਾਈ ਦੇ ਸਿਲਸਿਲੇ ਵਿਚ ਬੈਠਕ ਵਿਚ ਬੈਠੇ ਚਾਹ ਪੀ ਰਹੇ ਸਨ ਤਾਂ ਵਿਚੋਲਾ ਲੱਗਾ, ਮੱਖਣ ਦੀ ਸਿਫ਼ਤਾਂ ਕਰਨ। ਕਹਿਣ ਲੱਗਾ—'ਭਾਈ ਸਾਹਿਬ! ਇਹੋ ਜਿਹਾ ਸਾਊ ਤੇ ਭਲਾ ਮਾਣਸ ਮੁੰਡਾ ਤੁਹਾਨੂੰ ਲੱਭਿਆਂ ਵੀ ਨਹੀਂ ਮਿਲਣਾ। ਇਹ ਕਿਸੇ ਦੇ ਨਾਲ ਲੜਦਾ ਝਗੜਦਾ ਨਹੀਂ ਕਿਸੇ ਨੂੰ ਕਦੀ ਗਾਲ-ਗਲੋਚ ਨਹੀਂ ਕੱਢਦਾ, ਕਦੀ ਕਿਸੇ ਦਾ ਦਿਲ ਨਹੀਂ ਦੁਖਾਉਂਦਾ। ਇਹ ਤਾਂ ਨਿਰਾ ਗਊ ਏ ਗਊ। ਇਹਨੂੰ ਜੋ ਮਰਜ਼ੀ ਕਹਿ ਲਓ ਇਹਨੇ ਹੱਸਦੇ ਹੀ ਰਹਿਣਾ। ਕੋਈ ਇਹਦਾ ਦੁਸ਼ਮਣ ਦੋਖੀ ਨਹੀਂ। ਸਾਰੇ..." ਵਿਚੋਲੇ ਨੂੰ ਵਿਚੇ ਹੀ ਟੋਕਦਿਆਂ ਲੜਕੀ ਦਾ ਬਾਪ ਆਖਣ ਲੱਗਾ—'ਭਾਈ ਸਾਹਿਬ! ਇਹ ਜਿਹੜੇ ਗੁਣ ਤੁਸਾਂ ਦੱਸੇ ਨੇ ਇਹ ਤਾਂ ਬੰਦਿਆਂ ਵਾਲਾ ਮਰਦਾ ਵਾਲਾ ਕੋਈ ਗੁਣ ਨਹੀਂ। ਕੱਲ੍ਹ ਨੂੰ ਜੇਕਰ ਮੇਰੀ ਕੁੜੀ ਇਹਦੇ ਕੋਲੋਂ ਖੋਹ ਕੇ ਲੈ ਜਾਊ ਤੇ ਇਹ ਹੱਸਦਾ ਈ ਰਹਿ ਜਾਊਗਾ।' ਇਹ ਕਹਿ ਕੇ ਉਹ ਵਿਚੋਲੇ ਨੂੰ ਬਾਂਹੋਂ ਫੜ ਕੇ ਬਾਹਰ ਲੈ ਗਿਆ ਤੇ ਫਿਰ ਬਾਹਰੋਂ-ਬਾਹਰ ਹੀ ਚਲਾ ਗਿਆ।

ਵਿਆਹ ਤਾਂ ਸਭਨਾਂ ਦਾ ਹੋਣਾ ਹੀ ਹੁੰਦਾ ਏ। ਉਹ ਸੋਹਣਾ ਸੁਨੱਖਾ ਸੀ ਤੇ ਪਿੰਡ ਵਿਚ ਸਾਹਿਬੇ ਹਸੀਅਤ ਸੀ। ਉਸਦਾ ਦਾਦਾ ਕਿਸੇ ਵੇਲੇ ਜ਼ੈਲਦਾਰ ਵੀ ਰਿਹਾ ਸੀ। ਕੁਦਰਤ ਵੱਲੋਂ ਜਿਥੇ ਉਹਦਾ ਵਿਆਹ ਹੋਇਆ, ਉਹਦੇ ਪੰਜ ਸਾਲੇ ਸਨ ਤੇ ਸਾਰੇ ਹੀ ਬੜੇ ਮਾਰਖੋਰੇ। ਇਸ ਤਰ੍ਹਾਂ ਉਨ੍ਹਾਂ ਦੀ ਭੈਣ ਵੀ ਬਹੁਤ ਲੜਾਕੀ ਤੇ ਡਾਹਢੀ ਸੀ। ਉਸਨੇ ਸੌਹਰੇ ਘਰ ਆਉਂਦਿਆਂ

ਹੀ ਪਹਿਲਾਂ ਘਰ ਵਾਲਿਆਂ ਨੂੰ ਕਾਬੂ ਕੀਤਾ ਤੇ ਫਿਰ ਸ਼ਰੀਕਾਂ ਵੱਲ ਵੀ ਵਧਣ ਲੱਗੀ। ਉਸਦੀ ਇਕ ਜੇਠਾਣੀ ਸੀ ਉਹ ਵੀ ਉਹਦਾ ਪਾਣੀ ਭਰਨ ਲੱਗੀ। ਉਸਦਾ ਨਾਮ ਪਿਆਰੋ ਸੀ। ਪਿਆਰੋ ਦੇ ਪੁੱਛਣ ਤੋਂ ਬਿਨਾਂ ਘਰ ਵਿਚ ਕੋਈ ਕੰਮ ਨਹੀਂ ਸੀ ਹੁੰਦਾ। ਮੱਖਣ ਤਾਂ ਉਸਦੇ ਮਗਰ ਪਰਛਾਵੇਂ ਵਾਂਗ ਪਿੱਛਾ ਕਰਦਾ ਤੇ ਸਾਰਾ ਦਿਨ ਜੀ ਜੀ ਕਰਦਾ ਰਹਿੰਦਾ।

ਪਿਆਰੋ ਓਨੀ ਹੀ ਤਿੱਖੀ ਤੇ ਤੇਜ਼ ਸੀ, ਜਿੰਨਾ ਮੱਖਣ ਸਾਊ ਤੇ ਨਿਮਾਣਾ। ਉਸਦੇ ਘਰ ਸਰਸਰੀ ਨਜ਼ਰ ਮਾਰਿਆਂ ਹੀ ਪਤਾ ਲੱਗ ਜਾਂਦਾ ਸੀ ਕਿ ਘਰ ਵਿਚ ਪਿਆਰੋ ਦਾ ਰਾਜ ਹੈ। ਪਰੰਪਰਾ ਦੇ ਉਲਟ ਪਿਆਰੋ ਮਰਦਾਂ ਵਾਲੇ ਕੰਮ ਕਰਕੇ ਖ਼ੁਸ਼ ਹੁੰਦੀ ਤੇ ਮੱਖਣ ਜ਼ਨਾਨੀਆਂ ਵਾਲੇ। ਮੈਂ ਕਦੀ-ਕਦਾਈਂ ਜਦੋਂ ਵੀ ਉਸਦੇ ਘਰ ਜਾਂਦਾ ਤਾਂ ਉਹ ਰਸੋਈ ਵਿਚ ਹੀ ਕੁਝ ਨਾ ਕੁਝ ਕਰ ਰਿਹਾ ਹੁੰਦਾ ਤੇ ਪਿਆਰੋ ਬਾਹਰ ਬੈਠੀ ਮਿਲਦੀ। ਮੇਰੀ ਬਿੜਕ ਸੁਣ ਕੇ ਉਹ ਰਸੋਇਓਂ ਨਿਕਲਿਆ ਤੇ ਹੱਸਦਾ ਹੋਇਆ ਕਹਿਣ ਲੱਗਾ—'ਤੇਰੀ ਭਰਜਾਈ ਜ਼ਰਾ ਠੀਕ ਨਹੀਂ ਸੀ ਉਹਦੇ ਲਈ ਚਾਹ ਬਣਾ ਰਿਹਾ ਸੀ, ਬੈਠ ਜਾ ਤੇਰੇ ਜੋਗਾ ਪਾਣੀ ਵੀ ਪਾ ਦੇਨਾ ਹਾਂ। ਪੀ ਕੇ ਜਾਈਂ।' ਇਕ ਦਿਨ ਫਿਰ ਕਿਸੇ ਕੰਮ ਜਦੋਂ ਮੈਂ ਉਸਦੇ ਵਿਹੜੇ ਆਇਆ ਤਾਂ ਬਾਹਰ ਵਿਹੜੇ ਵਿਚ ਕੋਈ ਨਾ ਵਖਾਈ ਦਿੱਤਾ। ਨਿਆਣੇ ਖੇਡ ਰਹੇ ਸਨ। ਮੈਂ ਜਦੋਂ ਲੱਭਦਾ ਉਹਨੂੰ ਪਿਛਲੇ ਅੰਦਰ ਗਿਆ ਤਾਂ ਮੱਖਣ ਆਪਣੇ ਘਰ ਵਾਲੀ ਦੀਆਂ ਪਿੰਨੀਆਂ ਘੁੱਟ ਰਿਹਾ ਸੀ। ਮੈਨੂੰ ਚਾਣਚੱਕ ਵੇਖ ਕੇ ਉਹ ਮੁਸਕਰਾਉਂਦਾ ਉਠਿਆ ਤੇ ਮੇਰੇ ਵੱਲ ਵਧਦਾ ਹੋਇਆ ਬੋਲਿਆ—'ਤੇਰੀ ਭਰਜਾਈ ਬੜਾ ਕੰਮ ਕਰਦੀ ਏ। ਸਾਰਾ ਕੰਮ ਹੀ ਇਹਦੇ ਸਿਰ ਏ। ਵਿਚਾਰੀ ਥੱਕੀ ਸੀ ਮੈਂ ਕਿਹਾ ਇਹਦੀਆਂ ਲੱਤਾਂ-ਬਾਹਵਾਂ ਈ ਘੁੱਟ ਦਿਆਂ। ਸੱਚੀਂ ਮੈਨੂੰ ਘਰਵਾਲੀ ਦੀ ਸੇਵਾ ਕਰਕੇ ਬੜਾ ਮਜ਼ਾ ਆਉਂਦਾ ਏ।'

ਮੈਨੂੰ ਯਾਦ ਆ ਗਿਆ। ਜਦੋਂ ਅਸੀਂ ਮੱਖਣ ਦੀ ਬਰਾਤੇ ਗਏ ਸਾਂ ਤਾਂ ਪਿਆਰੋ ਡੋਲੀ ਤੁਰਨ ਵੇਲੇ ਰਸਮੀ ਤੌਰ 'ਤੇ ਰੋ ਰਹੀ ਸੀ। ਉਸਨੂੰ ਵੇਖ ਕੇ ਮੱਖਣ ਵੀ ਰੋਣ ਲੱਗਾ ਤੇ ਕਦੀ-ਕਦੀ ਕੁੜੀਆਂ ਵਾਂਗ ਚੀਕਾਂ ਮਾਰਨ ਲੱਗਾ। ਅਸੀਂ ਹੱਸ ਵੀ ਰਹੇ ਸਾਂ ਤੇ ਉਹਨੂੰ ਚੁੱਪ ਵੀ ਕਰਵਾ ਰਹੇ ਸਾਂ। ਉਹ ਜਦੋਂ ਪਿਆਰੋ ਚੀਕ ਮਾਰਦੀ, ਉਹ ਵੀ ਉਸ ਤਰ੍ਹਾਂ ਹੀ ਕਰਦਾ। ਬਰਾਤੀ ਹੱਸ ਰਹੇ ਸਨ ਤੇ ਵਿਚਾਰੇ ਮੱਖਣ ਉੱਤੇ ਤਰਸ ਕਰ ਰਹੇ ਸਨ। ਉਹ ਵੀ ਕੁੜੀਆਂ ਵਾਂਗ ਡੋਲੀ ਵੇਲੇ ਹੀ ਰੋਇਆ ਸੀ ਬਾਅਦ ਵਿਚ ਉਸਨੂੰ ਕਦੀ ਕਿਸੇ ਨੇ ਹੰਝੂ ਕੇਰਦੇ ਨਹੀਂ ਵੇਖਿਆ।

ਇਕ ਵਾਰੀ ਸ਼ਰੀਕਾਂ ਦੇ ਕਿਸੇ ਦੇ ਵਿਆਹ 'ਤੇ ਸਾਰਾ ਪਰਿਵਾਰ ਜਲੰਧਰ ਵਿਆਹ ਵੇਖਣ ਲਈ ਗਏ ਸਨ ਤੇ ਘਰ ਦੀ ਰਾਖੀ ਲਈ ਪਿੱਛੇ ਮੱਖਣ ਨੂੰ ਛੱਡ ਗਏ। ਪਿੱਛੇ ਮਾਲ ਡੰਗਰ ਨੂੰ ਵੀ ਸਾਂਭਣਾ ਸੀ। ਮੌਕਾ ਤਾੜ ਕੇ ਚੋਰ ਅੱਧੀ ਰਾਤੀਂ ਨੂੰ ਉਸਦੇ ਘਰ ਆਣ ਪਏ। ਉਹ ਪਿਛਲੇ ਅੰਦਰ ਸੁੱਤਾ ਪਿਆ ਸੀ ਤੇ ਅੰਦਰਲਾ ਦਰਵਾਜ਼ਾ ਅੰਦਰੋਂ ਬੰਦ ਸੀ। ਜਦੋਂ ਦਰਵਾਜ਼ਾ ਖੜਕਿਆ ਤਾਂ ਉਹ ਉੱਠ ਕੇ ਪੁੱਛਣ ਲੱਗਾ ਕਿ ਕੌਣ ਏ ? ਬਾਹਰੋਂ ਆਵਾਜ਼ ਆਈ, 'ਭਾ ਜੀ ! ਆਪਾਂ ਈ ਆਂ ਜ਼ਰਾ ਦਰਵਾਜ਼ਾ ਖੋਲ੍ਹਿਓ।' ਮੱਖਣ ਨੇ ਅੱਭੜਵਾਹੇ ਉੱਠ ਕੇ ਦਰਵਾਜ਼ਾ ਖੋਲ੍ਹਿਆ ਤੇ ਚੋਰਾਂ ਨੇ ਫੱਟ ਉਸਨੂੰ ਆ ਦਬੋਚਿਆ। ਉਸਦੇ ਹੱਥ ਪੈਰ ਤੇ ਮੂੰਹ ਉਨ੍ਹਾਂ ਬੰਨ੍ਹ ਦਿੱਤੇ

ਤੇ ਲੱਗੇ ਘਰ ਦਾ ਸਮਾਨ ਇਕੱਠਾ ਕਰਨ। ਮੱਖਣ ਬੇਵਸੀ ਵਿਚ ਆਪਣਾ ਘਰ ਲੁਟਦਾ ਵੇਖ ਰਿਹਾ ਸੀ। ਉਹ ਜਦੋਂ ਉਸਦੀ ਘਰਵਾਲੀ ਦੇ ਗਹਿਣੇ ਗੱਟੇ ਤੇ ਕੱਪੜੇ ਲੱਤੇ ਕੱਢ ਰਹੇ ਸਨ ਤਾਂ ਉਸਨੇ ਜ਼ੋਰ ਲਾ ਕੇ ਮੂੰਹ ਤੋਂ ਕੱਪੜਾ ਪਰ੍ਹੇ ਹਟਾਇਆ ਤੇ ਬੋਲਿਆ—'ਭਾਈ ਸਾਹਿਬ, ਕਰਨੀ ਤੇ ਤੁਸਾਂ ਆਪਣੀ ਮਰਜ਼ੀ ਏ, ਇਹ ਸਮਾਨ ਮੇਰੀ ਘਰਵਾਲੀ ਦਾ ਏ। ਇਹਨੂੰ ਨਾ ਚੁੱਕੋ, ਇਹਦੇ ਬਦਲੇ ਮੇਰੇ ਕੋਲੋਂ ਨਕਦ ਪੈਸੇ ਲੈ ਲਉ।' ਚੋਰਾਂ ਕਿਹਾ, 'ਲਿਆ ਪੈਸੇ, ਏਦਾਂ ਹੀ ਕਰ ਲੈਨੇ ਆਂ।' ਮੱਖਣ ਨੇ ਦੂਜੇ ਅੰਦਰ ਜਾ ਕੇ ਜੋ ਘਰ ਵਿਚ ਨਕਦੀ ਪਈ ਸੀ ਜੋ ਉਹ ਟਰੈਕਟਰ ਲਿਆਉਣ ਲਈ ਇਕੱਠੀ ਕਰ ਰਹੇ ਸਨ, ਲਿਆ ਕੇ ਚੋਰਾਂ ਅੱਗੇ ਧਰੀ। ਚੋਰ ਨਕਦੀ ਵੀ ਲੈ ਗਏ ਤੇ ਗਹਿਣਾ ਕੱਪੜਾ ਵੀ ਤੇ ਜਾਂਦੀ ਵਾਰ ਉਸਦਾ ਮੂੰਹ ਬੰਨ੍ਹ ਕੇ ਤਿੱਤਰ ਹੋਏ। ਸਵੇਰੇ ਜਦੋਂ ਉਨ੍ਹਾਂ ਦੇ ਕਾਮੇ ਕੰਮ 'ਤੇ ਆਏ ਤਾਂ ਉਨ੍ਹਾਂ ਆ ਕੇ ਉਸਦੇ ਹੱਥ-ਪੈਰ ਖੋਲ੍ਹੇ। ਚੋਰ ਜਾਣ ਲੱਗਿਆਂ ਬਾਹਰੋਂ ਅੰਦਰਲਾ ਦਰਵਾਜ਼ਾ ਬੰਦ ਕਰ ਗਏ ਸਨ।

ਜਦੋਂ ਪਿਆਰੋ ਤੇ ਬਾਕੀ ਪਰਿਵਾਰ ਵਿਆਹ ਵੇਖ ਕੇ ਵਾਪਸ ਆਏ ਤਾਂ ਉਹ ਬਹੁਤ ਦੁਖੀ ਹੋਏ। ਪਿਆਰੋ ਆਪਣਾ ਗਹਿਣਾ ਗੱਟਾ ਤੇ ਕੱਪੜਾ ਲੱਤਾ ਗ਼ਾਇਬ ਵੇਖ ਕੇ ਬਰਦਾਸ਼ਤ ਨਾ ਕਰ ਸਕੀ। ਉਸਨੇ ਇਕ ਦਿਨ ਖਿਝ ਕੇ ਮੱਖਣ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਹ ਆਰਾਮ ਨਾਲ ਕੁੱਟ ਖਾ ਰਿਹਾ ਸੀ। ਪਿਆਰੋ ਅੰਨ੍ਹੇ ਵਾਹ ਉਸਦਾ ਸਿਆਪਾ ਕਰੀ ਜਾ ਰਹੀ ਸੀ ਤੇ ਦੁਹੱਥੜਾਂ ਮਾਰ ਰਹੀ ਸੀ। ਉਸਦੀ ਜੇਠਾਣੀ ਨੇ ਆ ਕੇ ਛਡਾਇਆ ਤੇ ਉਸਨੂੰ ਧੀਰਜ ਕਰਨ ਲਈ ਆਖਿਆ। ਪਿਆਰੋ ਆਖਣ ਲੱਗੀ—'ਇਹ ਰੁੜ ਜਾਣੇ ਨੂੰ ਚੋਰ ਕਿਉਂ ਨਾ ਲੈ ਗਏ ? ਇਹਨੇ ਜੁ ਸਾਰਾ ਪੈਸਾ ਕੱਪੜਾ ਲੱਤਾ ਆਪ ਉਨ੍ਹਾਂ ਦੇ ਹੱਥ ਫੜਾਇਆ, ਇਹ ਹੱਥ ਟੁੱਟ ਗਏ ਸੀ। ਇੱਦਾਂ ਤੇ ਕੱਲ੍ਹ ਨੂੰ ਸਾਨੂੰ ਵੀ ਚੋਰ ਚੁੱਕ ਕੇ ਲੈ ਜਾਣਗੇ ਤਾਂ ਇਹ ਦੁੱਧ ਪੀਣਾ ਮਜਨੂੰ ਵੇਖਦਾ ਈ ਰਹਿ ਜਾਊ। ਐਵੇਂ ਤਾਂ ਨਹੀਂ ਪਿੰਡ ਵਾਲੇ ਇਹਨੂੰ ਮੀਣੀ ਘੁੱਗੀ ਕਹਿੰਦੇ।' ਪਿਆਰੋ ਰੋਈ ਜਾ ਰਹੀ ਸੀ ਤੇ ਜਠਾਣੀ ਉਸਨੂੰ ਚੁੱਪ ਕਰਾ ਰਹੀ ਸੀ। ਮੱਖਣ ਲਾਗੇ ਗੋਡਿਆਂ 'ਚ ਸਿਰ ਦਈ ਇਹ ਸਾਰਾ ਕੌਤਕ ਵੇਖ ਰਿਹਾ ਸੀ।

ਪਿੰਡ ਵਾਲਿਆਂ ਨੂੰ ਬੰਦਿਆਂ ਦੀ ਪਹਿਚਾਣ ਹੁੰਦੀ ਏ। ਜਦੋਂ ਬੜੀ ਦੇਰ ਬਾਅਦ ਪੰਚਾਇਤ ਦੀਆਂ ਚੋਣਾਂ ਆਈਆਂ ਤਾਂ ਪਿਆਰੋ ਨੂੰ ਸ਼ਰੀਕਾਂ ਨੇ ਫੜ ਫੜਾ ਕੇ ਮੈਂਬਰ ਪੰਚਾਇਤ ਬਣਾ ਦਿੱਤਾ। ਉਹ ਕਦੀ-ਕਦੀ ਪੰਚਾਇਤ ਦੀਆਂ ਬੈਠਕਾਂ ਵਿਚ ਜਾਂਦੀ ਤੇ ਜਦੋਂ ਵੀ ਜਾਂਦੀ ਉਸ ਦੀਆਂ ਸਲਾਹਾਂ ਤੇ ਦਲੀਲਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ। ਉਸਦੀ ਹਾਜ਼ਰੀ ਵਿਚ ਬਾਕੀ ਮੈਂਬਰ ਕੋਈ ਕੱਚੀ ਜਾਂ ਘਟੀਆ ਗੱਲ ਜਾਂ ਮਜ਼ਾਕ ਕਰਨ ਦੀ ਜੁਰੱਅਤ ਨਹੀਂ ਸਨ ਰੱਖਦੇ। ਇਸ ਲਈ ਉਸਨੂੰ ਕਦੀ-ਕਦੀ ਹੀ ਬੁਲਾਇਆ ਜਾਂਦਾ। ਜੇ ਕਿਧਰੇ ਬਲਾਕ 'ਤੇ ਜਾਣਾ ਹੁੰਦਾ ਤਾਂ ਮੱਖਣ ਉਸਨੂੰ ਆਪ ਮੋਟਰ ਸਾਇਕਲ 'ਤੇ ਲੈ ਕੇ ਜਾਂਦਾ। ਉਹਦਾ ਕਰਕੇ ਬਲਾਕ ਵਿਚ ਵੀ ਪੰਚਾਇਤ ਨੂੰ ਘੱਟ ਹੀ ਵਗਾਰਾਂ ਪੈਂਦੀਆਂ ਕਿਉਂਕਿ ਪਿਆਰੋ ਰਿਸ਼ਵਤ ਖੋਰੀ ਦੇ ਡਾਢੀ ਬਰਖਿਲਾਫ਼ ਸੀ।

ਕਹਿੰਦੇ ਨੇ ਜਦੋਂ ਕੁੱਤੇ ਦੀ ਮੌਤ ਆਵੇ ਉਹ ਮਸੀਤੇ ਚੜ੍ਹ ਕੇ ਮੂਤਣ ਲੱਗ ਪੈਂਦਾ ਏ।

ਇਕ ਵਾਰੀ ਪੋਹ ਦੀ ਕੱਕਰੀ ਰਾਤ ਨੂੰ ਚੋਰਾਂ ਨੇ ਫਿਰ ਮੱਖਣ ਦੇ ਘਰ ਸੰਨ ਲਾਈ। ਹਾਲਾਂ ਇਕ ਚੋਰ ਹੀ ਸੰਨ ਥਾਣੀਂ ਲੰਘਿਆ ਸੀ। ਖੜਾਕ ਨਾਲ ਉਸੇ ਅੰਦਰ ਸੁੱਤੀ ਪਿਆਰੋ ਉੱਠ ਪਈ। ਚੋਰ ਦਾ ਪਿੱਛਾ ਹੋਣ ਕਕੇ ਉਸਨੇ ਉਸਨੂੰ ਪਿੱਛੋਂ ਫੜ ਲਿਆ। ਚੋਰ ਕਸੂਤਾ ਕਾਬੂ ਆਇਆ। ਰੌਲਾ ਪੈਣ ਨਾਲ ਚੋਰ ਦੇ ਦੋ ਸਾਥੀ ਜੋ ਬਾਹਰ ਖੜ੍ਹੇ ਸਨ, ਭੱਜ ਉੱਠੇ। ਮੱਖਣ ਵੀ ਰੌਲਾ ਸੁਣ ਕੇ ਉੱਠਿਆ ਤਾਂ ਵੇਖਿਆ ਕਿ ਚੋਰ ਨੂੰ ਪਿਆਰੋ ਨੇ ਜਕੜਿਆ ਹੋਇਆ ਸੀ। ਮੱਖਣ ਨੇ ਵੀ ਉਸਨੂੰ ਫੜ ਲਿਆ। ਏਨੇ ਨੂੰ ਉਹਦਾ ਭਰਾ ਪ੍ਰੀਤੂ ਲੰਡਾ ਤੇ ਹੋਰ ਲੋਕ ਆ ਗਏ। ਉਨ੍ਹਾਂ ਚੋਰ ਦੇ ਹੱਥ-ਪੈਰ ਬੰਨ੍ਹ ਕੇ ਉਸਨੂੰ ਹਵੇਲੀ ਵਿਚ ਕਿੱਕਰ ਨਾਲ ਬੰਨ੍ਹ ਲਿਆ। ਲੋਕੀ ਸਲਾਹਾਂ ਦੇ ਰਹੇ ਸਨ ਕਿ ਇਹਨੂੰ ਪੁਲਿਸ ਹਵਾਲੇ ਕੀਤਾ ਜਾਵੇ ਪਰ ਪਿਆਰੋ ਇਸ ਦਲੀਲ ਨਾਲ ਸਹਿਮਤ ਨਹੀਂ ਸੀ। ਦਿਨ ਚੜ੍ਹੇ ਮੱਖਣ ਨੇ ਵੇਖਿਆ ਤੇ ਸਿਆਣਿਆ ਕਿ ਇਸੇ ਹੀ ਚੋਰ ਨੇ ਪਹਿਲੀ ਚੋਰੀ ਕੀਤੀ ਸੀ ਤੇ ਪਿਆਰੋ ਦੇ ਗਹਿਣੇ ਚੁੱਕੇ ਸਨ। ਉਹ ਉਸਨੂੰ ਚਪੇੜਾਂ ਮਾਰਨ ਲੱਗਾ ਤੇ ਗਾਲ੍ਹਾਂ ਕੱਢਣ ਲੱਗਾ। ਏਨੇ ਨੂੰ ਪਿਆਰੋ ਰਸੋਈ ਵਿਚੋਂ ਲੂਣ ਘੋਟਣਾ ਲਿਆਈ ਤੇ ਉਸਨੇ ਆਉਂਦਿਆਂ ਹੀ ਚੋਰ ਦੀਆਂ ਲੱਤਾਂ 'ਤੇ ਮਾਰਨਾ ਸ਼ੁਰੂ ਕਰ ਦਿੱਤਾ। ਚੋਰ ਚੀਕਾਂ ਮਾਰ ਰਿਹਾ ਸੀ ਤੇ ਮਾਫ਼ੀ ਲਈ ਤਰਲਾ ਮਾਰ ਰਿਹਾ ਸੀ। ਮੱਖਣ ਕਹਿਣ ਲੱਗਾ—'ਇਸ ਕੰਜਰ ਨਾਲ ਬੜੀ ਹੋ ਗਈ ਆ, ਹੁਣ ਇਹਨੂੰ ਛੱਡ ਦਿੰਨੇ ਆਂ।' ਪਿਆਰੋ ਨੇ ਮੱਖਣ ਨੂੰ ਧੱਕਾ ਮਾਰ ਕੇ ਪਿੱਛੇ ਧੱਕਿਆ ਦੇ ਫਿਰ ਚੋਰ ਨੂੰ ਘੋਟਣਾ ਫੇਰਨ ਲੱਗੀ। ਉਸਨੇ ਗ਼ੁੱਸੇ ਵਿਚ ਆ ਕੇ ਉਸ ਦੀਆਂ ਦੋਵੇਂ ਲੱਤਾਂ ਤੋੜ ਦਿੱਤੀਆਂ ਤੇ ਚੋਰ ਬੇਹੋਸ਼ ਹੋ ਗਿਆ। ਮੱਖਣ ਅੱਗੇ ਆ ਕੇ ਪਿਆਰੋ ਨੂੰ ਕਹਿਣ ਲੱਗਾ—'ਤੈਨੂੰ ਕਿਹਾ ਸੀ ਨਾ ਏਹਨੂੰ ਜਾਣ ਦੇਈਏ। ਹੁਣ ਇਹਦਾ ਕਤਲ ਸਾਡੇ 'ਤੇ ਪੈ ਜਾਣਾ। ਪੁਲਿਸ ਆਊ ਤੇ ਉਲਟਾ ਸਾਨੂੰ ਫੜ ਕੇ ਲੈ ਜਾਊ।' ਪਿਆਰੋ ਨੂੰ ਮੱਖਣ ਦੀਆਂ ਇਹ ਗੱਲਾਂ ਚੰਗੀਆਂ ਨਾ ਲੱਗੀਆਂ। ਉਸਨੇ ਉਸਨੂੰ ਫਿਰ ਪਿੱਛੇ ਧੱਕਿਆ ਤੇ ਚੋਰ ਨੂੰ ਜਾ ਚਪੇੜ ਮਾਰੀ ਤੇ ਕਹਿਣ ਲੱਗੀ—'ਖੋਲ੍ਹ ਅੱਖਾਂ, ਹਾਲੇ ਤਾਂ ਤੇਰੀਆਂ ਮੈਂ ਬਾਹਵਾਂ ਤੋੜਨੀਆਂ।' ਇਹ ਸੁਣ ਕੇ ਚੋਰ ਉੱਚੀ-ਉੱਚੀ ਫਿਰ ਰੋਣ ਲੱਗਾ ਤੇ ਰਹਿਮ ਦੇ ਵਾਸਤੇ ਪਾਉਣ ਲੱਗਾ। ਉਸਨੇ ਕਿਹਾ—'ਮੈਂ ਤੁਹਾਡੇ ਪਿਛਲੇ ਪੈਸੇ ਤੇ ਘਾਟਾ ਪੂਰਾ ਕਰ ਦਿਆਂਗਾ, ਮੈਨੂੰ ਬਖਸ਼ ਦਿਉ, ਮੈਨੂੰ ਪੁਲਿਸ ਦੇ ਹਵਾਲੇ ਨਾ ਕਰਿਓ। ਉਹ ਤਾਂ ਮੈਨੂੰ ਮਾਰ ਛੱਡਣਗੇ।' ਪਿੰਡ ਦੇ ਲੋਕਾਂ ਅਤੇ ਖ਼ਾਸ ਕਰਕੇ ਸਰਪੰਚ ਨੇ ਪਿਆਰੋ ਨੂੰ ਮਾਰਨ ਤੋਂ ਵਰਜਿਆ ਤੇ ਉਸਨੂੰ ਖਿੱਚ ਕੇ ਪਿੱਛੇ ਲੈ ਗਏ। ਚੋਰ ਨੂੰ ਪੁਲਿਸ ਹਵਾਲੇ ਕੀਤਾ ਗਿਆ ਤੇ ਸਾਰੀਆਂ ਲੋੜੀਂਦੀਆਂ ਕਾਰਵਾਈਆਂ ਹੋਈਆਂ।

ਪਿਆਰੋ ਵੱਲੋਂ ਚੋਰ ਨੂੰ ਫੜ ਕੇ ਕੁੱਟਣ ਦੀ ਸਾਰੇ ਇਲਾਕੇ ਵਿਚ ਬੜੀ ਚਰਚਾ ਹੋਈ। ਸਾਰੇ ਉਸ ਨੂੰ ਵਧਾਈਆਂ ਦੇਣ ਲੱਗੇ ਅਤੇ ਉਸ੍ਹਦੀ ਦਲੇਰੀ ਦੀ ਦਾਦ ਦੇਣ ਲੱਗੇ। ਬਲਾਕ ਵਾਲਿਆਂ ਉਸਦਾ ਨਾਂ ਬਹਾਦਰੀ ਦੇ ਸਨਮਾਨ ਵਾਸਤੇ ਡੀ.ਸੀ. ਕੋਲ ਭੇਜਿਆ। ਇਕ ਦਿਨ ਜ਼ਿਲ੍ਹੇ ਦਾ ਪੁਲਿਸ ਕਪਤਾਨ ਆਪ ਪਿੰਡ ਆਇਆ ਤੇ ਪੰਚਾਇਤ ਇਕੱਠੀ ਕਰਕੇ ਉਸਨੂੰ ਬਕਾਇਦਾ ਸਨਮਾਨਿਆ ਗਿਆ। ਪੁਲਿਸ ਕਪਤਾਨ ਨੇ ਆਖਿਆ—'ਪਿਆਰ ਕੌਰ

ਵਰਗੀਆਂ ਔਰਤਾਂ ਸਾਡੇ ਸਮਾਜ ਦਾ ਗਹਿਣਾ ਨੇ। ਜੇਕਰ ਐਸੀਆਂ ਬੀਬੀਆਂ ਸਾਰੇ ਪਿੰਡਾਂ ਵਿਚ ਹੋਣ ਤਾਂ ਤੁਹਾਡੇ ਇਲਾਕੇ ਵਿਚੋਂ ਚੋਰੀ ਚਕਾਰੀ ਖ਼ਤਮ ਹੋ ਸਕਦੀ ਏ। ਉਸਨੂੰ ਇਕ ਸ਼ਾਲ ਤੇ ਪੰਜਾਹ ਹਜ਼ਾਰ ਰੁਪੈ ਨਕਦ ਇਨਾਮ ਦਿੱਤੇ ਗਏ। ਅਖ਼ਬਾਰ ਤੇ ਟੀ.ਵੀ. 'ਤੇ ਉਹਦੀ ਵਾਧੂ ਚਰਚਾ ਹੋਈ।

ਜਦੋਂ ਇਸ ਸਮਾਗਮ ਦੇ ਖ਼ਤਮ ਹੋਣ ਤੋਂ ਬਾਅਦ ਲੋਕ ਘਰਾਂ ਨੂੰ ਪਰਤ ਰਹੇ ਸਨ ਤਾਂ ਇਕ ਜਣਾ ਆਖ ਰਿਹਾ ਸੀ—'ਮਰ ਜਾਉ ਉਏ ਕੋਈ ਖਾ ਕੇ, ਕਾਹਦੇ ਮਰਦ ਬਣੇ ਫਿਰਦੇ ਓ। ਸਾਰਾ ਮੇਲਾ ਤਾਂ ਪਿਆਰੋ ਲੁੱਟ ਕੇ ਲੈ ਗਈ ਏ। ਪਾ ਲਓ ਸਾਰੇ ਚੂੜੀਆਂ। ਵਿਚਾਰਾ ਮੱਖਣ ਈ ਮੀਣੀ ਘੁੱਗੀ ਨਹੀਂ, ਪਿੰਡ ਦੇ ਸਾਰੇ ਬੰਦੇ ਈ ਮੀਣੀਆਂ ਘੁੱਗੀਆਂ ਨੇ।'

ਸ਼ੱਬੋ

'ਜ਼ਾਟੇ ਟਾਣ ਦੇ ਮੁੰਡੇ ਨਾਲ ਲਾਉਣੀ ਕੁੱਲੀ ਦਾ ਭਾਂਵੇਂ ਕੱਖ ਨਾ ਰਹੇ'

ਸੁਣਿਆ ਹੈ ਕਿ ਬੰਤੇ ਛੁਰੀਮਾਰ ਦੇ ਘਰ ਹੇਠ ਉਪਰ ਪੰਜ ਕੁੜੀਆਂ ਹੋਈਆਂ। ਪੰਜਵੀਂ ਜਦੋਂ ਸ਼ੱਬੋ ਹੋਈ ਤਾਂ ਉਸਦੇ ਬਾਪ ਨੇ ਉਸਨੂੰ ਜਿਊਂਦੀ ਨੂੰ ਗਲ ਘੁੱਟ ਮਾਰਨ ਦਾ ਇਰਾਦਾ ਬਣਾਇਆ। ਜਦੋਂ ਬੰਤਾ ਉਸਦਾ ਗਲ ਘੁੱਟਣ ਲੱਗਾ ਤਾਂ ਉਸਦੀ ਸਭ ਤੋਂ ਵੱਡੀ ਕੁੜੀ ਨੇ ਆਪਣੀ ਛੋਟੀ ਭੈਣ ਨੂੰ ਕਿਤੇ ਲੁਕਾ ਦਿੱਤਾ ਅਤੇ ਆਪ ਉਸਦੇ ਪੈਰੀਂ ਪੈ ਗਈ ਕਿ ਉਸਦੀ ਛੋਟੀ ਭੈਣ ਦੀ ਜਾਨ ਬਖ਼ਸ਼ੀ ਕਰ ਦਿੱਤੀ ਜਾਵੇ। ਕਹਿੰਦੇ ਨੇ ਬੰਤੇ ਨੂੰ ਤਰਸ ਆ ਗਿਆ ਤੇ ਉਹ ਬਚ ਗਈ। ਦੋ ਵਰ੍ਹੇ ਬਾਅਦ ਬੰਤੇ ਦੇ ਘਰ ਜਦੋਂ ਲੜਕਾ ਹੋਇਆ ਤਾਂ ਸਾਰੇ ਆਖਣ ਲੱਗੇ ਕਿ ਸ਼ੱਬੋ ਕਰਮਾਂ ਵਾਲੀ ਏ ਜਿਹੜੀ ਆਪਣੇ ਵੀਰ ਨੂੰ ਨਾਲ ਲੈ ਕੇ ਆਈ ਏ। ਸ਼ੱਬੋ ਦਾ ਨਾਮ ਵੀ ਸਰਬਜੀਤ, ਆਪਣੇ ਵੀਰ ਦੇ ਪੈਦਾ ਹੋਣ ਤੋਂ ਬਾਅਦ ਹੀ ਰੱਖਿਆ ਗਿਆ। ਉਸਦੀ ਘਰ ਵਿਚ ਇੱਜ਼ਤ ਵਧ ਗਈ।

ਘਰ ਵਿਚ ਅੱਤ ਦੀ ਗ਼ਰੀਬੀ ਸੀ। ਕੇਵਲ ਸ਼ੱਬੋ ਤੇ ਉਸਦਾ ਭਰਾ ਧੰਨਾ ਹੀ ਸਕੂਲ ਪਹੁੰਚ ਸਕੇ। ਜਦੋਂ ਉਹ ਅਠਵੀਂ ਵਿਚ ਪੜ੍ਹਦੀ ਸੀ ਤਾਂ ਉਸਦੇ ਬਾਪ ਦੀ ਮੌਤ ਹੋ ਗਈ ਤੇ ਉਸਨੂੰ ਵੀ ਹਟਣਾ ਪਿਆ। ਭਾਵੇਂ ਉਹ ਪੜ੍ਹਾਈ ਵਿਚ ਤੇਜ਼ ਤੇ ਲਾਇਕ ਸੀ ਪਰ ਘਰ ਦੀ ਹਾਲਤ ਕਾਰਨ ਉਸਨੂੰ ਪੜ੍ਹਨਾ ਨਸੀਬ ਨਾ ਹੋਇਆ। ਉਸਦੀ ਮਾਂ ਨੇ ਉਸਨੂੰ ਕੰਮ ਕਰਨ ਲਈ ਸ਼ਾਹਾਂ ਦੇ ਘਰ ਨੌਕਰ ਰਖਾ ਦਿੱਤਾ। ਸ਼ੱਬੋ ਸ਼ਾਹਣੀ ਦੇ ਬੱਚਿਆਂ ਨੂੰ ਖਿਡਾਉਂਦੀ ਤੇ ਸਕੂਲ ਲਈ ਤਿਆਰ ਕਰਦੀ ਤੇ ਬਾਕੀ ਘਰ ਦੇ ਛੋਟੇ-ਮੋਟੇ ਕੰਮ ਕਰਦੀ। ਉਹ ਕੰਮ ਵਿਚ ਏਨੀ ਤੇਜ਼ ਤੇ ਸੁਥਰੀ ਸੀ ਕਿ ਹੌਲੀ-ਹੌਲੀ ਸ਼ਾਹਣੀ ਵੀ ਉਹਨੂੰ ਆਪਣੀਆਂ ਧੀਆਂ ਵਾਂਗ ਪਿਆਰ ਕਰਨ ਲੱਗੀ। ਆਪਣੀ ਲਿਆਕਤ ਨਾਲ ਹੌਲੀ-ਹੌਲੀ ਸ਼ਾਹ ਦੇ ਘਰ ਦਾ ਕੰਮ ਸਾਰਾ ਉਸਨੇ ਆਪਣੇ ਹੱਥਾਂ ਵਿਚ ਲੈ ਲਿਆ। ਸ਼ਾਹ ਤੇ ਸ਼ਾਹਣੀ ਉਸ ਨਾਲ ਬਹੁਤ ਖ਼ੁਸ਼ ਤੇ ਸੰਤੁਸ਼ਟ ਸਨ।

ਸ਼ਾਹ ਦਾ ਇਕੋ ਇਕ ਲੜਕਾ ਸੀ ਤੇ ਛੋਟੀਆਂ ਤਿੰਨ ਲੜਕੀਆਂ। ਉਸਨੂੰ ਸਕੂਲ ਭੇਜਿਆ ਗਿਆ ਪਰ ਉਸਦਾ ਪੜ੍ਹਾਈ ਵਿਚ ਚਿੱਤ ਨਹੀਂ ਸੀ ਲੱਗਦਾ। ਉਹ ਦਸਵੀਂ ਤਕ ਕਈ ਵਾਰ ਫੇਲ੍ਹ ਹੋਇਆ। ਇਸ ਲਈ ਦਸਵੀਂ ਪਾਸ ਕਰਨ ਤੋਂ ਬਾਅਦ ਉਸਨੇ ਪੜ੍ਹਾਈ ਤੋਂ ਬਗ਼ਾਵਤ ਕਰ ਦਿੱਤੀ। ਸ਼ਾਹ ਨੇ ਉਸਨੂੰ ਘਰ ਦੀ ਦੁਕਾਨ ਤੇ ਬਿਠਾਉਣਾ ਸ਼ੁਰੂ ਕਰ ਦਿੱਤਾ। ਸ਼ਾਹ ਬਹੁਤਾ ਜਿਣਸਾਂ ਦੇ ਵਪਾਰ ਦੇ ਸੰਬੰਧ ਵਿਚ ਬਾਹਰ ਅੰਦਰ ਗਿਆ ਰਹਿੰਦਾ ਸੀ। ਇਕ ਦਿਨ ਜਦੋਂ

ਸਾਹ ਤੇ ਸ਼ਾਹਣੀ ਸ਼ਹਿਰ ਗਏ ਹੋਏ ਤਾਂ ਉਸਨੇ ਸ਼ੱਬੋ ਨੂੰ ਘਰ ਵਿਚ ਇਕੱਲੀ ਵੇਖ ਕੇ ਫੜ ਲਿਆ। ਸ਼ੱਬੋ ਨੇ ਰੌਲਾ ਰੱਪਾ ਪਾਉਣ ਦੀ ਕੋਸ਼ਿਸ਼ ਕੀਤੀ ਪਰ ਸ਼ਾਹ ਦੇ ਮੁੰਡੇ ਮਦਨ ਨੇ ਉਸਨੂੰ ਪੈਸੇ ਦੇ ਕੇ ਚੁੱਪ ਕਰਾ ਦਿੱਤਾ ਤੇ ਕਿਹਾ ਕਿ ਜਦੋਂ ਵੀ ਉਸਨੂੰ ਪੈਸੇ ਦੀ ਜ਼ਰੂਰਤ ਹੋਵੇ ਉਹ ਉਸ ਕੋਲੋਂ ਲੈ ਲਿਆ ਕਰੇ। ਸ਼ੱਬੋ ਦੇ ਘਰ ਗ਼ਰੀਬੀ ਤੇ ਤੰਗੀ ਸੀ। ਉਹ ਮਦਨ ਕੋਲੋਂ ਪੈਸੇ ਲੈ ਕੇ ਆਪਣੇ ਘਰ ਦੀਆਂ ਲੋੜਾਂ ਪੂਰੀਆਂ ਕਰਦੀ ਰਹਿੰਦੀ। ਕਾਫ਼ੀ ਅਰਸਾ ਇਹ ਸਿਲਸਿਲਾ ਲੁਕ ਛਿਪ ਕੇ ਚੱਲਦਾ ਰਿਹਾ।

ਇਕ ਦਿਨ ਸ਼ਾਹਣੀ ਨੇ ਵੇਖਿਆ ਕਿ ਸ਼ੱਬੋ ਦਾ ਪੇਟ ਵਧ ਰਿਹਾ ਏ। ਪਹਿਲਾਂ ਉਸਨੂੰ ਸ਼ੱਕ ਸੀ ਕਿ ਗਰੀਬ ਘਰ ਦੀ ਲੜਕੀ ਏ ਤੇ ਹੁਣ ਉਸਨੂੰ ਚੰਗਾ ਚੋਖਾ ਖਾਣ ਨੂੰ ਸਾਹਵਾਂ ਮਿਲਦਾ ਏ, ਏਸ ਕਰਕੇ ਉਹ ਤੰਦਰੁਸਤ ਹੋ ਗਈ ਏ। ਪਰ ਅੱਜ ਉਸਨੂੰ ਸ਼ੱਬੋ ਦੀ ਤੰਦਰੁਸਤੀ ਵਿਚ ਗੜਬੜ ਭਾਸੀ। ਉਸਨੇ ਉਸਨੂੰ ਦਬਕਾ ਕੇ ਪੁੱਛਿਆ—'ਤੂੰ ਕਿਸੇ ਨਾਲ ਖੇਹ ਤਾਂ ਨਹੀਂ ਖਾਧੀ ? ਸੱਚ ਦੱਸ, ਉਹ ਕੌਣ ਏ ਕੰਜਰ ?' ਸ਼ੱਬੋ ਚੁੱਪ ਧਾਰ ਗਈ। ਸ਼ਾਹਣੀ ਨੇ ਉਸਨੂੰ ਗਲੋਂ ਫੜ ਕੇ ਦੋ-ਚਾਰ ਚਪੇੜਾਂ ਜੜੀਆਂ ਤੇ ਓਨਾ ਚਿਰ ਮਾਰਦੀ ਹੀ ਰਹੀ ਜਿੰਨੀ ਦੇਰ ਬਕੀ ਨਹੀਂ। ਹੋਰ ਮਾਰ ਤੋਂ ਬਚਣ ਲਈ ਉਹ ਬੋਲੀ—'ਮਦਨ ਮੇਰੇ ਨਾਲ ਪਿਆਰ ਕਰਦਾ ਏ।' ਸ਼ਾਹਣੀ ਦੇ ਪੈਰੋਂ ਜ਼ਮੀਨ ਖਿਸਕ ਗਈ। ਉਸਨੂੰ ਚਿਤ ਚੇਤਾ ਵੀ ਨਹੀਂ ਸੀ ਕਿ ਉਹਦਾ ਮੁੰਡਾ ਹਰੀਜਨਾਂ ਦੀ ਲੜਕੀ ਨਾਲ ਇਹ ਕਾਰਾ ਕਰੇਗਾ। ਉਹ ਸ਼ਰਮ ਨਾਲ ਮਰਦੀ ਜਾ ਰਹੀ ਸੀ। ਉਸਨੇ ਇਹ ਗੱਲ ਸ਼ਾਹ ਤੇ ਸ਼ੱਬੋ ਦੀ ਮਾਂ ਤੋਂ ਵੀ ਛੁਪਾਉਣੀ ਚਾਹੀ। ਉਸਨੇ ਪਿੰਡ ਦੀ ਇਕ ਨਰਸ ਜੋ ਦਾਈਪੁਣੇ ਦਾ ਕੰਮ ਕਰਦੀ ਸੀ, ਉਸਨੂੰ ਘਰ ਬੁਲਾ ਕੇ ਸ਼ੱਬੋ ਦੀ ਸਫ਼ਾਈ ਕਰਵਾ ਦਿੱਤੀ ਅਤੇ ਮਹੀਨੇ ਕੁ ਬਾਅਦ ਉਸਦੀ ਮਾਂ ਨੂੰ ਬੁਲਾ ਕੇ ਕਹਿਣ ਲੱਗੀ—'ਕਰਤਾਰੀਏ ਕੁੜੀ ਹੁਣ ਵਿਆਹੁਣ ਜੋਗੀ ਹੋ ਗਈ ਏ ਤੇ ਸਾਡੇ ਘਰ ਦਾ ਵੀ ਕੋਈ ਖ਼ਾਸ ਕੰਮ ਨਹੀਂ, ਇਸ ਲਈ ਹੁਣ ਸ਼ੱਬੋ ਨੂੰ ਨਾ ਭੇਜਿਆ ਕਰ। ਕਰਤਾਰੋ ਨੂੰ ਉਸਨੇ ਆਪਣੀਆਂ ਕੁੜੀਆਂ ਦੀ ਸੇਵਾ ਸੰਭਾਲ ਕਰਨ ਕਰਕੇ ਦੋ ਹਜ਼ਾਰ ਰੁਪੈ ਦਿੱਤੇ ਤਾਂ ਕਿ ਉਹ ਬਾਕੀ ਧੀਆਂ ਵਾਂਗ ਸ਼ੱਬੋ ਦੇ ਹੱਥ ਪੀਲੇ ਕਰ ਸਕੇ। ਕਰਤਾਰੋ ਪੈਸੇ ਜੇਬ ਵਿਚ ਪਾ ਕੇ ਸ਼ਾਹਣੀ ਦਾ ਧੰਨਵਾਦ ਕਰਦੀ ਹੋਈ ਘਰ ਨੂੰ ਮੁੜ ਪਈ।

ਸ਼ੱਬੋ ਹੁਣ ਆਪਣੇ ਘਰ ਰਹਿਣ ਲੱਗੀ। ਉਸਨੇ ਸ਼ਾਹ ਦੇ ਘਰੋਂ ਬੜਾ ਕੁਝ ਸਿੱਖਿਆ ਸੀ। ਉਹ ਬਹੁਤ ਹੁਸ਼ਿਆਰ ਹੋ ਗਈ ਸੀ ਤੇ ਦੁਨੀਆ ਦੇ ਵਲ ਪੇਚ ਸਮਝਣ ਲੱਗ ਪਈ ਸੀ। ਖ਼ਾਸ ਕਰਕੇ ਸ਼ਾਹਣੀ ਦੀ ਚੁਸਤੀ ਨੇ ਉਸਨੂੰ ਬਹੁਤ ਚੁਕੰਨਾ ਤੇ ਮੌਕਾਪ੍ਰਸਤ ਬਣਾ ਦਿੱਤਾ ਸੀ।ਉਸਦਾ ਘਰ ਵਿਚ ਦਿਲ ਨਹੀਂ ਸੀ ਲੱਗਦਾ। ਘਰ ਵਿਚ ਹੁਣ ਉਹ ਤੇ ਉਸਦਾ ਛੋਟਾ ਭਰਾ ਧੰਨਾ ਹੀ ਸੀ। ਬਾਕੀ ਸਭ ਆਪਣੇ-ਆਪਣੇ ਘਰ ਵੱਸਣ ਲੱਗ ਪਈਆਂ ਸਨ। ਸ਼ੱਬੋ ਨੇ ਉਨ੍ਹਾਂ ਦੇ ਵਿਆਹ ਵੇਲੇ ਘਰ ਵਿਚ ਤੰਗੀ ਤੁਰਸ਼ੀ ਵੇਲੇ ਸਾਰੇ ਟੱਬਰ ਦਾ ਸਾਥ ਦਿੱਤਾ ਸੀ। ਉਸਦੀ ਮਾਂ ਕੋਲੋਂ ਹੁਣ ਕੰਮ ਕੇਵਲ ਘਰ ਦਾ ਹੀ ਹੁੰਦਾ ਸੀ ਤੇ ਭਰਾ ਉਸਦਾ ਵਿਹਲੜ ਸੀ। ਉਸਨੇ ਕਈ ਕੰਮ ਸ਼ੁਰੂ ਕੀਤੇ ਪਰ ਸਭਨਾਂ ਵਿਚ ਉਹ ਫੇਲ੍ਹ ਹੋਇਆ। ਤੰਗੀ ਨੇ ਇਕ ਵਾਰ ਫਿਰ ਉਨ੍ਹਾਂ

ਨੂੰ ਘੇਰ ਲਿਆ ਸੀ। ਇਸ ਵੇਲੇ ਉਹ ਮਦਨ ਕੋਲ ਨਹੀਂ ਸੀ ਜਾਣਾ ਚਾਹੁੰਦੀ ਕਿਉਂਕਿ ਉਹਦਾ ਕਰਕੇ ਉਸਨੂੰ ਕਈ ਦੁੱਖ ਉਠਾਉਣੇ ਪਏ ਸਨ ਤੇ ਦੁਖ ਵੇਲੇ ਉਸਨੇ ਸ਼ੱਬੋ ਦਾ ਬਿਲਕੁਲ ਸਾਥ ਨਹੀਂ ਸੀ ਦਿੱਤਾ। ਉਸਨੇ ਆਪਣੀ ਮਾਂ ਨੂੰ ਕਹਿ ਛੱਡਿਆ ਸੀ ਕਿ ਉਹ ਛੋਟੇ ਵੀਰ ਨੂੰ ਕੰਮ ਧੰਦੇ ਲਗਵਾ ਕੇ, ਭਰਜਾਈ ਘਰ ਲਿਆ ਕੇ ਫਿਰ ਹੀ ਆਪਣੇ ਬਾਰੇ ਸੋਚੇਗੀ। ਕਰਤਾਰੋ ਕੋਲ ਇਸ ਬਿਨਾਂ ਕੋਈ ਹੋਰ ਚਾਰਾ ਵੀ ਨਹੀਂ ਸੀ। ਉਹ ਆਪਣੀ ਧੀ ਨੂੰ ਬਹੁਤ ਹੋਣਹਾਰ ਸਮਝਦੀ ਸੀ ਤੇ ਉਹ ਹੈ ਵੀ ਸੀ।

ਕੁਝ ਮਹੀਨੇ ਘਰ ਰਹਿ ਕੇ ਜ਼ੈਲਦਾਰਾਂ ਦੇ ਘਰ ਕੰਮ ਕਰਨ ਜਾਣ ਲੱਗੀ। ਉਸਨੂੰ ਪੰਦਰਾਂ ਸੌ ਰੁਪੈ ਮਹੀਨਾ ਮਿਲਦਾ ਸੀ। ਉਸਦਾ ਕੰਮ ਘਰ ਦਾ ਰੋਟੀ ਪਾਣੀ ਕਰਨਾ ਤੇ ਆਏ-ਗਏ ਲਈ ਚਾਹ ਪਾਣੀ ਬਣਾਉਣਾ ਸੀ। ਇਹ ਕੰਮ ਉਹ ਪਹਿਲਾਂ ਹੀ ਜਾਣਦੀ ਸੀ। ਜ਼ੈਲਦਾਰ ਦੇ ਦੋ ਲੜਕੇ ਸਨ ਤੇ ਵਿਆਹੇ ਵਰੇ ਸਨ। ਜ਼ਿਮੀਦਾਰਾ ਬੜਾ ਭਾਰਾ ਸੀ ਤੇ ਘਰ ਵਿਚ ਆਵਾਜਾਈ ਆਮ ਹੀ ਰਹਿੰਦੀ ਸੀ। ਸ਼ੱਬੋ ਘਰ ਦਾ ਨਿਰਧਾਰਤ ਕੰਮ ਬੜੀ ਰੀਝ ਤੇ ਦਿਲ ਲਾ ਕੇ ਕਰਨ ਲੱਗੀ। ਜ਼ੈਲਦਾਰ ਦੇ ਛੋਟੇ ਲੜਕੇ ਲਾਲੀ ਦੀ ਆਪਣੀ ਘਰਵਾਲੀ ਨਾਲ ਅਣਬਣ ਰਹਿਣ ਲੱਗੀ। ਉਹ ਆਪਸ ਵਿਚ ਉੱਚੀ-ਉੱਚੀ ਬੋਲਦੇ ਤੇ ਕਈ ਵਾਰ ਲਾਲੀ ਗਾਲ੍ਹਾਂ ਵੀ ਕੱਢਣ ਲੱਗਾ ਪੈਂਦਾ। ਇਹ ਲੜਾਈ ਭਾਵੇਂ ਬੰਦ ਕਮਰੇ ਵਿਚ ਹੁੰਦੀ ਸੀ ਪਰ ਸ਼ੱਬੋ ਨੂੰ ਵੀ ਇਸਦੀ ਭਿਣਕ ਪੈ ਗਈ। ਉਹ ਇਸ ਲੜਾਈ ਵਿਚ ਰਸ ਲੈਣ ਲੱਗੀ। ਜਦੋਂ ਲਾਲੀ ਦੀ ਘਰਵਾਲੀ ਰੁੱਸ ਕੇ ਪੇਕੇ ਚਲੀ ਜਾਂਦੀ ਤਾਂ ਲਾਲੀ ਦੇ ਕੱਪੜੇ ਲੱਤੇ ਉਹ ਧੋਣ ਲੱਗੀ ਤੇ ਉਸਦੇ ਕਮਰੇ ਦੀ ਸਫ਼ਾਈ ਦਾ ਖ਼ਿਆਲ ਰੱਖਣ ਲੱਗੀ। ਮਦਨ ਨਾਲ ਯਾਰੀ ਵੇਲੇ ਉਸਨੂੰ ਆਦਮੀ ਦੀਆਂ ਕਮਜ਼ੋਰੀਆਂ ਦਾ ਪਤਾ ਲੱਗ ਚੁੱਕਾ ਸੀ। ਭਾਵੇਂ ਉਹ ਨੀਵੀਂ ਜਾਤ ਨਾਲ ਸੰਬੰਧ ਰੱਖਦੀ ਸੀ ਪਰ ਉਸਦਾ ਰੰਗ ਗੋਰਾ ਤੇ ਨੈਣ-ਨਕਸ਼ ਤਿੱਖੇ ਸਨ। ਉਸਦੀਆਂ ਅੱਖਾਂ ਵਿਚ ਬੜੀ ਕਸ਼ਿਸ਼ ਸੀ। ਉਹ ਮੁੜ-ਮੁੜ ਲਾਲੀ ਵੱਲ ਵੇਖਦੀ ਰਹਿੰਦੀ ਤੇ ਲਾਲੀ ਵੀ ਉਸ ਨੂੰ ਵੇਖ ਕੇ ਖ਼ੁਸ਼ ਹੁੰਦਾ। ਇਕ ਦਿਨ ਲਾਲੀ ਨੇ ਉਸਨੂੰ ਆਪਣੇ ਕਮਰੇ ਵਿਚ ਬੁਲਾਇਆ ਤੇ ਆਖਣ ਲੱਗਾ—'ਮੇਰੇ ਸਿਰ ਵਿਚ ਬੜੀ ਦਰਦ ਹੋ ਰਹੀ ਏ, ਜ਼ਰਾ ਸਿਰ ਤਾਂ ਘੁੱਟ ਦੇ।' ਸ਼ੱਬੋ ਇਹੀ ਤਾਂ ਚਾਹੁੰਦੀ ਸੀ। ਅੰਨ੍ਹਾ ਕੀ ਭਾਲੇ ਦੋ ਅੱਖੀਆਂ। ਉਹ ਕਾਫ਼ੀ ਦੇਰ ਉਸਦਾ ਸਿਰ ਘੁੱਟਦੀ ਰਹੀ ਤੇ ਉਹ ਉਸ ਦੀਆਂ ਉਭਰੀਆਂ ਛਾਤੀਆਂ ਉੱਤੇ ਉਡਦੀ ਝਾਤ ਮਾਰਦਾ ਰਿਹਾ। ਫਿਰ ਇਕਦਮ ਉਸਨੇ ਸ਼ੱਬੋ ਨੂੰ ਆਪਣੀਆਂ ਬਾਹਵਾਂ ਵਿਚ ਲੈ ਲਿਆ। ਸ਼ੱਬੋ ਉਸ ਕੋਲੋਂ ਛੁੱਟ ਕੇ ਬਾਹਰ ਭੱਜ ਗਈ ਤੇ ਲਾਲੀ ਨੇ ਬੂਹੇ ਤਕ ਉਸਦਾ ਪਿੱਛਾ ਕੀਤਾ। ਇਸਦੇ ਪਿੱਛੋਂ ਵੀ ਉਹ ਉਸਦਾ ਸਿਰ ਘੁੱਟਦੀ ਰਹੀ। ਲਾਲੀ ਦੀ ਘਰਵਾਲੀ ਕਦੀ ਸੌਹਰੇ ਤੇ ਕਦੀ ਫਿਰ ਪੇਕੇ ਚਲੇ ਜਾਂਦੀ। ਜਦੋਂ ਉਸਦੇ ਘਰ ਬੱਚਾ ਹੋਣਾ ਸੀ ਤਾਂ ਉਹ ਜਣੇਪੇ ਲਈ ਪੇਕੇ ਚਲੀ ਗਈ।

ਹੁਣ ਲਾਲੀ ਦੀ ਘਰਵਾਲੀ ਨੇ ਮਹੀਨਾ ਕੁ ਪੇਕੇ ਰਹਿਣਾ ਸੀ। ਇਨ੍ਹਾਂ ਦਿਨਾਂ ਵਿਚ ਸ਼ੱਬੋ ਤੇ ਲਾਲੀ ਦੀਆਂ ਮੁਲਾਕਾਤਾਂ ਵਧ ਗਈਆਂ। ਉਹ ਲਾਲੀ ਨੂੰ ਪਿਆਰ ਕਰਦੀ ਸੀ ਪਰ ਕੋਈ ਦੂਬਾਰਾ ਗ਼ਲਤੀ ਕਰਕੇ ਉਹ ਜ਼ੈਲਦਾਰਨੀ ਕੋਲੋਂ ਦੂਬਾਰਾ ਚਪੇੜਾਂ ਨਹੀਂ ਸੀ ਖਾਣੀਆਂ

ਚਾਹੁੰਦੀ। ਸਭ ਕੰਮ ਸੁਖਾਵਾਂ ਚੱਲ ਰਿਹਾ ਸੀ। ਇਸ ਸਮੇਂ ਦੌਰਾਨ ਉਸਦਾ ਭਰਾ ਧੰਨਾ ਜ਼ੈਲਦਾਰਾਂ ਦੇ ਭੱਠੇ ਉੱਤੇ ਮੁਨਸ਼ੀ ਲੱਗ ਗਿਆ ਸੀ। ਉਨ੍ਹਾਂ ਦੇ ਘਰ ਦਾ ਗੁਜ਼ਾਰਾ ਸੌਖਾ ਹੋ ਗਿਆ ਸੀ। ਕਰਤਾਰੋ ਹੁਣ ਚਾਹੁੰਦੀ ਸੀ ਕਿ ਉਸਦੀ ਕੋਈ ਨੂੰਹ ਬਣੇ ਤਾਂ ਕਿ ਘਰ ਦਾ ਕੰਮ ਕਾਜ ਸਾਂਭੇ। ਲਾਲੀ ਨੇ ਵਿਚ ਹੋ ਕੇ ਧੰਨੇ ਦਾ ਰਿਸ਼ਤਾ ਪਥੇਰੇ ਦੀ ਕੁੜੀ ਨਾਲ ਕਰਵਾ ਦਿੱਤਾ ਅਤੇ ਕਰਤਾਰੋ ਨੂੰਹ ਵਾਲੀ ਬਣ ਗਈ ਤੇ ਸ਼ੱਬੋ ਭਰਜਾਈ ਵਾਲੀ। ਸ਼ੱਬੋ ਦੀ ਇਹ ਚਿਰਾਂ ਦੀ ਰੀਝ ਪੂਰੀ ਹੋਈ। ਸ਼ੱਬੋ ਦੇ ਘਰ ਵਿਚ ਰੌਣਕਾਂ ਹੋ ਗਈਆਂ।

ਹਰ ਇਕ ਲੜਕੀ ਦੀ ਇਹ ਰੀਝ ਹੁੰਦੀ ਹੈ ਕਿ ਉਹ ਘਰ ਦੀ ਮਾਲਿਕ ਬਣੇ ਤੇ ਘਰ ਵਿਚ ਉਸਦਾ ਬੋਲਬਾਲਾ ਹੋਵੇ। ਧੰਨੇ ਦੀ ਘਰ ਵਾਲੀ ਇਹ ਚਾਹੁੰਦੀ ਸੀ ਕਿ ਉਸਦੀ ਨਨਾਣ ਦਾ ਵਿਆਹ ਹੋਵੇ ਤੇ ਉਹ ਵੀ ਆਪਣੇ ਘਰ ਜਾਵੇ। ਮੌਜੂਦਾ ਹਾਲਾਤ ਵਿਚ ਤਾਂ ਘਰ ਵਿਚ ਸ਼ੱਬੋ ਦੀ ਹੀ ਤੂਤੀ ਵੱਜਦੀ ਸੀ ਤੇ ਉਸਦੀਆਂ ਵੱਡੀਆਂ ਭੈਣਾਂ ਵੀ ਉਸਦੀ ਪੂਰੀ ਇੱਜ਼ਤ ਕਰਦੀਆਂ ਸਨ। ਕਰਤਾਰੋ ਵੀ ਹੁਣ ਸ਼ੱਬੋ ਦੇ ਵਿਆਹ ਬਾਰੇ ਸੋਚਣ ਲੱਗੀ। ਸ਼ੱਬੋ ਵੀ ਆਪਣੇ ਭਰਾ ਉੱਤੇ ਬੋਝ ਨਹੀਂ ਸੀ ਬਣਨਾ ਚਾਹੁੰਦੀ। ਉਸਨੇ ਲਾਲੀ ਨੂੰ ਕੋਈ ਉਹਦੇ ਲਈ ਮੁੰਡਾ ਲੱਭਣ ਲਈ ਤਾਕੀਦ ਕੀਤੀ। ਲਾਲੀ ਪਹਿਲਾਂ ਤਾਂ ਉਸਨੂੰ ਆਪਣੇ ਕੋਲੋਂ ਦੂਰ ਨਹੀਂ ਸੀ ਭੇਜਣਾ ਚਾਹੁੰਦਾ। ਅਖ਼ੀਰ ਲਾਲੀ ਨੇ ਆਪਣੇ ਭੱਠੇ 'ਤੇ ਲੱਗੇ ਕੁਆਰੇ ਮੁਨਸ਼ੀ ਦਾ ਰਿਸ਼ਤਾ ਸ਼ੱਬੋ ਨਾਲ ਕਰਵਾ ਦਿੱਤਾ। ਇਸ ਤਰ੍ਹਾਂ ਸਾਰੇ ਖ਼ੁਸ਼ ਹੋ ਗਏ। ਧੰਨਾ ਵੀ, ਉਹਦੀ ਵਹੁਟੀ ਵੀ, ਕਰਤਾਰੋ ਵੀ ਤੇ ਲਾਲੀ ਵੀ। ਲਾਲੀ ਹੁਣ ਸ਼ੱਬੋ ਨੂੰ ਦੂਰ ਨਹੀਂ ਸੀ ਸਮਝਦਾ ਤੇ ਸ਼ੱਬੋ ਵੀ ਲਾਲੀ ਦੇ ਲਾਗੇ ਵੱਸਣ ਲੱਗੀ। ਹੁਣ ਉਹ ਕੰਧ ਟੱਪ ਕੇ ਗੁਲਾਬੀ ਫੁੱਲ ਤੋੜ ਸਕਦੇ ਸਨ। ਮੁਨਸ਼ੀ ਨੂੰ ਆਹਰੇ ਲਾ ਕੇ ਉਹ ਸ਼ੱਬੋ ਕੋਲ ਮਰਜ਼ੀ ਨਾਲ ਆਉਂਦਾ ਤੇ ਮਰਜ਼ੀ ਨਾਲ ਹੀ ਵਾਪਸ ਜਾਂਦਾ। ਸ਼ੱਬੋ ਦੇ ਤਿੰਨ ਲੜਕੇ ਹੋਏ। ਪਲੇਠੀ ਦੇ ਲੜਕੇ ਦਾ ਨਾਮ ਭਾਵੇਂ ਉਹਨੇ ਨਿਸ਼ਾਨ ਰੱਖਿਆ ਪਰ ਲੋਕੀਂ ਉਸ ਨੂੰ ਅਸਤਰ ਆਖਦੇ ਸਨ।

ਰੇਖਾ ਰਾਣੀ

'ਭੁੱਖ ਨਾ ਪੁੱਛੇ ਲਾਜ਼ਮਾਂ ਤੇ ਇਸ਼ਕ ਨਾ ਪੁੱਛੇ ਜਾਤ।'

ਰੇਖਾ ਰਾਣੀ ਸਾਡੇ ਪਿੰਡ ਦੇ ਪੰਡਤ ਸੋਮਨਾਥ ਦੀ ਨੂੰਹ ਸੀ। ਸੋਮਨਾਥ ਡਾਕਖਾਨੇ ਵਿਚ ਪੋਸਟ ਮਾਸਟਰ ਸੀ। ਉਸਦੇ ਵਿਆਹ ਤੋਂ ਬਾਰਾਂ ਸਾਲ ਬਾਅਦ ਇਕੋ ਇਕ ਨਰ ਔਲਾਦ ਹੋਈ ਸੀ। ਉਸਨੇ ਭਗਵਾਨ ਦਾ ਸ਼ੁਕਰ ਕੀਤਾ ਸੀ। ਲੜਕੇ ਨੂੰ ਭਾਗਾਂ ਵਾਲਾ ਸਮਝ ਕੇ ਉਸਦਾ ਨਾਮ ਭਗਤ ਰਾਮ ਰੱਖਿਆ ਸੀ। ਇਹ ਲੜਕਾ ਜਮਾਂਦਰੂ ਹੀ ਬੜਾ ਕਮਜ਼ੋਰ ਤੇ ਦੁਬਲਾ ਪਤਲਾ ਸੀ। ਜਦੋਂ ਵੀ ਉਹ ਬਿਮਾਰ ਹੋ ਜਾਂਦਾ ਤਾਂ ਘਰਦਿਆਂ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਸੀ। ਬਿਮਾਰ ਉਹ ਅਕਸਰ ਹੀ ਹੋ ਜਾਂਦਾ ਸੀ। ਪੰਡਤਾਣੀ ਵੀ ਬਹੁਤ ਕਮਜ਼ੋਰ ਸੀ। ਜਿਹੀ ਕੋਕੋ ਤਿਹੇ ਬੱਚੇ। ਭਗਤ ਰਾਮ ਪੜ੍ਹਾਈ ਵਿਚ ਵੀ ਬਹੁਤ ਢਿੱਲਾ ਸੀ। ਉਸਨੇ ਗੋਡੇ ਲਾ ਕੇ ਦਸਵੀਂ ਕੀਤੀ ਤੇ ਉਹਨੂੰ ਪਿੰਡ ਵਿਚ ਹੀ ਦਵਾਈਆਂ ਦੀ ਦੁਕਾਨ ਖੋਲ੍ਹ ਦਿੱਤੀ। ਜਦੋਂ ਦੁਕਾਨ ਚੰਗੀ ਚੱਲ ਪਈ ਤਾਂ ਸੋਮਨਾਥ ਨੇ ਉਸਦਾ ਵਿਆਹ ਆਪਣੇ ਇਕ ਦੋਸਤ ਦੀ ਲੜਕੀ ਰੇਖਾ ਰਾਣੀ ਨਾਲ ਕਰ ਦਿੱਤਾ। ਪਰ ਰੇਖਾ ਸਿਹਤ ਦੀ ਹੱਟੀ ਕੱਟੀ ਸੀ। ਉਸਦਾ ਕੱਦ-ਕਾਠ ਬੰਦਿਆਂ ਵਰਗਾ ਸੀ ਤੇ ਉਹ ਭਗਤ ਰਾਮ ਨਾਲੋਂ ਲੰਮੀ ਤੇ ਤਗੜੀ ਸੀ। ਇਹ ਰਿਸ਼ਤਾ ਭਾਵੇਂ ਬੇਜੋੜ ਸੀ ਪਰ ਸੋਮਨਾਥ ਦੀ ਦਾਨਸ਼ਮੰਦੀ ਤੇ ਨੇਕਦਿਲੀ ਕਾਰਨ ਹੋਇਆ ਸੀ।

ਰੇਖਾ ਨੇ ਵਿਆਹ ਤੋਂ ਜਲਦੀ ਬਾਅਦ ਘਰ ਦੀ ਸਾਰੀ ਸਥਿਤੀ ਨੂੰ ਭਾਂਪਿਆ ਤੇ ਪਰਖਿਆ। ਘਰ-ਘਾਟ ਭਾਵੇਂ ਚੰਗਾ ਸੀ ਪਰ ਉਸਨੂੰ ਇਹ ਜਾਣ ਕੇ ਸਦਮਾ ਲੱਗਾ ਕਿ ਉਸਦਾ ਘਰ ਵਾਲਾ ਜਮਾਂਦਰੂ ਨਾਮਰਦ ਹੈ। ਅਸਲ ਵਿਚ ਉਹ ਗ੍ਰਹਿਸਥ ਦੇ ਯੋਗ ਨਹੀਂ ਸੀ ਪਰ ਸੋਮਨਾਥ ਨੇ ਯਾਰੀ ਦੀ ਆੜ ਲੈ ਕੇ ਆਪਣਾ ਖੋਟਾ ਪੈਸਾ ਚਲਾਉਣ ਦੀ ਕੋਸ਼ਿਸ਼ ਕੀਤੀ ਸੀ। ਸੱਸ ਸੌਹਰੇ ਦਾ ਵਿਹਾਰ ਬਹੁਤ ਹਮਦਰਦਾਨਾ ਤੇ ਸਹਿਯੋਗੀ ਸੀ। ਭਗਤ ਰਾਮ ਵਿਚਾਰਾ ਖ਼ੁਸ਼ੀ ਨਾਲ ਹੀ ਰੇਖਾ ਦੇ ਆਲੇ-ਦੁਆਲੇ ਉਪਗ੍ਰਹਿ ਵਾਂਗ ਘੁੰਮਦਾ ਰਹਿੰਦਾ ਤੇ ਉਸਦੇ ਹੁਕਮ ਦੀ ਉਡੀਕ ਵਿਚ ਹੁੰਦਾ। ਪਰ ਰੇਖਾ ਫਿਰ ਵੀ ਖ਼ੁਸ਼ ਨਹੀਂ ਸੀ। ਉਹ ਜਦੋਂ ਆਪਣੀ ਮਾਂ ਨੂੰ ਮਿਲਣ ਗਈ ਤਾਂ ਉਸਨੇ ਆਪਣਾ ਦੁੱਖ ਦੱਸਿਆ। ਮਾਂ ਨੇ ਉਸਦੀ ਵਿਥਿਆ ਧਿਆਨ ਨਾਲ ਸੁਣੀ ਤੇ ਧੀ ਨੂੰ ਬਿਠਾ ਕੇ ਚੰਗੀ ਤਰ੍ਹਾਂ ਸਮਝਾਇਆ ਬੁਝਾਇਆ। ਉਸਨੂੰ ਇਸ ਵਿਥਿਆ ਨਾਲ ਆਪਣੀ ਜਵਾਨੀ ਯਾਦ ਆ ਗਈ। ਰੇਖਾ ਦੇ ਪਿਤਾ ਦਾ ਵੀ ਭਗਤ ਰਾਮ ਵਾਲਾ ਹੀ ਹਿਸਾਬ ਕਿਤਾਬ ਸੀ। ਉਹ ਵੀ ਆਪਣੀ ਮਾਂ ਕੋਲ ਰੇਖਾ ਵਾਂਗ ਸਲਾਹ ਕਰਨ ਪੇਕੇ ਗਈ

ਸੀ ਤੇ ਉਸਦੀ ਮਾਂ ਨੇ ਵੀ ਉਹਨੂੰ ਉਹੀ ਸਲਾਹ ਦਿੱਤੀ ਸੀ ਜਿਹੜੀ ਅੱਜ ਉਸਨੇ ਰੇਖਾ ਨੂੰ ਦਿੱਤੀ ਸੀ। ਉਸਦੀ ਮਾਂ ਦੀ ਉਸਦੇ ਪਤੀ ਦੇ ਜਿਗਰੀ ਯਾਰ ਇਕ ਜੱਟ ਜ਼ਿਮੀਂਦਾਰ ਨਾਲ ਨੇੜਤਾ ਪੈਦਾ ਹੋ ਗਈ ਸੀ। ਜਿਸਦੀ ਬਦੌਲਤ ਰੇਖਾ ਨੇ ਜਨਮ ਲਿਆ। ਉਸਨੇ ਇਕ ਕੁੜੀ ਨਾਲ ਹੀ ਆਪਣਾ ਘਰ ਵਸਾ ਲਿਆ ਤੇ ਉਸਨੇ ਰੇਖਾ ਨੂੰ ਵੀ ਕੋਈ ਅਜਿਹਾ ਜੁਗਾੜ ਬਣਾ ਕੇ ਆਪਣੇ ਘਰ ਨੂੰ ਸਾਂਭਣ ਦਾ ਮਸ਼ਵਰਾ ਦਿੱਤਾ। ਰੇਖਾ ਮਾਂ ਦੀ ਗੱਲ ਸੁਣ ਕੇ ਕਾਫ਼ੀ ਸੰਤੁਸ਼ਟ ਹੋਈ ਤੇ ਵਾਪਸ ਸੌਹਰੇ ਆ ਗਈ। ਉਸਨੇ ਏਥੇ ਹੀ ਵੱਸਣ ਦਾ ਮਨ ਬਣਾ ਲਿਆ ਸੀ।

ਵਿਆਹ ਤੋਂ ਪਹਿਲਾਂ ਰੇਖਾ ਦਾ ਆਪਣੇ ਪਿਤਾ ਦੇ ਗੂੜੇ ਮਿੱਤਰ ਝੰਡਾ ਸਿੰਘ ਜ਼ਿਮੀਂਦਾਰ ਦੇ ਲੜਕੇ ਬਿੰਦਰ ਨਾਲ ਗੱਲਬਾਤ ਸੀ। ਇਸ ਲੜਕੇ ਦਾ ਉਸਦੇ ਪੇਕੇ ਘਰ ਬਹੁਤ ਆਉਣਾ ਜਾਣਾ ਸੀ। ਰੇਖਾ ਜਦੋਂ ਵੀ ਪੇਕੇ ਆਉਂਦੀ ਤਾਂ ਆਪਣੇ ਪੁਰਾਣੇ ਸਾਥੀ ਬਿੰਦਰ ਨੂੰ ਘਰ ਬੁਲਾ ਲੈਂਦੀ। ਉਸਦੀ ਮਾਂ ਜਾਣ ਬੁਝ ਕੇ ਘਰੋਂ ਬਾਹਰ ਚਲੀ ਜਾਂਦੀ ਤੇ ਉਸਦੀ ਗ਼ੈਰਹਾਜ਼ਰੀ ਵਿਚ ਰੇਖਾ ਬਿੰਦਰ ਨਾਲ ਹੱਸ ਖੇਡ ਲੈਂਦੀ। ਇਹ ਸਿਲਸਿਲਾ ਸਾਲ ਡੇਢ ਸਾਲ ਚੱਲਦਾ ਰਿਹਾ। ਇਸ ਦੌਰਾਨ ਉਹ ਭਗਤ ਨਾਲ ਵੀ ਹੱਸਦੀ ਖੇਡਦੀ ਰਹਿੰਦੀ। ਉਸਦਾ ਵਿਹਾਰ ਆਪਣੀ ਸੱਸ ਨਾਲ ਵੀ ਬਹੁਤ ਸ਼ਲਾਘਾਯੋਗ ਸੀ। ਉਹ ਵਿਚਾਰੀ ਅਕਸਰ ਬਿਮਾਰ ਰਹਿੰਦੀ। ਇਕ ਵਾਰੀ ਉਸਨੂੰ ਬੁਖਾਰ ਚੜ੍ਹਿਆ ਤੇ ਵਿਗੜਦਾ ਵਿਗੜਦਾ ਟਾਈਫਾਈਡ ਬਣ ਗਿਆ। ਟਾਈਫਾਈਡ ਵੀ ਵਿਗੜ ਗਿਆ ਤੇ ਪੰਡਤਾਣੀ ਵਿਚਾਰੀ ਚਲਦੀ ਬਣੀ। ਪਿਉ ਪੁੱਤਰ ਬਹੁਤ ਰੋਏ ਤੇ ਦਿਲਗੀਰ ਹੋਏ। ਰੇਖਾ ਨੇ ਵੀ ਪੂਰੀ ਲੋਕਾਚਾਰੀ ਵਿਖਾਈ ਤੇ ਘਰ ਦੇ ਗ਼ਮਗੀਨ ਮਾਹੌਲ ਵਿਚ ਬੜੀ ਗੰਭੀਰਤਾ ਤੇ ਸੰਜੀਦਗੀ ਦਾ ਸਬੂਤ ਦਿੱਤਾ। ਉਸਨੇ ਆਪਣੀ ਸੱਸ ਦੀ ਰੱਜ ਕੇ ਸੇਵਾ ਸੰਭਾਲ ਕੀਤੀ ਸੀ।

ਵਿਆਹ ਤੋਂ ਦੋ ਕੁ ਸਾਲ ਬਾਅਦ ਰੇਖਾ ਦੇ ਘਰ ਇਕ ਲੜਕੀ ਨੇ ਜਨਮ ਲਿਆ। ਹੂਬਹੂ ਮਾਂ ਵਰਗੀ ਗੋਰੀ ਚਿੱਟੀ ਤੇ ਸਿਹਤਮੰਦ ਸੀ। ਸੋਮਨਾਥ ਨੇ ਆਪਣੀ ਪੋਤਰੀ ਦਾ ਨਾਮ ਸੀਮਾ ਰੱਖਿਆ। ਉਸਦੇ ਘਰ ਬੜੀ ਮੁੱਦਤਾਂ ਬਾਅਦ ਕਿਸੇ ਬੱਚੇ ਨੇ ਮੂੰਹ ਵਿਖਾਇਆ ਸੀ। ਘਰ ਵਿਚ ਕੰਨਿਆ ਦੇ ਆਗਮਨ ਦਾ ਸ਼ੁਭ ਸ਼ਗਨ ਸਮਝਿਆ ਗਿਆ। ਖ਼ੁਸ਼ੀਆਂ ਦੀ ਛਹਿਬਰ ਲੱਗ ਗਈ। ਵੈਸੇ ਤਾਂ ਪਿੰਡਾਂ ਵਿਚ ਲੜਕੀ ਜੰਮਣ ਤੇ ਸੋਗ ਮਨਾਇਆ ਜਾਂਦਾ ਹੈ ਪਰ ਸੀਮਾ ਦੇ ਪੈਦਾ ਹੋਣ ਨਾਲ ਉਸਦੇ ਘਰ ਵਾਲਿਆਂ ਪਹਿਲਾਂ ਜਗਰਾਤਾ ਕਰਵਾਇਆ ਤੇ ਫਿਰ ਸਾਰੇ ਪਿੰਡ ਨੂੰ ਰੋਟੀ ਵਰਜੀ। ਰੇਖਾ ਦੇ ਮਾਂ ਪਿਉ ਵੀ ਇਸ ਖ਼ੁਸ਼ੀ ਵਿਚ ਸ਼ਾਮਿਲ ਹੋਏ ਤੇ ਉਨ੍ਹਾਂ ਵੀ ਸੋਮਨਾਥ ਦੇ ਘਰ ਦੀਆਂ ਖ਼ੁਸ਼ੀਆਂ ਨੂੰ ਦੂਣ ਸਵਾਇਆ ਕੀਤਾ।

ਰੇਖਾ ਹੁਣ ਆਪਣੇ ਘਰ ਦੀ ਪੂਰੀ ਕਾਰ ਮੁਖਤਿਆਰ ਸੀ। ਸੋਮਨਾਥ ਤੇ ਭਗਤ ਚੱਤੇ ਪਹਿਰ ਰੇਖਾ-ਰੇਖਾ ਕਰਦੇ ਫਿਰਦੇ ਸਨ। ਰੇਖਾ ਨੇ ਘਰ ਦੀ ਕਮਾਨ ਸੰਭਾਲਦਿਆਂ ਹੀ ਗ੍ਰਹਿਸਥ ਦੀ ਡੁੱਬਦੀ ਬੇੜੀ ਨੂੰ ਸਾਹਿਲ ਵੱਲ ਮੋੜਿਆ ਸੀ। ਟਿਮਟਿਮਾਉਂਦੇ ਦੀਵੇ ਉਸਦੇ ਘਰ ਪੈਰ ਪਾਉਣ ਨਾਲ ਲਟ-ਲਟ ਬਲਣ ਲੱਗ ਪਏ ਸਨ। ਸੋਮਨਾਥ ਦਾ ਛੋਟਾ ਭਰਾ ਪਿੰਡ ਵਿਚ ਕਰਿਆਨੇ ਦੀ ਦੁਕਾਨ ਚਲਾ ਰਿਹਾ ਸੀ। ਦੋਹਾਂ ਦਰਾਣੀਆਂ ਜਠਾਣੀਆਂ ਦੀ ਆਪਸ ਵਿਚ

ਨਾ ਰਾਸ ਰਲਣ ਕਰਕੇ ਦੋਵੇਂ ਪਰਿਵਾਰ ਆਪਸ ਵਿਚ ਘੱਟ ਵਰਤਦੇ ਸਨ। ਰੇਖਾ ਦੇ ਆਉਣ 'ਤੇ ਉਸਦੀ ਸੱਸ ਦੇ ਜਾਣ ਨਾਲ ਸਥਿਤੀ ਬਦਲ ਗਈ। ਸੋਮਨਾਥ ਵਾਂਗ ਰੇਖਾ ਵੀ ਬੜੇ ਮਿਲਾਪੜੇ ਸੁਭਾਅ ਦੀ ਮਾਲਿਕ ਸੀ। ਉਸਨੇ ਆਪਣੇ ਚਾਚੇ ਸੌਹਰੇ ਦੇ ਪਰਿਵਾਰ ਨਾਲ ਵੀ ਵਰਤਣਾ ਆਰੰਭ ਕਰ ਦਿੱਤਾ। ਇਸ ਪਰਿਵਾਰ ਦਾ ਇਕ ਲੜਕਾ ਵਿਜੇ, ਜੋ ਕਿ ਪਿੰਡ ਦੇ ਸਕੂਲ ਵਿਚ ਹਿਸਾਬ ਮਾਸਟਰ ਲੱਗਾ ਹੋਇਆ ਸੀ। ਉਹ ਲੜਕਾ ਰੇਖਾ ਨੂੰ ਬਹੁਤ ਚੰਗਾ ਲੱਗਦਾ ਸੀ। ਉਸਦੇ ਸਦਕਾ ਉਨ੍ਹਾਂ ਦਾ ਪਰਿਵਾਰ ਉਸਦੇ ਤਾਏ ਦੇ ਪਰਿਵਾਰ ਨਾਲ ਪੂਰੀ ਤਰ੍ਹਾਂ ਵਰਤਣ ਲੱਗ ਪਿਆ ਸੀ। ਵਿਜੇ ਅਕਸਰ ਰੇਖਾ ਕੋਲ ਆਉਂਦਾ ਤੇ ਉਸ ਨਾਲ ਬੈਠਾ ਗੱਪ-ਸ਼ੱਪ ਮਾਰਦਾ ਰਹਿੰਦਾ। ਰੇਖਾ ਨੇ ਉਸਦਾ ਰਿਸ਼ਤਾ ਆਪਣੀ ਮਾਸੀ ਦੀ ਧੀ ਜੋ ਕਿ ਸਾਇੰਸ ਅਧਿਆਪਕ ਲੱਗੀ ਹੋਈ ਸੀ, ਨਾਲ ਕਰਵਾ ਦਿੱਤਾ। ਉਹ ਵਿਚੋਲੀ ਸੀ। ਇਸ ਕਰਕੇ ਵਿਜੇ ਦਾ ਰੇਖਾ ਦੇ ਘਰ ਆਉਣਾ ਜਾਣਾ ਆਮ ਹੋ ਗਿਆ। ਉਹ ਬਿੰਦਰ ਵਾਂਗ ਉਸ ਨਾਲ ਵੀ ਖੇਡਣ ਮੱਲਣ ਲੱਗੀ। ਛੇ ਕੁ ਮਹੀਨੇ ਬਾਅਦ ਵਿਜੇ ਦਾ ਵਿਆਹ ਹੋ ਗਿਆ ਤੇ ਉਹ ਆਪਣੇ ਘਰ ਪੂਰੀ ਤਰ੍ਹਾਂ ਰੁੱਝ ਗਿਆ।

ਉਪਰ ਵਾਲੇ ਨੇ ਫਿਰ ਮਿਹਰ ਕੀਤੀ ਤੇ ਰੇਖਾ ਦੀ ਗੋਦ ਹਰੀ ਹੋ ਗਈ। ਉਸਦੇ ਘਰ ਚੰਨ ਵਰਗਾ ਪੁੱਤਰ ਪੈਦਾ ਹੋਇਆ। ਭਗਤੇ ਦੇ ਬਾਅਦ, ਸੋਮਨਾਥ ਦੇ ਪਰਿਵਾਰ ਵਿਚ ਇਹ ਪਹਿਲਾਂ ਨਰ ਬੱਚਾ ਪੈਦਾ ਹੋਇਆ ਸੀ। ਸਾਰੇ ਪਿੰਡ ਨੇ ਹੁੰਮ-ਹੁਮਾ ਕੇ ਪੰਡਤ ਸੋਮਨਾਥ ਤੇ ਭਗਤੇ ਨੂੰ ਵਧਾਈਆਂ ਦਿੱਤੀਆਂ। ਇਕ ਹਫ਼ਤਾ ਲੋਕ ਆਉਂਦੇ ਜਾਂਦੇ ਰਹੇ, ਖੁਸਰੇ ਨੱਚਦੇ ਰਹੇ। ਭੰਡ ਨਕਲਾਂ ਕਰਦੇ ਰਹੇ ਤੇ ਮਰਾਸਣਾਂ ਧੂਮ-ਧੜੱਕਾ ਕਰਦੀਆਂ ਰਹੀਆਂ। ਸਾਰੇ ਖ਼ੁਸ਼ ਸਨ ਕਿ ਪੰਡਤ ਸੋਮਨਾਥ ਦੀ ਵੇਲ ਵਧੀ ਹੈ।

ਲੜਕਾ ਜੰਮਦਿਆਂ ਹੀ ਦਾਈ ਨੂੰ ਅੱਖਾਂ ਮਾਰ ਰਿਹਾ ਸੀ। ਉਸਦੀ ਕੁਝ-ਕੁਝ ਸ਼ਕਲ ਭਗਤ ਰਾਮ ਤੇ ਸੀ ਪਰ ਬਹੁਤੀ ਸ਼ਕਲ ਉਸਦੇ ਚਾਚੇ ਵਿਜੇ ਨਾਲ ਮਿਲਦੀ-ਜੁਲਦੀ ਸੀ। ਕਦੀ-ਕਦੀ ਉਹ ਰੇਖਾ ਵਰਗਾ ਵੀ ਲੱਗਣ ਲੱਗਦਾ ਸੀ। ਉਸਦੀ ਠੋਡੀ ਰੇਖਾ ਵਰਗੀ ਲੰਬੀ ਸੀ। ਰੰਗ ਰੂਪ ਪਰਿਵਾਰ ਵਰਗਾ ਹੀ ਸੀ। ਇਸ ਵਾਰ ਭਗਤ ਰਾਮ ਦੇ ਚਾਚੇ ਦਾ ਪਰਿਵਾਰ ਵੀ ਇਨ੍ਹਾਂ ਜਸ਼ਨਾਂ ਵਿਚ ਸ਼ਾਮਲ ਹੋਇਆ। ਮੁੰਡੇ ਦੇ ਸਿਰ ਉਪਰੋਂ ਉਹਨੇ ਪੈਸੇ ਸੋਮਨਾਥ ਨੇ ਨਹੀਂ ਸੀ ਵਾਰੇ ਜਿੰਨੇ ਉਸਦੇ ਛੋਟੇ ਭਰਾ ਨੇ। ਉਨ੍ਹਾ ਮੁੰਡੇ ਨੂੰ ਇਕ ਸੋਨੇ ਦੀ ਚੇਨੀ ਪਾਈ ਸੀ। ਗੱਲ ਕੀ ਸਾਰਾ ਪਿੰਡ ਹੀ ਖ਼ੁਸ਼ੀ ਨਾਲ ਨੱਚ ਰਿਹਾ ਸੀ। ਦਾਦੇ ਨੇ ਆਪਣੇ ਪੋਤਰੇ ਦਾ ਨਾਮ ਲੱਕੀ ਰਾਮ ਰੱਖਿਆ ਸੀ। ਪੰਡਤ ਸੋਮਨਾਥ ਪਿੰਡ ਦੇ ਪਤਵੰਤਿਆਂ ਵਿਚੋਂ ਇਕ ਸੀ। ਉਸਦਾ ਜੱਦੀ ਪੁਰਸ਼ੀ ਕਿੱਤਾ ਸ਼ਾਹੂਕਾਰਾ ਸੀ। ਇਸ ਲਈ ਪਿੰਡ ਦੇ ਲੋਕ ਜਿਥੇ ਉਹਦੇ ਘਰ ਆਪਣੀਆਂ ਲੋੜਾਂ ਪੂਰੀਆਂ ਕਰਨ ਆਉਂਦੇ ਉਥੇ ਆਪਣੇ ਪਰਿਵਾਰਾਂ ਦੀ ਉਲਝਣਾਂ ਤੇ ਔਕੜਾਂ ਬਾਰੇ ਸਲਾਹ ਮਸ਼ਵਰਾ ਸੋਮਨਾਥ ਕੋਲ ਲੈਣ ਆਉਂਦੇ। ਉਹ ਬਹੁਤ ਸੁਖੀ ਸ਼ਾਹ ਸੀ। ਕਈਆਂ ਨੇ ਉਸਦੇ ਪੈਸੇ ਮਾਰ ਲਏ ਸਨ। ਪੈਸੇ ਮਾਰਨ ਵਾਲਿਆਂ ਨੂੰ ਇਹ ਨੁਕਸਾਨ ਹੁੰਦਾ ਸੀ ਕਿ ਉਹ ਦੁਬਾਰਾ ਪੈਸੇ ਲੈਣ ਤੋਂ ਵੰਚਿਤ ਰਹਿ ਜਾਂਦੇ ਸਨ। ਉਨ੍ਹਾਂ ਨੂੰ ਇਹੀ ਸਜ਼ਾ ਸੀ ਕਿਉਂਕਿ ਸੋਮਨਾਥ ਨੇ ਆਪਣੇ ਲੈਣਦਾਰਾਂ ਉਪਰ ਕਦੀ ਕੋਈ ਕੇਸ ਜਾਂ ਕਾਰਵਾਈ ਨਹੀਂ ਕੀਤੀ ਸੀ। ਇਸੇ ਤਰ੍ਹਾਂ

ਪੰਡਤਾਣੀ ਤੋਂ ਬਾਅਦ ਉਸਦੀ ਨੂੰਹ ਰੇਖਾ ਵੀ ਓਨੀ ਹੀ ਦਾਨੀ ਸੁੱਘੜ ਸੀ। ਪਿੰਡ ਦੀਆਂ ਨੂੰਹਾਂ ਧੀਆਂ ਉਸ ਕੋਲ ਸਲਾਹ ਮਸ਼ਵਰੇ ਲਈ ਅਕਸਰ ਆਉਂਦੀਆਂ ਜਾਂਦੀਆਂ ਸਨ।

ਰੇਖਾ ਦੇ ਦੋਵੇਂ ਬੱਚੇ ਬੜੇ ਹੋਣਹਾਰ ਸਨ। ਸੀਮਾ ਤੇ ਲੱਕੀ ਪੜ੍ਹਾਈ ਵਿਚ ਬਹੁਤ ਚਾਤਰ ਤੇ ਲਾਇਕ ਸਨ। ਪਿੰਡੋਂ ਦਸਵੀਂ ਪਾਸ ਕਰਕੇ ਲੜਕੀ ਨੇ ਨਰਸਿੰਗ ਦਾ ਤਿੰਨ ਸਾਲਾ ਕੋਰਸ ਸ਼ੁਰੂ ਕਰ ਲਿਆ ਸੀ। ਉਹ ਕੋਰਸ ਕਰਕੇ ਸਰਕਾਰੀ ਹਸਪਤਾਲ ਵਿਚ ਸਟਾਫ਼ ਨਰਸ ਲੱਗ ਗਈ ਸੀ। ਉਥੇ ਹੀ ਉਸਦੀ ਨੇੜਤਾ ਇਕ ਜੱਟ ਘਰਾਣੇ ਦੇ ਵੱਡੇ ਡਾਕਟਰ ਨਾਲ ਹੋ ਗਈ। ਉਹ ਸ਼ਕਲ ਸੂਰਤ ਤੋਂ ਜੱਟੀ ਹੀ ਲਗਦੀ ਸੀ। ਜਦੋਂ ਉਸਨੇ ਆਪਣੇ ਦਾਦੇ ਨਾਲ ਇਸਦੀ ਗੱਲ ਕੀਤੀ ਤਾਂ ਉਨ੍ਹਾਂ ਨੇ ਜਾਤਾਂ ਧਰਮ ਤੋਂ ਬਾਹਰ ਇਹ ਰਿਸ਼ਤਾ ਕਬੂਲ ਨਾ ਕੀਤਾ। ਸੀਮਾ ਨੂੰ ਘਰੋਂ ਝਿੜਕਾਂ ਦਬਕੇ ਤੇ ਧਮਕੀਆਂ ਮਿਲੀਆਂ ਪਰ ਉਹ ਆਪਣੀਆਂ ਗੱਲ 'ਤੇ ਅੜੀ ਰਹੀ। ਇਸੇ ਤਰ੍ਹਾਂ ਲੜਕਾ ਵੀ ਘਰੋਗੀ ਵਿਰੋਧਤਾ ਦਾ ਸ਼ਿਕਾਰ ਹੋਇਆ। ਆਖ਼ਰ ਸੱਚੇ ਪਿਆਰ ਦੀ ਜਿੱਤ ਹੋਈ ਤੇ ਦੋਵੇਂ ਸ਼ਾਦੀ ਦੇ ਬੰਧਨ ਵਿਚ ਗ੍ਰਿਫ਼ਤਾਰ ਹੋ ਗਏ।

ਇਸੇ ਤਰ੍ਹਾਂ ਲੱਕੀ ਵੀ ਸਕੂਲ ਵਿਚ ਵੀ ਬੜਾ ਲਾਇਕ ਸੀ। ਉਸਦਾ ਹਿਸਾਬ ਬੜਾ ਤੇਜ ਸੀ। ਉਹ ਆਪਣੇ ਚਾਚੇ ਵਾਂਗ ਮਿੰਟਾਂ ਵਿਚ ਬੜੇ ਮੁਸ਼ਕਲ ਸਵਾਲ ਹੱਲ ਕਰ ਦਿੰਦਾ। ਉਹ ਕਾਲਜ ਵਿਚ ਪੜ੍ਹਨ ਲੱਗਾ ਤੇ ਅਖ਼ੀਰ ਵਿਚ ਐੱਮ.ਏ. ਹਿਸਾਬ ਕਰਕੇ ਬਾਹਰ ਆਇਆ। ਉਹ ਖ਼ਾਲਸਾ ਕਾਲਜ ਵਿਚ ਹਿਸਾਬ ਦਾ ਪ੍ਰੋਫ਼ੈਸਰ ਲੱਗ ਗਿਆ। ਉਸਦੇ ਕਾਲਜ ਵਿਚ ਪੜ੍ਹਾਉਂਦੀ ਇਕ ਜੱਟਾਂ ਦੀ ਲੜਕੀ ਨਾਲ ਉਸਦਾ ਪਿਆਰ ਹੋ ਗਿਆ। ਇਹ ਲੜਕੀ ਸੀਮਾਂ ਦੇ ਪਤੀ ਦੀ ਮਾਸੀ ਦੀ ਲੜਕੀ ਸੀ। ਇਸ ਵਿਆਹ ਵਿਚ ਵੀ ਪਰਿਵਾਰ ਵੱਲੋਂ ਪੰਗੇ ਪਏ ਪਰ ਮੁਹੱਬਤ ਅੱਗੇ ਅਜਿਹੇ ਅੜੰਗੇ ਟਿਕ ਨਹੀਂ ਸਕਦੇ। ਦੋਵੇਂ ਪ੍ਰੋਫ਼ੈਸਰ ਵਿਆਹੇ ਗਏ।

ਹੁਣ ਇਹ ਪਰਿਵਾਰ ਪਿੰਡ ਦੇ ਅਤਿ ਪਤਵੰਤਿਆਂ ਵਿਚੋਂ ਗਿਣਿਆ ਜਾਣ ਲੱਗਾ। ਇਸਦੀ ਕਾਮਯਾਬੀ ਦਾ ਤਾਜ ਲੋਕ ਰੇਖਾ ਰਾਣੀ ਦੇ ਸਿਰ ਰੱਖਦੇ ਸਨ। ਲੋਕ ਹੈਰਾਨ ਪ੍ਰੇਸ਼ਾਨ ਸਨ ਕਿ ਕਿਵੇਂ ਸੀਮਾ ਪੰਡਤਾਂ ਦੀ ਕੁੜੀ ਹੋ ਕੇ ਜੱਟਾਂ ਦੀਆਂ ਕੁੜੀਆਂ ਵਾਂਗ ਦਲੇਰ ਤੇ ਜੁਝਾਰੂ ਸੀ। ਇਸ ਕੁੜੀ ਨੇ ਧਰਮ ਤੇ ਜਾਤ ਦੀਆਂ ਕੰਧਾਂ ਆਪਣੀ ਦ੍ਰਿੜਤਾ ਨਾਲ ਢੇਰੀ ਕਰ ਦਿੱਤੀਆਂ ਸਨ। ਇਸੇ ਤਰ੍ਹਾਂ ਲੱਕੀ ਵੀ ਮਾਇਆ ਨਾਲੋਂ ਮੋਹ ਮੁਹੱਬਤ ਨੂੰ ਵਧੇਰੇ ਤਰਜੀਹ ਦਿੰਦਾ ਸੀ। ਉਸਨੇ ਆਪਣੇ ਘਰਦਿਆਂ ਨਾਲ ਟੱਕਰ ਲੈ ਕੇ ਸਾਹਵਾਂ ਕਮਾ ਕੇ ਚੰਗੇ ਘਰਾਣੇ ਦੀ ਲੜਕੀ ਨਾਲ ਨਾਤਾ ਜੋੜਨ ਦੀ ਹਿੰਮਤ ਕੀਤੀ ਸੀ। ਕਈ ਲੋਕ ਇਹ ਵੀ ਕਹਿੰਦੇ ਸਨ ਕਿ ਇਸ ਖ਼ਾਨਦਾਨ ਵਿਚ ਜੇਕਰ ਰੇਖਾ ਪੈਰ ਨਾ ਪਾਉਂਦੀ ਤਾਂ ਪੰਡਤ ਸੋਮਨਾਥ ਦੀ ਵੇਲ ਵਧਣੋਂ ਰੁਕ ਜਾਣੀ ਸੀ ਤੇ ਉਸਦੇ ਖ਼ਾਨਦਾਨ ਦਾ ਭੋਗ ਪੈ ਜਾਣਾ ਸੀ। ਪਰ ਭਗਵਾਨ ਦਾ ਇਸ ਪਰਿਵਾਰ ਉਪਰ ਪੂਰਾ ਹੱਥ ਸੀ। ਰੇਖਾ ਰਾਣੀ ਦੀ ਸਿਆਣਪ ਤੇ ਸਾਹਸ ਨੇ ਪਿੰਡ ਵਿਚ ਜ਼ਿਮੀਂਦਾਰਾਂ ਅਤੇ ਬ੍ਰਾਹਮਣਾਂ ਦੇ ਵਿਚਕਾਰ ਜ਼ਾਤੀ ਦੀਵਾਰਾਂ ਨੂੰ ਢਾਹ ਢੇਰੀ ਕਰ ਦਿੱਤਾ ਸੀ। ਧਰਮ ਦਾ ਬੰਧਨ ਤਾਂ ਸੋਮਨਾਥ ਦੇ ਵੱਡੇ ਵਡੇਰਿਆਂ ਹੀ ਤੋੜ ਰੱਖਿਆ ਸੀ ਕਿਉਂਕਿ ਉਹ ਸ਼ੁਰੂ ਤੋਂ ਹੀ ਗੁਰੂ ਘਰ ਦੇ ਪ੍ਰੇਮੀ ਸਨ।

ਕਾਮਰੇਡ ਬਾਜੋ

ਉਸਦਾ ਨਾਮ ਮਾਪਿਆਂ ਨੇ ਬਾਜ ਕੌਰ ਰੱਖਿਆ ਸੀ ਪਰ ਘਰ ਬਾਹਰ ਦੇ ਲੋਕ ਉਸਨੂੰ ਬਾਜੋ ਹੀ ਆਖਿਆ ਕਰਦੇ ਸਨ। ਉਸਦਾ ਖਾਨਦਾਨ ਪਿੰਡ ਵਿਚ ਪੁਰਾਣਾ ਕਾਮਰੇਡੀ ਖਾਨਦਾਨ ਸੀ। ਉਸਦੇ ਦਾਦੇ ਨੇ ਰੂਸ ਦੀ ਕਈ ਵਾਰ ਯਾਤਰਾ ਕੀਤੀ ਸੀ ਤੇ ਜੇਲ੍ਹਾਂ ਵਿਚ ਵੀ ਗਿਆ ਸੀ। ਉਸਦਾ ਪਿਤਾ ਕਾਮਰੇਡ ਪਿੱਪਲ ਸਿੰਘ ਆਪਣੇ ਇਲਾਕੇ ਦਾ ਸਿਰ ਕੱਢ ਕਾਮਰੇਡ ਨੇਤਾ ਸੀ। ਪਿੱਪਲ ਸਿੰਘ ਬਹੁਤ ਜਜ਼ਬਾਤੀ ਤੇ ਮਨਚਲਾ ਸੀ। ਉਸਨੇ ਵੀ ਕਾਂਗਰਸ ਸਰਕਾਰ ਦੀਆਂ ਜੇਲ੍ਹਾਂ ਦੀ ਕਈ ਵਾਰ ਯਾਤਰਾ ਕੀਤੀ ਸੀ ਤੇ ਉਸ ਉਪਰ ਇਕ ਵੇਰੀ ਇਕ ਜਗੀਰਦਾਰ ਦੇ ਕਤਲ ਦਾ ਕੇਸ ਪੈ ਗਿਆ ਸੀ।

ਉਸਨੂੰ ਕੇਸ ਵਿਚ ਫਸਾਉਣ ਲਈ ਬੜੇ ਕੋਝੇ ਯਤਨ ਕੀਤੇ ਗਏ ਅਤੇ ਉਸ ਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦੇ ਕੇ ਤੰਗ ਕੀਤਾ ਗਿਆ। ਝੂਠਾ ਕੇਸ ਹੋਣ ਕਰਕੇ ਆਖ਼ਰਕਾਰ ਉਹ ਛੁੱਟ ਤਾਂ ਗਿਆ ਪਰ ਉਸਦਾ ਸਰੀਰ ਪੁਲਿਸ ਦੇ ਤਸੀਹਾਂ ਨਾਲ ਜ਼ਰਜਰਾ ਹੋ ਚੁੱਕਾ ਸੀ। ਜੇਲ੍ਹ ਤੋਂ ਬਰੀ ਹੁੰਦਿਆਂ ਹੀ ਘਰ ਆ ਕੇ ਉਸਨੂੰ ਅਧਰੰਗ ਦਾ ਦੌਰਾ ਪਿਆ ਜਿਸ ਨਾਲ ਸਾਰੀ ਉਮਰ ਉਹ ਬਿਸਤਰੇ ਜੋਗਾ ਹੀ ਹੋ ਗਿਆ।

ਕਾਮਰੇਡ ਪਿੱਪਲ ਸਿੰਘ ਦੀ ਇਕੋ ਇਕ ਧੀ ਬਾਜ ਕੌਰ ਹੀ ਸੀ। ਉਸਦੇ ਘਰ ਬਾਅਦ ਵਿਚ ਕੋਈ ਔਲਾਦ ਨਾ ਹੋਈ। ਇਸ ਲਈ ਉਹ ਬਾਜ ਕੌਰ ਨੂੰ ਹੀ ਬਾਜ ਸਿੰਘ ਸਮਝ ਕੇ ਸਮਾਜ ਵਿਚ ਵਿਚਰਨ ਲੱਗਾ ਸੀ। ਉਸਨੇ ਬਾਜੋ ਨੂੰ ਮੁੰਡਿਆਂ ਵਾਲੇ ਕੱਪੜੇ ਪਹਿਨਾਏ ਅਤੇ ਉਸਨੂੰ ਮੁੰਡਿਆਂ ਵਿਚ ਹੀ ਪਾਲਿਆ ਪੋਸਿਆ। ਉਸਨੇ ਬਾਜੋ ਦੇ ਨਾ ਕੰਨ ਵਿੰਨੇ, ਨਾ ਨੱਕ। ਇਹ ਕਾਰਜ ਉਸ ਵਾਸਤੇ ਗੁਲਾਮੀ ਦੇ ਪ੍ਰਤੀਕ ਹਨ। ਇਸੇ ਲਈ ਬਾਜੋ ਨੇ ਛੋਟੇ ਹੁੰਦਿਆਂ ਨਾ ਕਦੀ ਚੂੜੀਆਂ ਪਹਿਨੀਆਂ ਨਾ ਝਾਂਜਰਾਂ, ਨਾ ਕਦੀ ਕਾਂਟੇ ਪਾਏ ਨਾ ਕੋਈ ਕੋਕਾ। ਕਾਮਰੇਡ ਵਾਂਗ ਬਾਜੋ ਵੀ ਇਨ੍ਹਾਂ ਨੂੰ ਦਾਸਤਾਂ ਦੇ ਚਿੰਨ੍ਹ ਸਮਝਦੀ ਸੀ। ਉਸਨੇ ਕਦੀ ਸਲਵਾਰ ਨਹੀਂ ਸੀ ਪਾਈ ਤੇ ਨਾ ਹੀ ਸਿਰ 'ਤੇ ਚੁੰਨੀ ਜਾਂ ਦੁਪੱਟਾ ਲਿਆ ਸੀ। ਉਸਨੂੰ ਦੂਰੋਂ ਇਹ ਪਹਿਚਾਨਣਾ ਮੁਸ਼ਕਿਲ ਸੀ ਕਿ ਉਹ ਕੋਈ ਕੁੜੀ ਹੈ। ਨੇੜੇ ਆ ਕੇ ਕੇਵਲ ਉਸਦੀ ਗੁੱਤ ਤੋਂ ਹੀ ਪਤਾ ਲੱਗਦਾ ਸੀ ਕਿ ਉਹ ਲੜਕੀ ਹੈ। ਪਿੰਡ ਵਾਲੇ ਉਸਨੂੰ ਮਾਹੀ ਮੁੰਡਾ ਕਹਿੰਦੇ ਸਨ।

ਉਸਨੂੰ ਸ਼ੁਰੂ ਤੋਂ ਹੀ ਉਸਦੇ ਪਿਤਾ ਨੇ ਮੁੰਡਿਆਂ ਵਾਂਗ ਬੋਲਣਾ ਸਿਖਾਇਆ ਸੀ। 'ਮੈਂ ਜਾਊਂਗਾ, ਆਊਂਗਾ' ਉਹ ਇਸ ਤਰ੍ਹਾਂ ਗੱਲਾਂ-ਬਾਤਾਂ ਕਰਦੀ। ਉਹ ਪੰਜਵੀਂ ਤੋਂ ਦਸਵੀਂ

ਤਕ ਜਮਾਤ ਦੀ ਮੁਨੀਟਰ ਰਹੀ। ਉਹ ਸ਼ਰਾਰਤੀ ਮੁੰਡਿਆਂ ਨੂੰ ਕੁੱਟ ਲੈਂਦੀ ਸੀ ਤੇ ਹੁਕਮਰਾਨਾਂ ਵਾਂਗ ਦਬਕੇ ਵੀ ਮਾਰ ਲੈਂਦੀ ਸੀ।

ਸਕੂਲ ਤੋਂ ਘਰ ਜਾਂਦਿਆਂ ਕਈ ਜੋਰਾਵਰ ਤੇ ਵੇਹਰੇ ਮੁੰਡਿਆਂ ਨੂੰ ਉਸਨੂੰ ਰਾਹ ਵਿਚ ਕਈ ਵੇਰ ਵੰਗਾਰਿਆ ਸੀ ਪਰ ਉਹ ਇਨ੍ਹਾਂ ਗਿੱਦੜ ਭਬਕੀਆਂ ਤੋਂ ਕਦੀ ਨਹੀਂ ਸੀ ਡਰੀ। ਉਹ ਆਮ ਤੌਰ 'ਤੇ ਬੇਖੌਫ਼ ਹੋ ਕੇ ਇਕੱਲੀ ਘਰੋਂ ਸਕੂਲ ਤੇ ਸਕੂਲੋਂ ਵਾਪਸ ਆਉਂਦੀ। ਮੁੰਡਿਆਂ ਦਾ ਡਰ-ਡਕਰ ਉਸਦੀ ਖਲੜੀ ਵਿਚ ਨਹੀਂ ਸੀ। ਜਿਹੜਾ ਮੁੰਡਾ ਕਦੀ ਉਸਨੂੰ ਭੁਲੇਖੇ ਨਾਲ ਮਜ਼ਾਕ ਕਰਦਾ ਜਾਂ ਛੇੜਦਾ ਤਾਂ ਉਸਦੀ ਸ਼ਾਮਤ ਆ ਜਾਂਦੀ ਸੀ। ਉਹ ਬੁਰੇ ਦੇ ਘਰ ਤਕ ਜਾਂਦੀ ਸੀ। ਉਹ ਕਿਸੇ ਮਾਝੇ ਗਾਮੇ ਕੋਲੋਂ ਕਦੀ ਨਹੀਂ ਸੀ ਡਰੀ।

ਕਾਲਜ ਵਿਖੇ ਪੜ੍ਹਨ ਦੌਰਾਨ ਉਸਨੇ ਖੇਡਾਂ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਸੀ। ਉਸਦੀ ਮਨਭਾਉਂਦੀ ਖੇਡ ਪਹਿਲਵਾਨੀ ਸੀ। ਉਹ ਕਈ ਕੁੜੀਆਂ ਨੂੰ ਤਾਂ ਖੱਬੇ ਹੱਥ ਨਾਲ ਹੀ ਢਾਹ ਲੈਂਦੀ ਸੀ। ਉਸਦੇ ਪਿਤਾ ਨੇ ਉਸਦੀ ਖੁਰਾਕ ਵੱਲ ਸ਼ੁਰੂ ਤੋਂ ਹੀ ਖ਼ਿਆਲ ਰੱਖਿਆ ਸੀ। ਇਸ ਲਈ ਉਹ ਸਰੀਰਕ ਤੌਰ 'ਤੇ ਚੋਖੀ ਰਿਸ਼ਟ ਪੁਸ਼ਟ ਹੋਣ ਕਾਰਨ ਪਹਿਲਵਾਨੀ ਦੇ ਦੰਗਲਾਂ ਵਿਚ ਅੱਵਲ ਰਹਿੰਦੀ ਜਾਂ ਬਰਾਬਰ ਛੁੱਟਦੀ। ਚੌਥੇ ਸਾਲ ਤਕ ਉਹ ਪੰਜਾਬ ਪੱਧਰ ਦੀ ਖਿਡਾਰਨ ਬਣ ਚੁੱਕੀ ਸੀ। ਉਹ ਜਦੋਂ ਅਖਾੜੇ ਵਿਚ ਉਤਰਦੀ ਤਾਂ ਵਿਰੋਧੀਆਂ ਨੂੰ ਪਿੱਸੂ ਪੈ ਜਾਂਦੇ ਸਨ। ਜਦੋਂ ਤਕ ਉਸਦਾ ਪਿਤਾ ਤੰਦਰੁਸਤ ਸੀ ਉਹ ਉਸਦੇ ਦੰਗਲ ਉਚੇਚੇ ਵੇਖਣ ਆਉਂਦਾ ਹੁੰਦਾ ਸੀ। ਉਹ ਬੜੀ ਫੁਰਤੀ ਨਾਲ ਦੂਜੀ ਪਹਿਲਵਾਨ ਲੜਕੀ ਨੂੰ ਕਦਾੜ ਕੇ ਪੈ ਜਾਂਦੀ ਤੇ ਮਿੰਟਾਂ ਸਕਿੰਟਾਂ ਵਿਚ ਉਸਨੂੰ ਚਿੱਤ ਕਰ ਦਿੰਦੀ ਸੀ।

ਉਸਨੇ ਆਪਣੀ ਪੈਂਟ ਦੇ ਅੰਦਰਵਾਰ ਇਕ ਚਾਕੂ ਨੁਮਾ ਕਿਰਪਾਨ ਰੱਖੀ ਹੋਈ ਸੀ। ਜੋ ਉਸਦੀ ਵੇਲੇ-ਕੁਵੇਲੇ ਸਵੈ ਰੱਖਿਆ ਦਾ ਕੰਮ ਕਰਦੀ ਸੀ। ਉਹ ਕਈ ਵੇਰ ਵੇਲੇ ਕੁਵੇਲੇ ਵੀ ਸਾਇਕਲ ਤੇ ਸ਼ਹਿਰੋਂ ਪਿੰਡ ਆ ਜਾਂਦੀ ਸੀ। ਇਕ ਵੇਰੀ ਉਸਨੂੰ ਰਾਹ ਵਿਚ ਮੁੰਡਿਆਂ ਨੇ ਘੇਰ ਲਿਆ ਪਰ ਉਹ ਕਿਰਪਾਨ ਕੱਢ ਕੇ ਚੰਡੀ ਦਾ ਰੂਪ ਧਾਰਨ ਕਰਕੇ ਬਦਮਾਸ਼ਾਂ 'ਤੇ ਟੁੱਟ ਪਈ। ਏਨੇ ਨੂੰ ਕਈ ਰਾਹਗੀਰ ਉਸਦੇ ਬਚਾਅ ਲਈ ਆ ਗਏ ਤੇ ਉਨ੍ਹਾਂ ਵੱਲ ਵੇਖ ਕੇ ਗੁੰਡੇ ਭੱਜ ਉੱਠੇ। ਬਾਜੋ ਨੂੰ ਉਹ ਕਹਿੰਦੇ—'ਬਚ ਜਾਓ।'

ਉਹ ਜਦੋਂ ਕਾਲਜ ਪੜ੍ਹਦੀ ਸੀ ਤਾਂ ਹੋਸਟਲ ਵਿਚ ਰਹਿੰਦੀ ਸੀ। ਉਸਨੇ ਲੜਕੀਆਂ ਦੀ ਹਿਫਾਜ਼ਤ ਵਾਸਤੇ ਇਕ ਜੱਥਾ ਕਾਇਮ ਕੀਤਾ ਹੋਇਆ ਸੀ ਜਿਸਦਾ ਨਾਮ ਉਸਨੇ ਖ਼ੁਦ ਰਾਣੀ ਝਾਂਸੀ ਬਰੀਗੇਡ ਰੱਖਿਆ ਸੀ। ਸ਼ਹਿਰ ਦੇ ਕਿਸੇ ਕਾਲਜ ਵਿਚੋਂ ਵੀ ਜਦੋਂ ਉਨ੍ਹਾਂ ਨੂੰ ਕੁੜੀਆਂ ਦੇ ਛੇੜਨ ਦੀ ਸ਼ਿਕਾਇਤ ਮਿਲਦੀ ਤਾਂ ਇਹ ਬ੍ਰਿਗੇਡ ਉਧਰ ਵਹੀਰਾਂ ਘੱਤ ਦਿੰਦਾ ਤੇ ਇਨ੍ਹਾਂ ਨੂੰ ਵੇਖ ਕੇ ਮੁੰਡੇ ਭੱਜ ਉੱਠਦੇ। ਮੁੰਡੇ ਇਸ ਜਥੇ ਨੂੰ ਬਲਾਵਾਂ ਦਾ ਜਥਾ ਕਹਿ ਕੇ ਭੰਡਦੇ ਸਨ। ਹੌਲੀ-ਹੌਲੀ ਸ਼ਹਿਰ ਵਿਚ ਲੜਕੀਆਂ ਨੂੰ ਛੇੜਨ ਦੀਆਂ ਵਾਰਦਾਤਾਂ ਘਟਣ ਲੱਗੀਆਂ ਅਤੇ ਕੁੜੀਆਂ ਖੁੱਲ੍ਹ ਕੇ ਗਲੀਆਂ ਬਾਜ਼ਾਰਾਂ ਵਿਚ ਘੁੰਮਣ ਲੱਗੀਆਂ।

ਉਸਦੇ ਪਿਤਾ ਨੇ ਉਸਨੂੰ ਕੌਮਨਿਸਟ ਪਾਰਟੀ ਦੀ ਸਰਕਾਰ ਦਾ ਮੈਂਬਰ ਬਣਾ ਦਿੱਤਾ ਸੀ

ਤੇ ਉਹ ਪਾਰਟੀ ਦੀਆਂ ਮੀਟਿੰਗਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੀ ਸੀ। ਉਸਦੇ ਪਿਤਾ ਨੇ ਆਪਣੀ ਵੇਲ ਵਧਾਉਣ ਲਈ ਬਾਜੋ ਦਾ ਵਿਆਹ ਉਸਦੇ ਇਕ ਸਾਥੀ ਪਾਰਟੀ ਮੈਂਬਰ ਮੇਜਰ ਸਿੰਘ ਨਾਲ ਹੋ ਗਿਆ ਤੇ ਉਹ ਬਾਜੋ ਦੇ ਪਿਤਾ ਦੇ ਘਰ ਰਹਿਣ ਲਈ ਰਜ਼ਾਮੰਦ ਹੋ ਗਿਆ ਸੀ। ਦੋਵੇਂ ਜੀਅ ਲੋਕਾਂ ਅਤੇ ਪਾਰਟੀ ਦੇ ਕੰਮ ਇਕੱਠੇ ਹੋ ਕੇ ਕਰਦੇ ਪਰ ਨਾਮ ਬਹੁਤਾ ਬਾਜੋ ਦਾ ਹੀ ਹੁੰਦਾ ਸੀ। ਮੇਜਰ ਬਹੁਤ ਸਾਊ ਸੁਭਾਅ ਦਾ ਸੀ ਤੇ ਬਾਜੋ ਦਾ ਉਸ ਉਪਰ ਪੂਰਾ ਛੱਪਾ ਪੈ ਚੁੱਕਾ ਸੀ। ਜਦੋਂ ਬਾਜੋ ਸਕੂਟਰ ਜਾਂ ਸਾਈਕਲ ਚਲਾਉਂਦੀ ਤਾਂ ਮੇਜਰ ਪਿੱਛੇ ਹੀ ਬੈਠਾ ਨਜ਼ਰ ਆਉਂਦਾ ਸੀ। ਪਾਰਟੀ ਮੀਟਿੰਗਾਂ ਤੇ ਸਮਾਜਕ ਝਗੜਿਆਂ ਵਿਚ ਬਾਜੋ ਦੀ ਹੀ ਆਵਾਜ਼ ਸੁਣਾਈ ਦਿੰਦੀ ਸੀ। ਮੇਜਰ ਚੁੱਪ ਕਰਕੇ ਸੁਣਨ ਵਿਚ ਹੀ ਖ਼ੁਸ਼ ਰਹਿੰਦਾ ਸੀ।

ਉਹ ਬਹੁਤਾ ਮਰਦਾਂ ਦੀ ਸੰਗਤ ਵਿਚ ਖ਼ੁਸ਼ ਰਹਿੰਦੀ ਸੀ ਤੇ ਇਸਤਰੀਆਂ ਵਿਚ ਬੈਠੀ ਉਹ ਉਬਾਸੀਆਂ ਮਾਰਦੀ ਰਹਿੰਦੀ। ਉਹ ਪਿੰਡ, ਆਂਢ-ਗੁਆਂਢ ਤੇ ਵਾਕਫ਼ ਲੜਕੀਆਂ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਹੋਣਲਈ ਲੰਮੇ-ਚੌੜੇ ਭਾਸ਼ਨ ਕਰਦੀ ਪਰ ਉਨ੍ਹਾਂ ਦੇ ਜ਼ਿਹਨ ਵਿਚ ਗੁਲਾਮੀ ਤੇ ਕਮਜ਼ੋਰੀ ਹੋਣ ਕਰਕੇ ਉਹ ਬਾਜੋ ਵਾਂਗ ਮੈਦਾਨ ਵਿਚ ਡਟਣ ਦੀ ਕੋਸ਼ਿਸ਼ ਨਾ ਕਰਦੀਆਂ। ਉਹ ਭਾਵੇਂ ਬਾਜੋ ਦੀ ਬਹੁਤ ਸ਼ਲਾਘਾ ਕਰਦੀਆਂ ਸਨ ਪਰ ਉਨ੍ਹਾਂ ਦਾ ਝਾਕਾ ਤੇ ਸੰਗ ਉਨ੍ਹਾਂ ਨੂੰ ਆਪਣੇ ਸਹੀ ਰੂਪ ਵਿਚ ਆਉਣ ਤੋਂ ਰੋਕਦੇ। ਉਨ੍ਹਾਂ ਦੀ ਪਰਵਰਿਸ਼ ਇਕ ਦੱਬੂ ਵਾਤਾਵਰਨ ਵਿਚ ਹੋਣ ਕਰਕੇ ਉਹ ਬਾਜੋ ਵਰਗਾ ਹੋਣ ਦਾ ਸੁਪਨਾ ਤਾਂ ਲੈ ਸਕਦੀਆਂ ਸਨ ਪਰ ਹਕੀਕਤ ਵਿਚ ਉਹ ਨਿਮਾਣੀਆਂ ਬਣ ਕੇ ਪਿੱਛੇ ਹਟ ਜਾਂਦੀਆਂ ਸਨ। ਪਰ ਜਿਹੜੀਆਂ ਲੜਕੀਆਂ ਉਸ ਵਾਂਗ ਪੜ੍ਹ ਲਿਖ ਗਈਆਂ ਸਨ, ਉਨ੍ਹਾਂ ਵਿਚ ਬਾਜੋ ਵਾਂਗ ਜੂਝਣ ਤੇ ਸੰਘਰਸ਼ ਕਰਨ ਦੀ ਬਿਰਤੀ ਪੈਦਾ ਹੋ ਗਈ ਸੀ।

ਉਸਦੇ ਬਾਪ ਦੀ ਲੰਮੀ ਬਿਮਾਰੀ ਉਪਰੰਤ ਗੁਜ਼ਰਨ ਬਾਅਦ ਘਰ ਦੀ ਸਮੁੱਚੀ ਵਾਗਡੋਰ ਬਾਜੋ ਦੇ ਹੱਥ ਆ ਗਈ। ਉਹ ਪਹਿਲਾਂ ਵੀ ਘਰ ਦੀ ਪੂਰੀ ਮੁਖਤਿਆਰ ਸੀ ਤੇ ਪਿਤਾ ਦੇ ਬਿਮਾਰ ਰਹਿਣ ਕਾਰਨ ਸਾਰੇ ਉੱਚੇ ਨੀਵੇਂ ਕੰਮ ਆਪ ਹੀ ਕਰਦੀ ਸੀ। ਤਮਾਸ਼ਬੀਨੀ ਤੇ ਈਰਖਾ ਦੇ ਵਸ, ਪਿੰਡ ਵਾਲੇ ਮੇਜਰ ਨੂੰ ਛੇੜਦੇ ਕਿ ਤੂੰ ਮਰਦ ਹੋ ਕੇ ਵੀ ਬਾਜੋ ਦੀ ਪਤਨੀ ਏਂ ਤੇ ਉਹ ਤੇਰਾ ਪਤੀ ਏ। ਇਹ ਗੱਲ ਮੇਜਰ ਨੂੰ ਸੂਲੀ ਵਾਂਗ ਚੁਭਦੀ ਸੀ। ਉਸਦਾ ਮਰਦਾਊਪੁਣਾ ਅੰਦਰੋਂ ਹੂਜਾਂ ਮਾਰਨ ਲੱਗ ਪਿਆ ਸੀ।

ਉਨ੍ਹਾਂ ਦੇ ਘਰ ਇਕ ਲੜਕੀ ਹੋਈ ਜਿਸਦਾ ਚਿਹਰਾ-ਮੋਹਰਾ, ਚਿਹਨ ਚੱਕਰ ਵੀ ਬਾਜੋ ਵਰਗੇ ਲੱਗ ਰਹੇ ਸਨ। ਇਹ ਦ੍ਰਿਸ਼ ਵੇਖ ਕੇ ਮੇਜਰ ਨੂੰ ਡੋਬੂ ਪੈਣ ਲੱਗੇ। ਉਹ ਦੋਹਾਂ ਚੰਡੀਆਂ ਵਿਚ ਘਿਰ ਰਿਹਾ ਸੀ। ਇਕ ਨਹੀਂ ਸੀ ਮਾਣ, ਉਹ ਦੋਹਾਂ ਨਾਲ ਕਿਵੇਂ ਵਿਚਰੇਗਾ ? ਇਸ ਆਲਮ ਵਿਚ ਇਕ ਰਾਤ ਉਹ ਘਰ ਛੱਡ ਕੇ ਕਿਧਰੇ ਚਲਾ ਗਿਆ। ਬਾਜੋ ਸੁੱਤੀ ਹੀ ਰਹਿ ਗਈ। ਜਦੋਂ ਪਿੰਡ ਵਾਲਿਆਂ ਨੂੰ ਮੇਜਰ ਦੇ ਭੱਜਣ ਤੇ ਗ਼ਾਇਬ ਹੋਣ ਦਾ ਪਤਾ ਲੱਗਾ ਤਾਂ ਉਹ ਹਮਦਰਦੀ ਦੇ ਆਲਮ ਵਿਚ ਕਹਿਣ ਲੱਗੇ—'ਚੰਗਾ ਹੋਇਆ ਵਿਚਾਰਾ ਬਚ ਨਿਕਲਿਆ ਦੋਹਾਂ ਚੰਡਾਲਾਂ ਤੋਂ।' ਜਦੋਂ ਬਾਜੋ ਨੂੰ ਉੱਠ ਕੇ ਮੇਜਰ ਦੇ ਚੋਰਾਂ ਵਾਂਗ ਭੱਜਣ ਦਾ ਪਤਾ ਲੱਗਾ

ਤਾਂ ਉਹ ਆਖਣ ਲੱਗੀ—'ਇਹ ਸਰਾਸਰ ਬੁਜ਼ਦਿਲੀ ਏ। ਇਹ ਵੀ ਮੇਰੇ ਬਾਪ ਵਾਂਗ ਦੋਗਲਾ ਤੇ ਦੱਬੂ ਈ ਨਿਕਲਿਆ ਏ।' ਉਹ ਉਦਾਸੀ ਦੇ ਆਲਮ ਵਿਚ ਸਿਰ ਚੁੱਕ ਕੇ ਅੰਬਰ ਵੱਲ ਵੇਖਣ ਲੱਗੀ।

ਬਾਜੋ ਨੇ ਜਦੋਂ ਆਪਣਾ ਜੀਵਨ ਸਾਥੀ ਚੁਣਨ ਵੇਲੇ ਆਪਣੇ ਬਾਪ ਨੂੰ ਖ਼ਬਰ ਦਿੱਤੀ ਸੀ ਤਾਂ ਬਾਪ ਨੇ ਇਸ ਵਿਆਹ ਦੀ ਮੁਖਾਲਫਤ ਕੀਤੀ ਸੀ ਕਿਉਂਕਿ ਮੇਜਰ ਹਰੀਜਨ ਸਿੱਖ ਪਰਿਵਾਰ ਵਿਚੋਂ ਸੀ। ਧੀ ਵਿਚ ਮਾਨਵਵਾਦ ਜਾਗਿਆ ਸੀ ਤੇ ਬਾਪ ਵਿਚ ਕੰਬੋਜਪੁਣਾ।

ਕਾਮਰੇਡ ਪਿੱਪਲ ਸਿੰਘ ਨੇ ਆਖਿਆ, 'ਉਹ ਮੁੰਡਾ ਹੈ ਤਾਂ ਸੋਹਣਾ ਸਿਆਣਾ ਏ ਪਰ ਹਰੀਜਨਾਂ ਨਾਲ ਸਾਡਾ ਨਾਤਾ ਨਹੀਂ ਹੋ ਸਕਦਾ। ਬਰਾਦਰੀ ਵਿਚ ਸਾਡਾ ਨੱਕ ਵੱਢਿਆ ਜਾਊ। ਤੂੰ ਕਿਸੇ ਨੂੰ ਉੱਚੀ ਜਾਤ ਵਿਚੋਂ ਚੁਣ ਲੈ, ਮੈਂ ਨਾਂਹ ਨਹੀਂ ਕਰਾਂਗਾ।'

ਬਾਜੋ ਨੂੰ ਅੱਜ ਪਹਿਲੀ ਵਾਰ ਪਤਾ ਲੱਗਾ ਸੀ ਕਿ ਉਸਦਾ ਪਿਤਾ ਵੀ ਉਨ੍ਹਾਂ ਜਿੱਲਣਾ ਵਿਚੋਂ ਹਾਲੇ ਨਹੀਂ ਨਿਕਲ ਸਕਿਆ ਜਿਨ੍ਹਾਂ ਵਿਚੋਂ ਨਿਕਲਣ ਲਈ ਉਹ ਮੈਨੂੰ ਜਾਂ ਲੋਕਾਂ ਨੂੰ ਆਖਦਾ ਹੈ। ਉਸਦੇ ਹਿਰਦੇ ਨੂੰ ਗਹਿਰੀ ਚੋਟ ਲੱਗੀ ਤੇ ਉਹ ਬੋਲੀ—'ਪਿਤਾ ਜੀ, ਹਰੀਜਨ ਤਾਂ ਸਾਰੇ ਹੀ ਨੇ। ਮੇਜਰ ਕੋਈ ਵੱਖਰਾ ਏ। ਬੰਦੇ ਦੀ ਕੋਈ ਜਾਤ ਨਹੀਂ ਹੁੰਦੀ। ਬੰਦੇ ਦੀ ਜਾਤ ਕੇਵਲ ਬੰਦਾ ਹੀ ਹੁੰਦੈ। ਤੁਸੀਂ ਕਿਹੜੀ ਬਰਾਦਰੀ ਦੀ ਗੱਲ ਕਰਦੇ ਹੋ। ਬੰਦੇ ਦੀ ਇਕੋ ਬਰਾਦਰੀ ਹੁੰਦੀ ਏ ਤੇ ਉਹ ਹੈ ਇਨਸਾਨੀਅਤ। ਮੇਜਰ ਵਿਚ ਇਨਸਾਨੀਅਤ ਕੁਟ-ਕੁਟ ਕੇ ਭਰੀ ਹੋਈ ਏ। ਤੁਹਾਨੂੰ ਉਹ ਤਾਂ ਨਜ਼ਰ ਨਹੀਂ ਆਈ ਤੇ ਉਹਦੀ ਨੀਵੀਂ ਜਾਤ ਨਜ਼ਰ ਆ ਗਈ ਹੈ।'

ਧੀ ਦੀਆਂ ਦਲੀਲਾਂ ਸੁਣ ਕੇ ਕਾਮਰੇਡ ਨੇ ਰਿਸ਼ਤੇ ਦੀ ਹਾਂ ਤਾਂ ਕਰ ਦਿੱਤੀ ਸੀ ਪਰ ਬਾਜੋ ਨੂੰ ਪਤਾ ਸੀ ਕਿ ਉਹ ਅੰਦਰੋਂ ਖ਼ੁਸ਼ ਨਹੀਂ। ਉਹੀ ਗੱਲ ਹੋਈ, ਜਿਸ ਤੋਂ ਕਾਮਰੇਡ ਡਰਦਾ ਸੀ। ਮੇਜਰ ਨਾਲ ਬਾਜੋ ਦੀ ਸ਼ਾਦੀ ਕਰਨ ਵੇਲੇ ਬਹੁਤ ਸਾਰੇ ਰਿਸ਼ਤੇਦਾਰਾ ਨੇ ਖਾਸਾ ਵਾਵਰੋਲਾ ਮਚਾਇਆ ਸੀ ਪਰ ਬਾਜੋ ਨੂੰ ਬਜ਼ਿਦ ਵੇਖ ਕੇ ਸ਼ਾਦੀ ਸਾਦੇ ਢੰਗ ਨਾਲ ਕਰਕੇ ਚਰਚਾ ਨੂੰ ਠੱਲਣ ਦੀ ਕੋਸ਼ਿਸ਼ ਕੀਤੀ ਗਈ। ਬਾਜੋ ਨਾਲ ਇਸ ਵਿਸ਼ੇ 'ਤੇ ਕੋਈ ਗੱਲ ਕਰਨ ਦੀ ਹਿੰਮਤ ਨਹੀਂ ਸੀ ਰੱਖਦਾ, ਭਾਵੇਂ ਉਨ੍ਹਾਂ ਨੇ ਅਣ-ਐਲਾਨਿਆ ਉਸ ਨਾਲ ਸਮਾਜੀ ਬਾਈਕਾਟ ਕੀਤਾ ਹੋਇਆ ਸੀ। ਬਾਜੋ ਇਸ ਬਾਈਕਾਟ ਦੀ ਰਤਾ ਵੀ ਪ੍ਰਵਾਹ ਨਹੀਂ ਸੀ ਕਰਦੀ ਪਰ ਕਾਮਰੇਡ ਬਰਾਦਰੀ ਵਿਚ ਵਿਚਰਦਾ ਰਿਹਾ ਸੀ ਇਸ਼ ਲਈ ਉਹ ਇਸ ਰਿਸ਼ਤੇ ਤੋਂ ਬਾਅਦ ਨਿਘਰਦਾ ਹੀ ਗਿਆ। ਉਹ ਪਹਿਲਾਂ ਹੀ ਅਧਰੰਗ ਦਾ ਮਾਰਿਆ ਹੋਇਆ ਸੀ। ਬਹੁਤ ਥਪੇੜਿਆਂ ਨੂੰ ਨਾ ਸਹਾਰਦਾ ਹੋਇਆ ਉਹ ਇਸ ਫ਼ਾਨੀ ਜਹਾਨ ਤੋਂ ਰੁਖਸਤ ਹੋ ਗਿਆ।

ਬਾਜੋ ਬਹੁਤੀ ਮਰਦਾਂ ਵਿਚ ਹੀ ਪਲੀ, ਵਿਚਰੀ ਤੇ ਜਵਾਨ ਹੋਈ ਸੀ ਇਸ ਲਈ ਉਸਦਾ ਸੁਭਾਅ ਮਰਦਾਂ ਵਾਲਾ ਹੀ ਹੋ ਗਿਆ ਸੀ। ਉਸ ਵਰਗੀ ਔਰਤ ਪਤੀ ਨੂੰ ਕਦੀ ਪਰਮੇਸ਼ਵਰ ਜਾਂ ਮਾਲਕ ਨਹੀਂ ਸੀ ਮੰਨ ਸਕਦੀ। ਉਹ ਸਮਝਣ ਲੱਗ ਪਈ ਸੀ ਇਹ ਸਮਾਜ ਮਰਦਾਂ ਨੇ ਆਪਣੇ ਅਨੁਕੂਲ ਉਸਾਰਿਆ ਹੈ ਜਿਸ ਵਿਚ ਔਰਤ ਦਾ ਸਥਾਨ ਬਹੁਤ ਨਗੂਣਾ ਜਿਹਾ ਹੈ।

ਬਾਜੋ ਇਸ ਸਥਾਨ ਨਾਲ ਕਦਾਚਿਤ ਸਹਿਮਤ ਨਹੀਂ ਸੀ। ਉਹ ਆਪਣੇ ਖੁੱਸੇ ਹੋਏ ਹੱਕ ਖੋਹਣਾ ਚਾਹੁੰਦੀ ਸੀ। ਉਹ ਉਸ ਮਰਦ ਨਾਲ ਸ਼ਾਦੀ ਕਰਨਾ ਚਾਹੁੰਦੀ ਸੀ ਜਿਸ ਨੂੰ ਉਹ ਖ਼ੁਦ ਚਾਹੁੰਦੀ ਹੋਵੇ। ਆਪਣੀ ਨਿੱਜੀ ਚਾਹਤ ਨੂੰ ਫਜ਼ੂਲ ਵਿਚੋਲਿਆਂ ਦੇ ਹੱਥ ਵਿਚ ਸੌਂਪਣਾ ਨਹੀਂ ਸੀ ਚਾਹੁੰਦੀ। ਹੋਇਆ ਵੀ ਇਸ ਤਰ੍ਹਾਂ ਹੀ, ਉਸਨੇ ਆਪਣੀ ਮਰਜ਼ੀ ਦਾ ਬੰਦਾ ਆਪਣਾ ਜੀਵਨ ਸਾਥੀ ਚੁਣ ਲਿਆ।

ਕੰਤੋ ਧੰਤੋ

ਕੰਤੋ ਤੇ ਧੰਤੋ ਦੋਵੇਂ ਚਾਚੇ ਤਾਏ ਦੀਆਂ ਧੀਆਂ ਭੈਣਾਂ ਸਨ ਅਤੇ ਪਿਆਰੇ ਅਤੇ ਸ਼ੰਗਾਰੇ ਦੋ ਸਕੇ ਭਰਾਵਾਂ ਨਾਲ ਇਕੋ ਹੀ ਪਿੰਡ ਵਿਆਹੀਆਂ ਸਨ। ਵੱਡੇ ਭਰਾ ਨੇ ਆਪਣੇ ਸੌਹਰਿਆਂ ਵਿਚੋਂ ਹੀ ਛੋਟੇ ਭਰਾ ਦਾ ਰਿਸ਼ਤਾ ਕਰਾਇਆ ਸੀ। ਇਸ ਲਈ ਦੋਵਾਂ ਭਰਾਵਾਂ ਵਿਚ ਬੜਾ ਸਲੂਕ ਤੇ ਮੁਹੱਬਤ ਸੀ। ਉਹ ਘਰੋਂ ਬਾਹਰੋਂ ਇਕੱਠੇ ਹੀ ਸਨ ਤੇ ਪਿਉ ਦੇ ਮਰਨ ਤੋਂ ਬਾਅਦ ਵੀ ਇਕੱਠੇ ਰਹੇ। ਪਹਿਲਾਂ ਤਾਂ ਕੰਤੋ ਵੀ ਧੰਤੋ ਨੂੰ ਆਪਣੀ ਵੱਡੀ ਭੈਣ ਸਮਝਦੀ ਤੇ ਦੋਵੇਂ ਇਕੱਠੀਆਂ ਬਾਹਰ ਅੰਦਰ ਜਾਂਦੀਆਂ ਤੇ ਇਕੱਠੀਆਂ ਹੀ ਕੰਮ ਕਰਦੀਆਂ ਸਨ। ਪਿਆਰਾ ਜੋ ਕਿ ਵੱਡਾ ਸੀ ਉਹ ਸ਼ੰਗਾਰੇ ਨਾਲ ਰਲ ਕੇ ਸ਼ਹਿਰ ਵਿਚ ਢਾਬਾ ਚਲਾਉਂਦੇ ਸਨ। ਉਨ੍ਹਾਂ ਦੇ ਢਾਬੇ ਦੀ ਬੜੀ ਮਸ਼ਹੂਰੀ ਸੀ। ਇਸ ਲਈ ਦੋਵੇਂ ਭਰਾ ਸਵੱਖਤੇ ਹੀ ਸ਼ਹਿਰ ਚਲੇ ਜਾਂਦੇ ਅਤੇ ਰਾਤ ਨੂੰ ਨੌਂ-ਦਸ ਵਜੇ ਘਰ ਪਰਤਦੇ। ਇਸ ਤਰ੍ਹਾਂ ਵਕਤ ਵਧੀਆ ਲੰਘ ਰਿਹਾ ਸੀ।

ਦੋਹਾਂ ਭੈਣਾਂ ਦੇ ਦੋ-ਦੋ ਮੁੰਡੇ ਸਨ ਤੇ ਉਹ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਨ ਜਾਂਦੇ ਸਨ। ਇਹ ਮੁੰਡੇ ਇਕ ਦੂਜੇ ਦੇ ਹਾਣੀ ਹੋਣ ਕਰਕੇ ਇਕੱਠੇ ਖੇਲਦੇ ਅਤੇ ਖੇਲਦੇ-ਖੇਲਦੇ ਲੜ ਵੀ ਪੈਂਦੇ। ਕੰਤੋ ਦੇ ਮੁੰਡੇ ਤਗੜੇ ਤੇ ਲੜਾਕੇ ਸਨ, ਇਸ ਲਈ ਆਮ ਤੌਰ 'ਤੇ ਉਹ ਧੰਤੋ ਦੇ ਨਿਆਣਿਆਂ ਨੂੰ ਘਸੁੰਨ ਮੁੱਕੀ ਕਰਦੇ ਰਹਿੰਦੇ ਸਨ। ਪਹਿਲਾਂ ਤਾਂ ਧੰਤੋ ਚੁੱਪ ਰਹਿੰਦੀ ਪਰ ਬਾਅਦ ਵਿਚ ਉਹ ਕੰਤੋ ਦੇ ਨਿਆਣਿਆਂ ਨੂੰ ਝਿੜਕਣ ਲੱਗ ਪਈ ਤੇ ਬਾਅਦ ਵਿਚ ਕੁੱਟਣ ਵੀ ਲੱਗ ਪਈ। ਕੰਤੋ ਪਹਿਲਾਂ ਤਾਂ ਨਿਆਣਿਆਂ ਨੂੰ ਝਿੜਕ ਦਿੰਦੀ ਤੇ ਕਹਿੰਦੀ ਕਿ ਉਹ ਆਪਣੇ ਵੀਰਾਂ ਨੂੰ ਨਾ ਮਾਰਨ। ਪਰ ਜਦੋਂ ਧੰਤੀ ਨੇ ਉਹਦੇ ਨਿਆਣਿਆਂ ਨੂੰ ਕੁੱਟਿਆ ਤਾਂ ਉਸ ਕੋਲੋਂ ਸਹਾਰਿਆ ਨਹੀਂ ਸੀ ਜਾਂਦਾ। ਇਕ ਦਿਨ ਜਦੋਂ ਨਿਆਣਿਆਂ ਦੀ ਲੜਾਈ ਤੋਂ ਬਾਅਦ ਧੰਤੀ ਨੇ ਉਹਦੇ ਨਿਆਣਿਆਂ ਨੂੰ ਅੱਗੋਂ ਸਾਹਵਾਂ ਥਾਪੜਿਆਂ ਤਾਂ ਕੰਤੋ ਭੜਕ ਪਈ। ਉਸਨੇ ਆਪਣੇ ਮੁੰਡੇ ਨੂੰ ਰੋਂਦੇ ਵੇਖ ਕੇ ਧੰਤੋ ਨੂੰ ਬੁਰਾ ਭਲਾ ਆਖਿਆ। ਅੱਗੋਂ ਧੰਤੋ ਵੀ ਭੜਕ ਪਈ ਤੇ ਦੋਵੇਂ ਭਰੀਆਂ ਪੀਤੀਆਂ ਇਕ ਦੂਜੇ ਦੇ ਗਲ ਪੈ ਗਈਆਂ। ਉਨ੍ਹਾਂ ਦੀ ਸੱਸ ਨੇ ਛੁਡਾਇਆ। ਇਸ ਤਰ੍ਹਾਂ ਘਰ ਵਿਚ ਕਲੇ ਦਾ ਆਰੰਭ ਹੋ ਗਿਆ।

ਦੋਵਾਂ ਭਰਾਵਾਂ ਨੇ ਜਦ ਆਪਣੀਆਂ ਘਰਵਾਲੀਆਂ ਦੀ ਇਹ ਕਰਤੂਤ ਸੁਣੀ ਤਾਂ ਉਨ੍ਹਾਂ ਨੇ ਦੋਹਾਂ ਨੂੰ ਕੋਲ ਬਿਠਾ ਕੇ ਸਮਝਾਇਆ ਬੁਝਾਇਆ ਪਰ ਦੋਵੇਂ ਭੈਣਾਂ ਦਿਲੋਂ ਦੂਰ ਹੋ ਚੁੱਕੀਆਂ ਸਨ। ਇਕ ਦਿਨ ਪਿਆਰੇ ਨੇ ਫਿਰ ਉਨ੍ਹਾਂ ਦੀ ਲੜਾਈ ਦੀ ਖ਼ਬਰ ਆਪਣੀ ਮਾਂ ਤੋਂ ਸੁਣੀ

ਤਾਂ ਉਸਨੇ ਗ਼ੁੱਸੇ ਵਿਚ ਆ ਕੇ ਆਪਣੀ ਘਰਵਾਲੀ ਦੀ ਚੁੱਕਣਾ ਵਿਚ ਆ ਕੇ ਧੰਤੋ ਦੇ ਦੋ ਲਾ ਦਿੱਤੀਆਂ। ਉਸ ਦਿਨ ਸ਼ੰਗਾਰਾ ਚੁੱਪ ਰਿਹਾ ਪਰ ਦੋ-ਚਾਰ ਦਿਨ ਬਾਅਦ ਉਸਨੇ ਧੰਤੋ ਦੀ ਚੁੱਕਣਾ ਹੇਠ ਆ ਕੇ ਆਪਣੀ ਵੱਡੀ ਭਰਜਾਈ ਨੂੰ ਸਾਹਵੀਆਂ ਚਪੇੜਾਂ ਤੇ ਧੱਫੇ ਮਾਰੇ। ਇਸ ਨਾਲ ਘਰ ਵਿਚ ਕਲੇਸ਼ ਬਹੁਤ ਵਧ ਗਿਆ। ਘਰੋਂ ਦੋਵੇਂ ਭਰਾ ਵੱਖਰੇ-ਵੱਖਰੇ ਹੋ ਗਏ ਪਰ ਢਾਬੇ ਦਾ ਕਾਰੋਬਾਰ ਇਕੱਠਾ ਹੀ ਰਿਹਾ। ਦੋਵੇਂ ਭਰਾ ਵੀ ਆਪਸ ਵਿਚ ਵੱਟੇ-ਘੁੱਟੇ ਰਹਿੰਦੇ। ਇਕ ਦਿਨ ਪਤਾ ਲੱਗਾ ਕਿ ਉਹ ਢਾਬੇ ਵਿਚ ਹੀ ਕਿਸੇ ਨਿੱਕੇ ਜਿਹੇ ਬੋਲ-ਬੁਲਾਰੇ ਤੋਂ ਬਾਅਦ ਆਪਸ ਵਿਚ ਛਿਤਰੋ-ਛਿਤਰੀ ਹੋ ਪਏ ਸਨ। ਘਰ ਵਿਚ ਨਿੱਤ ਦੀ ਕਲੇ ਬਾਅਦ ਉਨ੍ਹਾਂ ਦੀ ਮਾਂ ਵਿਚਾਰੀ ਰੋਂਦੀ ਕੁਰਲਾਉਂਦੀ ਵਾਹਿਗੁਰੂ ਨੂੰ ਪਿਆਰੀ ਹੋ ਗਈ। ਹੌਲੀ-ਹੌਲੀ ਉਨ੍ਹਾਂ ਦਾ ਘਰ ਨਿੱਤ ਦੀ ਜੰਗ ਦਾ ਮੈਦਾਨ ਬਣ ਗਿਆ।

ਇਕ ਦਿਨ ਜਦੋਂ ਦੋਵੇਂ ਭਰਾ ਆਪਣੇ ਕਾਰੋਬਾਰ ਲਈ ਸ਼ਹਿਰ ਨੂੰ ਤੁਰੇ ਤਾਂ ਦੋਹਾਂ ਭੈਣਾਂ ਦੀ ਨਿਆਣਿਆਂ ਤੋਂ ਫਿਰ ਲੜਾਈ ਹੋ ਪਈ। ਦੋਹਾਂ ਨੇ ਇਕ ਦੂਜੀ ਦੀਆਂ ਗੁੱਤਾਂ ਫੜੀਆਂ ਹੋਈਆਂ ਸਨ ਤੇ ਮਣ-ਮਣ ਪੱਕੀਆਂ ਗਾਲ੍ਹਾਂ ਕੱਢਣ ਲੱਗੀਆਂ। ਗਵਾਂਢੀ ਉਨ੍ਹਾਂ ਨੂੰ ਰੋਜ਼ ਛੁਡਾ-ਛੁਡਾ ਕੇ ਥੱਕ ਚੁੱਕੇ ਸਨ ਇਸ ਲਈ ਉਹ ਵੀ ਪਰ੍ਹੇ ਖਲੋ ਕੇ ਇਹ ਜੰਗ ਵੇਖਦੇ ਰਹਿੰਦੇ ਤੇ ਮਨ ਵਿਚ ਖ਼ੁਸ਼ ਹੁੰਦੇ। ਜਦੋਂ ਉਨ੍ਹਾਂ ਨੂੰ ਕੋਈ ਗਵਾਂਢੀ ਆ ਕੇ ਛੁਡਾ ਦਿੰਦਾ ਤਾਂ ਵੇਖਣ ਵਾਲਿਆਂ ਨੂੰ ਬੜੀ ਮਾਯੂਸੀ ਹੁੰਦੀ। 'ਖੇਲ' ਖ਼ਤਮ ਹੋਣ ਤੋਂ ਬਾਅਦ ਉਹ ਹੱਸਦੇ-ਖੇਡਦੇ ਘਰਾਂ ਨੂੰ ਪਰਤਦੇ। ਕੰਤੋ ਤੇ ਧੰਤੋ ਦੋਵੇਂ ਢੀਠ ਹੋ ਗਈਆਂ ਸਨ ਤੇ ਉਨ੍ਹਾਂ ਨੂੰ ਕਿਸੇ ਦੀ ਸ਼ਰਮ ਹਯਾ ਨਹੀਂ ਸੀ। ਸਿਰ 'ਤੇ ਨਹੀਂ ਕੁੰਡਾ, ਹਾਥੀ ਫਿਰੇ ਲੁੰਡਾ।

ਕੁਝ ਅਰਸੇ ਬਾਅਦ ਇਕ ਢਾਬੇ ਤੋਂ ਲਾਗੇ-ਲਾਗੇ ਦੋ ਢਾਬੇ ਬਣ ਗਏ ਤੇ ਦੋਵਾਂ ਦਾ ਕੰਮ ਢਿੱਲਾ ਪੈ ਗਿਆ ਕਿਉਂਕਿ ਉਹ ਗਾਹਕਾਂ ਦੇ ਹੁੰਦਿਆਂ ਹੀ ਲੜ ਪੈਂਦੇ ਸਨ। ਇਸ ਲਈ ਸਾਊ ਗਾਹਕ ਉਥੇ ਜਾਣ ਤੋਂ ਝਿਜਕਣ ਲੱਗੇ। ਹੁਣ ਤਾਂ ਉਨ੍ਹਾਂ ਦੇ ਢਾਬੇ ਵੱਖਰੇ-ਵੱਖਰੇ ਸਨ। ਉਹ ਢਾਬੇ ਦੇ ਅੱਗੇ ਖਲੋ ਕੇ ਗਾਹਕਾਂ ਨੂੰ ਵਾਜਾਂ ਮਾਰ ਕੇ ਆਪਣੇ ਵੱਲ ਖਿੱਚਦੇ। ਇਸ ਤਰ੍ਹਾਂ ਜਦੋਂ ਇਕ ਦਾ ਗਾਹਕ ਦੂਜਾ ਖਿੱਚ ਲੈਂਦਾ ਤਾਂ ਕਸ਼ੀਦਗੀ ਹੋਰ ਵਧਣ ਲੱਗੀ। ਇਕ ਵਾਰੀ ਇਕ ਗਾਹਕ ਨੂੰ ਪਿਆਰਾ ਆਪਣੇ ਵੱਲ ਖਿੱਚ ਰਿਹਾ ਸੀ ਤੇ ਸ਼ੰਗਾਰੇ ਨੇ ਦੂਜੀ ਬਾਂਹ ਆਪਣੇ ਵੱਲ ਖਿੱਚਣੀ ਸ਼ੁਰੂ ਕਰ ਦਿੱਤੀ। ਗਾਹਕ ਪਹਿਲਾਂ ਤਾਂ ਹੱਸਦਾ ਰਿਹਾ ਪਰ ਬਾਅਦ ਵਿਚ ਉਹ ਗੁੱਸਾ ਖਾ ਗਿਆ। ਉਸਨੇ ਆਪਣੀਆਂ ਬਾਹਵਾਂ ਛੁਡਾ ਕੇ ਉਨ੍ਹਾਂ ਨੂੰ ਗਾਲ੍ਹਾਂ ਕੱਢਦਾ ਕਿਸੇ ਹੋਰ ਢਾਬੇ ਖਾਣਾ ਖਾਣ ਚਲਾ ਗਿਆ। ਉਹਦੇ ਜਾਣ ਬਾਅਦ ਦੋਵਾਂ ਭਰਾਵਾਂ ਦੀ ਜੰਮ ਕੇ ਲੜਾਈ ਹੋਈ। ਸ਼ੰਗਾਰੇ ਦਾ ਸਿਰ ਪਾਟ ਗਿਆ ਤੇ ਗੱਲ ਠਾਣੇ ਪਹੁੰਚ ਗਈ। ਪਿਆਰੇ ਵਿਰੁੱਧ ਕੇਸ ਦਰਜ ਹੋ ਗਿਆ ਤੇ ਮਾਮਲਾ ਕਚਹਿਰੀ ਤੱਕ ਪਹੁੰਚ ਗਿਆ।

ਜਦੋਂ ਪਿਆਰੇ ਦੀ ਘਰਵਾਲੀ ਨੇ ਇਸ ਕੇਸ ਬਾਰੇ ਸੁਣਿਆ ਤਾ ਉਸਨੇ ਗ਼ੁੱਸੇ ਵਿਚ ਆ ਕੇ ਇਕ ਦਿਨ ਸੁੱਤੀ ਪਈ ਧੰਤੀ ਨੂੰ ਜਾ ਦਬੋਚਿਆ। ਉਸਨੂੰ ਸੋਟੀਆਂ ਨਾਲ ਖ਼ੂਬ ਝੰਬਿਆ। ਧੰਤੀ ਨੇ ਉੱਠ ਕੇ ਮੁਕਾਬਲਾ ਤਾਂ ਕੀਤਾ ਪਰ ਲੋਕਾਂ ਨੇ ਰੌਲਾ ਸੁਣ ਕੇ ਛੱਡ-ਛੁਡਾਈ ਕਰਵਾ

ਦਿੱਤੀ ਪਰ ਧੰਤੋ ਦੀ ਹਾਲੇ ਤਹਿ ਨਹੀਂ ਸੀ ਬੱਝੀ। ਲੋਕੀ ਛੁਡਾ ਕੇ ਜਦੋਂ ਘਰੋ-ਘਰੀ ਪਹੁੰਚ ਗਏ ਤਾਂ ਮੌਕਾ ਤਾੜ ਕੇ ਧੰਤੋ ਨੇ ਕੰਤੋ ਨੂੰ ਘਰ ਜਾ ਕੇ ਫੜ ਲਿਆ। ਉਸਨੇ ਲੂਣ ਘੋਟਣੇ ਨਾਲ ਕੰਤੇ 'ਤੇ ਹਮਲਾ ਕੀਤਾ ਤੇ ਉਸਦਾ ਸਿਰ ਪਾੜ ਦਿੱਤਾ। ਗੱਲ ਫਿਰ ਠਾਣੇ ਪਹੁੰਚੀ ਤੇ ਐਦਕੀਂ ਧੰਤੋ ਵਿਰੁੱਧ ਪਰਚਾ ਹੋ ਗਿਆ। ਪੁਲਿਸ ਉਸਨੂੰ ਫੜ ਕੇ ਲੈ ਗਈ। ਸ਼ੰਗਾਰੇ ਨੇ ਬੜਾ ਜ਼ੋਰ ਲਾਇਆ ਕਿ ਪਰਚਾ ਕੈਂਸਲ ਹੋ ਜਾਏ ਪਰ ਪੁਲਿਸ ਨੂੰ ਪੂਰਾ ਮਾਲ ਚੜ੍ਹਿਆ ਹੋਣ ਕਰਕੇ ਸ਼ੰਗਾਰੇ ਦੀ ਕੋਈ ਪੇਸ਼ ਨਾ ਗਈ। ਰੋਜ਼ ਦੀਆਂ ਪੇਸ਼ੀਆਂ ਤੇ ਤਰੀਕਾਂ ਨੇ ਦੋਹਾਂ ਘਰਾਂ ਨੂੰ ਡਾਹਢਾ ਪ੍ਰੇਸ਼ਾਨ ਕੀਤਾ।

ਦੋਵੇਂ ਪ੍ਰੇਸ਼ਾਨ ਬਹੁਤ ਭਰੇ ਪੀਤੇ ਫਿਰਦੇ ਸਨ। ਸ਼ਰੀਕ ਤੇ ਗਵਾਂਢੀ ਇਸ ਲੜਾਈ ਨੂੰ ਚਾਲੂ ਰੱਖਣਾ ਚਾਹੁੰਦੇ ਸਨ। ਜਦੋਂ ਵੀ ਕੋਈ ਸਮਝੌਤੇ ਦੀ ਗੱਲ ਚੱਲਦੀ ਤਾਂ ਉਹ ਵਿਚ ਭਾਨੀ ਮਾਰ ਦੇਂਦੇ ਤੇ ਗੱਲ ਉਥੇ ਹੀ ਧਰੀ ਧਰਾਈ ਰਹਿ ਜਾਂਦੀ। ਇਸ ਤਰ੍ਹਾਂ ਦੋਵੇਂ ਪਰਿਵਾਰ ਉਜੜ ਕਿਨਾਰੇ ਪਹੁੰਚ ਗਏ। ਘਰ ਤੇ ਢਾਬੇ ਖ਼ਾਲੀ ਹੋ ਗਏ। ਘਰ ਵਿਚ ਭੰਗ ਭੁੱਜਣ ਲੱਗੀ ਸੀ। ਜਿਸ ਘਰ ਵਿਚ ਭੈਣਾਂ ਤੇ ਭਰਾਵਾਂ ਵਿਚ ਸੂਈ ਵੀ ਨਹੀਂ ਖੁਭਦੀ, ਅੱਜ ਇਹ ਘਰ ਸ਼ਰੇਆਮ ਲੜਾਈ ਦਾ ਮੈਦਾਨ ਬਣ ਗਿਆ। ਪਿਆਰੇ ਦਾ ਤਾਇਆ ਸਿੰਘਾਪੁਰ ਰਹਿੰਦਾ ਸੀ। ਉਹ ਇਹ ਲੜਾਈ ਸੁਣ ਕੇ ਦੁਖੀ ਹੋਇਆ ਤੇ ਉਸਨੇ ਪਿੰਡ ਆ ਕੇ ਦੋਵਾਂ ਭਰਾਵਾਂ ਨੂੰ ਇਕੱਠਿਆਂ ਕੀਤਾ ਤੇ ਦੋਵਾਂ ਦੀ ਚੰਗੀ ਤੇਲ ਝਾੜ ਕੀਤੀ। ਉਸਨੇ ਆਖਿਆ—'ਕੁੱਤਿਓ, ਤੁਸੀਂ ਸਾਡੇ ਖਾਨਦਾਨ ਦੇ ਪੱਲੇ ਫੱਕਾ ਨਹੀਂ ਛੱਡਿਆ। ਅਸੀਂ ਕਿਤੇ ਖਲੋਣ ਜੋਗੇ ਨਹੀਂ ਰਹੇ। ਬੰਦੇ ਬਣ ਕੇ ਇਕੱਠੇ ਹੋ ਜਾਓ ਨਹੀਂ ਤਾਂ ਮੈਂ ਫਾਹਾ ਲੈ ਕੇ ਮਰ ਜਾਣਾ ਏ।' ਇਹ ਸੁਣ ਕੇ ਉਨ੍ਹਾਂ ਦੀ ਅਧਮੋਈ ਆਤਮਾ ਨੇ ਅੰਗੜਾਈ ਲਈ। ਤਾਏ ਨੇ ਉਨ੍ਹਾਂ ਨੂੰ ਅਦਾਲਤੇ ਖੜਿਆ ਤੇ ਸਮਝੌਤੇ ਦੇ ਕਾਗ਼ਜ਼ ਬਣਾ ਕੇ ਪੇਸ਼ ਕੀਤੇ। ਬਾਅਦ ਵਿਚ ਉਨ੍ਹਾਂ ਨੂੰ ਘਰੋਂ ਇਕ ਕਰਵਾ ਦਿੱਤਾ ਤੇ ਢਾਬੇ ਦਾ ਵੀ ਕੰਮ ਸਾਂਝਾ ਚੱਲਣ ਲੱਗਾ।

ਪਿਆਰੇ ਨਾਲ ਤਾਏ ਦਾ ਬਹੁਤ ਪਿਆਰ ਸੀ। ਉਹ ਤਾਏ ਦੇ ਗਲ ਲੱਗ ਕੇ ਰੋਇਆ ਤੇ ਉਹਨੂੰ ਵੇਖ ਕੇ ਸ਼ੰਗਾਰਾ ਵੀ ਵੱਡੇ ਭਰਾ ਦੇ ਗਲ ਲੱਗ ਕੇ ਰੋਇਆ। ਉਨ੍ਹਾਂ ਨੇ ਆਪਣੀਆਂ ਘਰਵਾਲੀਆਂ ਨੂੰ ਵੀ ਫਿੱਟ ਤੋਏ ਕੀਤੀ ਤੇ ਉਹ ਵੀ ਸਲੂਕ ਨਾਲ ਵੱਸਣ ਲੱਗੀਆਂ। ਤਾਇਆ, ਪਿਆਰੇ ਤੇ ਕੰਤੋ ਨੂੰ ਜਾਂਦੀ ਵਾਰ ਸਿੰਘਾਪੁਰ ਲੈ ਗਿਆ, ਜਿਥੇ ਉਸਦਾ ਠੇਕੇਦਾਰੀ ਦਾ ਧੰਦਾ ਸੀ। ਸ਼ੰਗਾਰੇ ਤੇ ਧੰਤੀ ਨੇ ਚਾਈਂ-ਚਾਈਂ ਭਰਾ ਨੂੰ ਸਿੰਘਾਪੁਰ ਤੋਰਿਆ। ਬਾਅਦ ਵਿਚ ਭਰਾਵਾਂ ਦੇ ਢਾਬੇ ਨੂੰ ਸ਼ੰਗਾਰਾ ਇਕੱਲਾ ਚਲਾਉਣ ਲੱਗਾ। ਪਿਆਰੇ ਨੇ ਸਿੰਘਾਪੁਰੋਂ ਕੁਝ ਪੈਸੇ ਭੇਜੇ, ਜਿਸ ਨਾਲ ਢਾਬੇ ਦਾ ਕਾਰੋਬਾਰ ਪਹਿਲੇ ਜਲੌਅ ਵਿਚ ਹੌਲੀ-ਹੌਲੀ ਆ ਗਿਆ। ਢਾਬੇ ਦਾ ਨਾਮ ਹੁਣ ਸਿੰਘਾਪੁਰੀਆਂ ਦਾ ਢਾਬਾ ਪੈ ਗਿਆ ਸੀ।

ਸ਼ਰੀਕਾਂ ਅਤੇ ਗਵਾਂਢੀਆਂ ਨੂੰ ਇਸ ਸਮਝੌਤੇ ਨਾਲ ਬੜਾ ਧੱਕਾ ਲੱਗਾ। ਉਨ੍ਹਾਂ ਦੀ ਨਿੱਤ ਦੀ 'ਰੌਣਕ' ਗ਼ਾਇਬ ਹੋ ਗਈ ਤੇ ਪਿੰਡ ਦੇ ਵਿਹਲੜਾਂ ਦਾ ਜੋ ਕਿ ਦੋਹਾਂ ਭਰਾਵਾਂ ਨੂੰ ਇਕ ਦੂਜੇ ਵਿਰੁੱਧ ਚੁੱਕ ਕੇ ਖਾਂਦੇ-ਪੀਂਦੇ ਸਨ, ਉਹ ਸਾਰਾ ਦਾਦੂ ਪੰਥੀਆਂ ਦਾ ਡੇਰਾ ਉਨ੍ਹਾਂ ਲਈ

ਉਜੜ ਗਿਆ। ਤਿੰਨ ਸਾਲ ਬਾਅਦ ਅੱਜ ਪਿਆਰੇ ਨੇ ਵਾਪਸ ਪਿੰਡ ਪਰਤਣਾ ਸੀ। ਸ਼ੰਗਾਰੇ ਨੇ ਉਸਦੇ ਆਉ ਭਗਤ ਲਈ ਵਾਜੇ ਵਾਲੇ ਸੱਦੇ ਸਨ ਤੇ ਘਰ ਵਿਚ ਹਲਵਾਈ ਲਾਇਆ ਹੋਇਆ ਸੀ। ਪਿੰਡ ਵਾਲੇ ਪਿਆਰੇ ਨੂੰ ਵਾਜਿਆਂ ਪਿੱਛੇ-ਪਿੱਛੇ ਘਰ ਵੜਦਿਆਂ ਮੂੰਹ ਵਿਚ ਉਂਗਲਾਂ ਪਾ ਰਹੇ ਸਨ। ਉਹਨਾਂ ਦੇ ਸਾਹਵੇਂ ਉਨ੍ਹਾਂ ਦੀਆਂ ਉਮੀਦਾਂ ਉਪਰ ਪਾਣੀ ਫਿਰ ਰਿਹਾ ਸੀ। ਮੁਫ਼ਤ ਦਾ ਮਨੋਰੰਜਨ ਉਨ੍ਹਾਂ ਕੋਲੋਂ ਸਦਾ ਲਈ ਖੁੱਸ ਗਿਆ ਸੀ। ਭਰਾਵਾਂ ਦਾ ਇਤਫ਼ਾਕ ਉਨ੍ਹਾਂ ਨੂੰ ਜਚ ਨਹੀਂ ਸੀ ਰਿਹਾ। ਸ਼ਰੀਕਾਂ ਦੀ ਮਾਂ ਮਰ ਗਈ ਸੀ।

• •



ਬਲਵਿੰਦਰ ਸਿੰਘ ਫ਼ਤਹਿਪੁਰੀ

ਮੈਂ ਆਪ ਦੀ ਪੁਸਤਕ 'ਮਜਾਜਣਾਂ ਮੇਰੇ ਪਿੰਡ ਦੀਆਂ' ਬੜੇ ਸ਼ੌਕ ਤੇ ਤੀਬਰਤਾ ਨਾਲ ਪੜ੍ਹੀ ਹੈ। ਸ਼ਬਦ ਚਿਤਰਾਂ ਦੀਆਂ ਆਪ ਦੀਆਂ ਪਹਿਲੀਆਂ ਪੁਸਤਕਾਂ 'ਮੇਰੇ ਪਿੰਡ ਦੇ ਭੱਦਰ ਪੁਰਸ਼' ਤੇ 'ਮੇਰੇ ਪਿੰਡ ਦਾ ਸ਼ੁਗਲਸਤਾਨ' ਵੀ ਪੜ੍ਹੀਆਂ ਹਨ। [illegible] ਪ੍ਰਭਾਵਿਤ ਹੋਇਆ ਹਾਂ ਕਿ ਆਪ ਦਾ ਵਿਸ਼ਾ ਪੰਜਾਬੀ ਵਾਰਤਕ ਵਿਚ ਅਸਲੋ [illegible] ਤੇ ਸ਼ੈਲੀ ਵੀ ਵਿਲੱਖਣ ਹੈ। ਆਪ ਤੋਂ ਪਹਿਲਾਂ ਕਿਸੇ ਲੇਖਕ ਨੇ ਪੇਂਡੂ ਜੀਵਨ [illegible] ਤਰਿਆ ਤੇ ਬਿਆਨਿਆਂ ਜਿਵੇਂ ਕਿ ਆਪ ਨੇ। ਬੜੀ ਸਿੱਧੀ ਸਹਿਜ ਮਈਲ [illegible] ਇਸ ਨਵੇਂ ਅਪਣਾਏ ਵਿਸ਼ੇ ਨੂੰ ਬੜੀ ਰੌਚਕਤਾ ਤੇ ਸਫ਼ਲਤਾ ਨਾਲ ਨਿਭਾਇਆ ਹੈ। ਇਸ ਨਵੀਂ ਅਦਬੀ ਵਿਧਾ ਲਈ ਆਪ ਜੀ ਨੂੰ ਮੁਬਾਰਕਾਂ ਭੇਜਦਾ ਹਾਂ।

ਜਸਵੰਤ ਸਿੰਘ ਵਿਰਦੀ

ਲੋਕ ਸਾਹਿਤ ਪ੍ਰਕਾਸ਼ਨ
ਅੰਮ੍ਰਿਤਸਰ

ISBN 81-7168-047-X
9 788171 680474